May- June 2013

TARKSHEEL

ਮਈ-ਜੂਨ 2013

ਤਰਕਸ਼ੀਲ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼



20/-

DESIGN: SWARNJIT SAVI

ਅੰਦਰ ਪੜ੍ਹੋ:

ਬ੍ਰਹਿਮੰਡ ਯਾਤਰਾ

ਮਨੁੱਖੀ ਸਖਸ਼ੀਅਤ ਦਾ ਸੱਚ

ਮਨੋਰੋਗ ਮਾਹਿਰ ਦੀ ਕਲਮ ਤੋਂ

ਜਦੋਂ 'ਭੂਤ' ਨੇ ਫੋਨ ਤੇ ਕੀਤਾ ਤਰਕਸ਼ੀਲਾਂ ਦਾ ਧੰਨਵਾਦ

ਮੈਂ ਤਰਕਸ਼ੀਲ ਕਿਵੇਂ ਬਣਿਆ

ਭੱਜੋ ਨਾ ਦੁਨੀਆਂ ਨੂੰ ਬਦਲੋ

ਅਗਿਆਨਤਾ ਉਹ ਜ਼ਮੀਨ ਹੈ ਜਿਸ ਵਿੱਚ ਕਰਾਮਾਤਾਂ ਲਈ ਯਕੀਨ ਉੱਗਦਾ ਹੈ - ਇੰਗਰਸੋਲ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੇ 20-21 ਅਪ੍ਰੈਲ ਨੂੰ ਹੋਏ ਇਜਲਾਸ ਦੌਰਾਨ ਚੁਣੇ ਗਏ ਵੱਖ ਵੱਖ ਵਿਭਾਗਾਂ ਦੇ ਮੁਖੀ

ਜਥੇਬੰਦਕ ਵਿਭਾਗ:
ਰਜਿੰਦਰ ਭਦੌੜ (98728-74620)

ਵਿੱਤ ਵਿਭਾਗ:
ਹੇਮ ਰਾਜ ਸਟੈਨੋ (98769-53561)

ਕੌਮੀ ਅਤੇ ਕੌਮਾਂਤਰੀ ਤਾਲਮੇਲ ਵਿਭਾਗ :
ਬਲਵਿੰਦਰ ਬਰਨਾਲਾ (98147-32122)

ਸਾਹਿਤ ਵਿਭਾਗ :
ਭੂਰਾ ਸਿੰਘ ਮਹਿਮਾ ਸਰਜਾ (98761-14445)

ਮੈਗਜ਼ੀਨ ਵਿਭਾਗ :
ਬਲਬੀਰ ਲੌਂਗੋਵਾਲ (98153-17028)

ਮੀਡੀਆ ਵਿਭਾਗ :
ਰਾਮ ਸਵਰਨ ਲੱਖੇਵਾਲੀ (95010-06626)

ਪ੍ਰਿੰਟਿੰਗ ਵਿਭਾਗ :
ਸੁਖਵਿੰਦਰ ਬਾਗਪੁਰ (94174-27538)

ਮਾਨਸਿਕ ਸਿਹਤ ਚੇਤਨਾ ਵਿਭਾਗ :
ਚੰਨਣ ਵਾਂਦਰ (80542-80051)

ਸੱਭਿਆਚਾਰ ਵਿਭਾਗ :
ਸੁਖਦੇਵ ਫਗਵਾੜਾ (99159-60380)

ਕਾਨੂੰਨ ਵਿਭਾਗ :
ਹਰਿੰਦਰ ਲਾਲੀ (97792-11000)

ਈਸ਼ਵਰਵਾਦ ਮਨੁੱਖਾਂ ਨੂੰ ਰੱਬ ਨਾਲ ਪਿਆਰ ਕਰਨਾ ਸਿਖਾਉਂਦਾ ਹੈ, ਏਨਾ ਜਿਆਦਾ ਪਿਆਰ ਕਿ ਉਹ ਉਨ੍ਹਾਂ ਲੋਕਾਂ ਨੂੰ ਨਫਰਤ ਕਰਨ ਲੱਗ ਪੈਂਦੇ ਹਨ ਜਿਹੜੇ ਇਸ ਨਾ ਮੰਨਣ ਯੋਗ ਸਿਧਾਂਤ ਨੂੰ ਨਹੀਂ ਮੰਨ ਸਕਦੇ-ਲਾਲ ਹਰਦਿਆਲ

ਮੁੱਖ ਸੰਪਾਦਕ

ਬਲਬੀਰ ਲੌਂਗੋਵਾਲ
98153-17028
longowalbalbir@gmail.com

ਸੰਪਾਦਕੀ ਮੰਡਲ

ਰਾਮ ਸਵਰਨ ਲੱਖੇਵਾਲੀ
94173-62085
ramswarn@gmail.com

ਸੁਖਵਿੰਦਰ ਬਾਗਪੁਰ
94174-27538
taraksheel@yahoo.co.in

ਵਿਜੈ ਬੰਬੇਲੀ
94634-39075
vijaybombeli@yahoo.com

ਜਸਵੰਤ ਮੋਹਾਲੀ
98555-30721
jaswant_mohali@rediffmail.com

ਜਸਵੀਰ ਮੋਰੋ 94172-62838
moron.jasvir@yahoo.com

-: ਮੁੱਖ ਪ੍ਰਬੰਧਕ :-
ਜਸਵੰਤ ਜੀਰਖ, 98151-69825

ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)
ਮਾ. ਭਜਨ ਸਿੰਘ ਕੈਨੇਡਾ

ਚੰਦਾ
ਸਲਾਨਾ : 100/- ਰੁਪਏ
ਵਿਦੇਸ਼ : 25 ਯੂ.ਐਸ. ਡਾਲਰ

ਚੰਦੇ ਤੇ ਸਹਾਇਤਾ ਦੇ ਚੈਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਸਰਵਰਕ : ਸਵਰਨਜੀਤ ਸਵੀ
98766-68999

ਕੰਪੋਜ਼ਿੰਗ: ਨੀਰਜ ਕੁਮਾਰ 8427755241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਮਹਾਨ ਚਿੰਤਕ ਕਾਰਲ ਮਾਰਕਸ ਨੇ ਕਿਹਾ ਹੈ : ਦਲੇਰ, ਸੁਤੰਤਰ ਮਨ ਦਾਰਸ਼ਨਿਕ ਖ਼ੋਜ ਪੜਤਾਲ ਦੀ ਪਹਿਲੀ ਲੋੜ ਹੈ। ਤੁਸੀਂ ਨਵੇਂ ਮਹਾਂਸਾਗਰਾਂ ਦੀ ਖ਼ੋਜ ਉਦੋਂ ਤੱਕ ਨਹੀਂ ਕਰ ਸਕਦੇ ਜਦੋਂ ਤੱਕ ਤੁਹਾਡੇ ਵਿੱਚ ਕਿਨਾਰਿਆਂ ਨੂੰ ਅੱਖੋਂ ਓਹਲੇ ਕਰਨ ਦੀ ਹਿੰਮਤ ਨਾ ਹੋਵੇ। ਵਿਰੋਧ ਵਿੱਚੋਂ ਵਿਕਾਸ ਜਨਮ ਲੈਂਦਾ ਹੈ। ਵਿਰੋਧ ਦਾ ਵਿਚਾਰਧਾਰਕ, ਸਿਧਾਂਤਕ ਆਧਾਰ ਹੋਣਾ ਅਤਿ-ਜਰੂਰੀ ਹੈ। ਜੇਕਰ ਆਲੋਚਨਾ ਅਤੇ ਵਿਰੋਧ ਦੀ ਧਾਰਾ ਦਾ ਵਿਚਾਰਧਾਰਕ ਅਧਾਰ ਕਮਜ਼ੋਰ ਹੈ ਅਤੇ ਉਸ ਤੇ ਮੁੜ ਵਿਚਾਰ ਦੇ ਯਤਨ ਨਹੀਂ ਕੀਤੇ ਜਾਂਦੇ, ਤਾਂ ਉਸਦੇ ਵਿਗਿਆਨਕ ਸਿੱਟੇ ਨਹੀਂ ਨਿਕਲ ਸਕਦੇ, ਵਿਚਾਰ ਵਿਹੂਣੇ ਵਿਅੰਗ ਤਾਂ ਘਟਿਤ ਹੋ ਸਕਦੇ ਹਨ। ਵਿਗਿਆਨ ਅਤੇ ਦਰਸ਼ਨ ਦਾ ਮੂਲ ਹੈ ਕਿ ਚੀਜਾਂ ਦੀ ਅਸਲੀ ਪਛਾਣ ਲਈ ਹੋਰ ਚੀਜਾਂ ਨਾਲ ਉਹਨਾਂ ਦੇ ਰਿਸ਼ਤਿਆਂ ਦੀ, ਉਹਨਾਂ ਦੇ ਅੰਤਰ ਸੰਬੰਧਾਂ ਦੀ ਪਛਾਣ ਪੜਤਾਲ ਕੀਤੀ ਜਾਵੇ। ਭਾਵ ਆਲੋਚਨਾ ਲਈ ਵਿਗਿਆਨਕ ਆਧਾਰਾਂ ਦਾ ਹੋਣਾ ਅਤਿ ਜਰੂਰੀ ਹੈ, ਫਿਰ ਹੀ ਉਸ ਵਿੱਚੋਂ ਕੁੱਝ ਸਿਰਜਨਾਤਮਕ ਕੱਢਿਆ ਜਾ ਸਕਦਾ ਹੈ। ਚਿੰਤਨ ਦਾ ਸਮਾਜਕ ਤਬਦੀਲੀ ਵਿੱਚ ਅਹਿਮ ਰੋਲ ਹੈ। ਜੇਕਰ ਅਸੀਂ ਇਸ ਗਲੇ ਸੜੇ ਪ੍ਰਬੰਧ ਨੂੰ ਤਬਦੀਲ ਕਰਕੇ, ਨਰੋਆ, ਲੋਕਪੱਖੀ-ਸਮਾਨਤਾ ਤੇ ਆਧਾਰਿਤ ਵਿਗਿਆਨਕ ਸਮਾਜ ਸਿਰਜਣਾ ਚਾਹੁੰਦੇ ਹਾਂ ਤਾਂ ਜਿਹਨ ਵਿੱਚ ਰੱਖਣਾ ਪਵੇਗਾ ਕਿ ਇਸ ਮੰਜ਼ਿਲ ਤੱਕ ਕੋਈ ਸ਼ਾਹੀ ਸੜਕ ਨਹੀਂ ਜਾਂਦੀ ਅਤੇ ਕੇਵਲ ਉਹਨਾਂ ਲੋਕਾਂ ਨੂੰ ਹੀ ਜਿਹੜੇ ਇਸ ਦੇ ਢਲਵਾਨ ਪਹਾੜੀ ਮਾਰਗਾਂ ਦੀ ਥਕਾ ਮਾਰਨ ਵਾਲੀ ਚੜ੍ਹਾਈ ਤੋਂ ਨਹੀਂ ਡਰਦੇ, ਇਸ ਦੀਆਂ ਉਜਲੀਆਂ ਸਿਖਰਾਂ ਤੱਕ ਪਹੁੰਚਣ ਦਾ ਮੌਕਾ ਮਿਲਦਾ ਹੈ। ਦੁਨੀਆਂ ਵਿੱਚ ਸਿੱਧੇ ਰਾਹ ਕਿਤੇ ਵੀ ਨਹੀਂ ਹਨ, ਸਾਨੂੰ ਉੱਭੜ-ਖਾਬੜ੍ਹ ਰਾਹਾਂ ਤੇ ਚੱਲਣ ਲਈ ਸਦਾ ਤਿਆਰ ਰਹਿਣਾ ਚਾਹੀਦਾ ਹੈ। ਅਜਿਹੇ ਸਮਾਜ ਦੀ ਸਿਰਜਣਾ ਲਈ ਸਾਨੂੰ ਲਾਜ਼ਮੀ ਤੌਰ ਤੇ ਮਾਨਸਿਕ ਗੁਲਾਮੀ ਦੇ ਜੂਲੇ ਨੂੰ ਉਤਾਰ ਕੇ, ਚਾਹੇ ਉਹ ਕਿਸੇ ਵੀ ਰੂਪ ਵਿੱਚ ਹੋਵੇ, ਵਗਾਹ ਮਾਰ ਕੇ ਤਰਕਸ਼ੀਲ ਸੋਚ ਅਪਨਾਉਣੀ ਪਵੇਗੀ ਅਤੇ ਹਰ ਚੀਜ਼ ਦੀ ਤਹਿ ਤੱਕ ਜਾਣ ਦੀ ਰੁਚੀ ਵਿਕਸਤ ਕਰਨੀ ਪਵੇਗੀ।

ਪ੍ਰੈਸ ਦੀ ਆਜ਼ਾਦੀ

ਹੇਮ ਰਾਜ ਸਟੈਨੋ



3 ਮਈ ਨੂੰ ਸੰਸਾਰ ਪ੍ਰੈਸ ਆਜ਼ਾਦੀ ਦਿਵਸ ਹੈ। ਬੋਲਣ ਅਤੇ ਪ੍ਰਕਾਸ਼ਿਤ ਕਰਕੇ ਵਿਚਾਰਾਂ ਦੇ ਪ੍ਰਗਟਾਵਿਆਂ ਨੂੰ ਇਸੇ ਦਰਜੇ ਵਿੱਚ ਗਿਣਿਆ ਜਾਂਦਾ ਹੈ। ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਅਤੇ ਹੋਰ ਵੱਖੋ ਵੱਖਰੀਆਂ ਜਥੇਬੰਦੀਆਂ ਵੱਲੋਂ ਇਹ ਦਿਵਸ ਮਨਾਇਆ ਜਾਣਾ ਹੈ। ਪਹਿਲਾਂ ਪ੍ਰੈਸ ਦੀ ਆਜ਼ਾਦੀ ਦੇ ਇਤਿਹਾਸ 'ਤੇ ਸੰਖੇਪ ਤੇ ਸਰਸਰੀ ਨਜ਼ਰ ਮਾਰਦੇ ਹਾਂ।

ਸਭ ਤੋਂ ਪਹਿਲਾਂ ਸੰਨ 1766 ਵਿੱਚ ਸਵੀਡਨ ਅਤੇ ਫਿਨਲੈਂਡ ਵਿੱਚ ਪ੍ਰੈਸ ਦੀ ਆਜ਼ਾਦੀ ਦਾ ਕਾਨੂੰਨ ਪਾਸ ਕੀਤਾ ਗਿਆ। ਇੰਗਲੈਂਡ ਵਿੱਚ 1688 ਵਿੱਚ ਸਰਮਾਏਦਾਰੀ ਨੇ ਜਗੀਰੂ ਰਾਜ ਖਤਮ ਕੀਤਾ। ਇਸਨੂੰ ਸਰਮਾਏਦਾਰਾਨਾ ਇਨਕਲਾਬ ਕਿਹਾ ਜਾਂਦਾ ਹੈ। ਉਦੋਂ ਸਰਮਾਏਦਾਰੀ ਨੇ ਉੱਥੇ ਪਾਰਲੀਮਾਨੀ ਪ੍ਰਬੰਧ ਸਥਾਪਤ ਕੀਤਾ। ਪਾਰਲੀਮਾਨੀ ਪ੍ਰਬੰਧ ਲਈ ਇਹ ਲੋੜ ਬਣ ਜਾਂਦੀ ਹੈ ਕਿ ਵੱਖੋ-ਵੱਖਰੀਆਂ ਸਿਆਸੀ ਪਾਰਟੀਆਂ ਲਈ ਆਪਣੇ ਵਿਚਾਰ ਬੋਲਕੇ ਅਤੇ ਲਿਖਕੇ ਪ੍ਰਗਟ ਕਰਨ ਦੀ ਖੁੱਲ੍ਹ ਹੋਵੇ। ਇਸ ਲਈ ਉੱਥੇ ਵੀ ਪ੍ਰੈਸ ਦੀ ਆਜ਼ਾਦੀ ਦੀ ਗੱਲ ਸਾਹਮਣੇ ਲਿਆਂਦੀ ਗਈ।

ਅੱਜ ਕੱਲ ਸੰਸਾਰ ਅੰਦਰ ਮਨੁੱਖੀ ਅਧਿਕਾਰਾਂ ਦੇ ਸਬੰਧ 'ਚ ਇੱਕ ਸਰਵ-ਵਿਆਪਕ ਐਲਾਨਨਾਮਾ ਬਣਿਆ ਹੋਇਆ ਹੈ ਜਿਹੜਾ ਕਹਿੰਦਾ ਹੈ ਕਿ "ਹਰ ਇੱਕ ਨੂੰ ਆਜ਼ਾਦ ਰਾਏ ਰੱਖਣ ਅਤੇ ਪ੍ਰਗਟ ਕਰਨ ਦਾ ਅਧਿਕਾਰ ਹੈ; ਇਸ ਰਾਇ ਵਿੱਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ ਅਤੇ ਹਰ ਵਿਅਕਤੀ ਨੂੰ ਸੂਚਨਾ ਅਤੇ ਆਪਣੇ ਵਿਚਾਰ ਕਿਸੇ ਵੀ ਕਿਸਮ ਦੇ ਮੀਡੀਆ ਰਾਹੀਂ ਅਤੇ ਮੁਲਕਾਂ ਦੀਆਂ ਹੱਦਾਂ ਤੋਂ ਪਰ੍ਹੇ ਵੀ ਪ੍ਰਗਟ ਕਰਨ (ਪ੍ਰਚਾਰਨ-ਪ੍ਰਸਾਰਨ) ਦਾ ਅਧਿਕਾਰ ਹੈ।"

ਸਾਡੇ ਦੇਸ਼ ਅੰਦਰ ਭਾਵੇਂ ਪ੍ਰੈਸ ਦੀ ਆਜ਼ਾਦੀ ਦਾ ਕੋਈ ਵੱਖਰਾ ਕਾਨੂੰਨ ਤਾਂ ਨਹੀਂ ਬਣਿਆ ਹੋਇਆ ਪਰ ਭਾਰਤੀ ਸੰਵਿਧਾਨ ਦੇ ਆਰਟੀਕਲ 19(1)(ਏ) ਵਿੱਚ "ਬੋਲਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ" ਦਰਜ ਕੀਤਾ ਗਿਆ ਹੈ। ਭਾਵੇਂ ਇਹ ਦਰਜ ਤਾਂ ਕੀਤਾ ਗਿਆ ਹੈ ਪਰ ਨਾਲ ਦੀ ਨਾਲ ਕਿਸੇ ਵੀ ਵੇਲੇ ਇਹ ਅਧਿਕਾਰ ਖਤਮ ਕਰ ਦੇਣ ਦੀਆਂ ਹਕੂਮਤ ਕੋਲ ਕਾਨੂੰਨੀ ਤਾਕਤਾਂ ਹਨ।

ਜਿਵੇਂ "ਦੇਸ਼ ਦੀ ਖੁਦਮੁਖਤਿਆਰੀ ਅਤੇ ਅਖੰਡਤਾ ਨੂੰ ਧਿਆਨ 'ਚ ਰੱਖਦੇ ਹੋਏ, ਦੂਸਰੀਆਂ ਹਕੂਮਤਾਂ ਨਾਲ ਦੋਸਤਾਨਾ ਰਿਸ਼ਤੇ ਨੂੰ ਧਿਆਨ 'ਚ ਰੱਖਦੇ ਹੋਏ, ਜਨਤਕ ਪ੍ਰਬੰਧ, ਸ਼ਾਲੀਨਤਾ ਨੂੰ ਕਾਇਮ ਰੱਖਣ, ਇਖਲਾਕ ਨੂੰ ਕਾਇਮ ਰੱਖਣ, ਨਫਰਤ ਫੈਲਾਉਣ, ਅਦਾਲਤ ਦੀ ਮਾਨ ਹਾਨੀ, ਕਿਸੇ ਦਾ ਨਿਰਾਦਰ ਕਰਨ, ਜਾਂ ਕਿਸੇ ਨੂੰ ਜੁਰਮ ਕਰਨ ਲਈ ਉਕਸਾਉਣ" ਨੂੰ ਧਿਆਨ 'ਚ ਰੱਖਦੇ ਹੋਏ ਪ੍ਰੈਸ 'ਤੇ ਪਾਬੰਦੀ ਲਗਾਕੇ ਹਕੂਮਤ ਉਸਦੀ ਆਜ਼ਾਦੀ ਛਾਂਗ ਸਕਦੀ ਹੈ। ਇਸ ਲਈ ਸਾਡੀ ਹਕੂਮਤ ਨੇ ਸਰਕਾਰੀ ਗੁਪਤ ਐਕਟ ਅਤੇ ਪੋਟਾ ਵਰਗੇ ਕਾਨੂੰਨ ਵੀ ਬਣਾਏ ਹਨ। ਪੋਟਾ ਭਾਵੇਂ ਸੰਨ 2006 'ਚ ਖਤਮ ਕਰ ਦਿੱਤਾ ਗਿਆ ਹੈ ਪਰ ਸਰਕਾਰੀ ਗੁਪਤ ਐਕਟ (Official Secrets Act) ਅਜੇ ਵੀ ਕਾਇਮ ਰੱਖਿਆ ਗਿਆ ਹੈ।

ਜਿੱਥੇ 1933 'ਚ ਜਰਮਨੀ ਦੇ ਹਿਟਲਰ ਨੇ ਆਪਣੇ ਦੇਸ਼ ਜਰਮਨੀ ਅੰਦਰ ਪ੍ਰੈਸ ਦੀ ਆਜ਼ਾਦੀ ਨੂੰ ਮੁਕੰਮਲ ਤੌਰ 'ਤੇ ਛਾਂਗ ਦਿੱਤਾ ਸੀ ਉੱਥੇ ਸਾਡੇ ਦੇਸ਼ ਅੰਦਰ ਵੀ ਸੰਨ 1975 'ਚ ਇੰਦਰਾ ਗਾਂਧੀ ਦੀ ਹਕੂਮਤ ਨੇ ਐਮਰਜੈਂਸੀ ਲਾ ਕੇ ਸਾਰੀ ਪ੍ਰੈਸ 'ਤੇ ਸੈਂਸਰਸ਼ਿੱਪ ਲਗਾ ਦਿੱਤੀ ਸੀ।

ਪ੍ਰੈਸ ਕਿਸੇ ਵੀ ਧਰਮ ਸਬੰਧੀ ਕਿਸੇ ਦੇ ਵਿਚਾਰ ਲੈ ਕੇ ਜਾਂਦਾ ਹੈ ਤਾਂ ਇਹ ਧਾਰਮਿਕ ਭਾਵਨਾਵਾਂ ਨੂੰ ਠੇਸ ਬਣ ਜਾਂਦੀ ਹੈ। ਸੋ ਪ੍ਰੈਸ ਧਰਮ 'ਤੇ ਟਿੱਪਣੀ ਕਰਨ ਲਈ ਆਜ਼ਾਦ ਨਹੀਂ। 1962 'ਚ ਹਿੰਦ-ਚੀਨ ਦੀ ਲੜਾਈ ਹੋਈ। ਕਮਿਊਨਿਸਟ ਪਾਰਟੀ ਦਾ ਕੁੱਝ ਹਿੱਸਾ ਇਸ ਲੜਾਈ ਲਈ ਚੀਨ ਨੂੰ ਦੋਸ਼ੀ ਨਹੀਂ ਮੰਨਦਾ ਸੀ। ਇਸ ਲਈ ਉਸਦੇ ਵਿਚਾਰਾਂ ਨੂੰ ਪ੍ਰਚਾਰਨ-ਪ੍ਰਸਾਰਨ 'ਤੇ ਰੋਕ ਲਾਉਣ ਤੋਂ ਵੀ ਅੱਗੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਦਿੱਤਾ ਗਿਆ। ਕੀ ਕਹਿਕੇ? ਇਹ ਕਹਿਕੇ ਕਿ ਇਹ ਕਾਰਜ ਦੇਸ਼-ਵਿਰੋਧੀ ਹੈ। ਇਸ ਲਈ ਪ੍ਰੈਸ ਦਾ ਆਜ਼ਾਦੀ ਇੱਥੇ ਵੀ ਮਾਂਜ ਦਿੱਤੀ ਗਈ। ਸਾਲ 2012 'ਚ ਦਿੱਲੀ 'ਚ ਅਰੁਧੰਤੀ ਰਾਏ ਨੇ ਕਸ਼ਮੀਰੀ ਲੋਕਾਂ ਦੇ ਹੱਕਾਂ ਦੀ ਗੱਲ ਕਰ ਦਿੱਤੀ ਤਾਂ ਉਸ 'ਤੇ ਦੇਸ਼-ਧਰੋਹੀ ਹੋਣ ਦਾ ਮੁਕੱਦਮਾ ਦਰਜ ਕਰ

ਦਿੱਤਾ ਗਿਆ। ਇਸ ਤਰ੍ਹਾਂ ਕਰਕੇ ਬੋਲਣ ਦੀ ਆਜ਼ਾਦੀ ਮਾਂਜ ਦਿੱਤੀ ਗਈ। ਕਮਾਲ ਦੀ ਗੱਲ ਇਹ ਹੈ ਕਿ ਜਦੋਂ ਸਾਡੇ ਦੇਸ਼ ਦੇ ਦੋ ਟੁਕੜੇ ਕਰਕੇ ਜਵਾਹਰ ਲਾਲ ਨਹਿਰੂ ਵਰਗੇ ਕੁਰਸੀਆਂ 'ਤੇ ਬਿਰਾਜਮਾਨ ਹੋਏ ਸਨ ਤਾਂ ਉਦੋਂ ਉਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਕਸ਼ਮੀਰ ਅੰਦਰ ਕਸ਼ਮੀਰੀ ਲੋਕਾਂ ਤੋਂ ਲੋਕ ਮੱਤ ਕਰਵਾਕੇ ਲੋਕ ਨਿਰਣਾ ਲਿਆ ਜਾਵੇਗਾ ਕਿ ਉਹ ਪਾਕਿਸਤਾਨ ਜਾਂ ਹਿੰਦੁਸਤਾਨ ਵਿੱਚੋਂ ਕਿਸ ਨਾਲ ਰਹਿਣਾ ਚਾਹੁੰਦੇ ਹਨ ਜਾਂ ਕਿਸੇ ਵੀ ਨਾਲ ਨਾ ਰਹਿਕੇ ਆਪਣੀ ਆਜ਼ਾਦ ਹਸਤੀ ਵਜੋਂ ਰਹਿਣਾ ਚਾਹੁੰਦੇ ਹਨ। ਸੋ ਜੇਕਰ ਕੋਈ ਕੌਮ ਦੇਸ਼ ਤੋਂ ਵੱਖ ਹੋਣਾ ਚਾਹੁੰਦੀ ਹੈ ਤਾਂ ਉਸਦੇ ਹੱਕ ਵਿੱਚ ਨਾ ਤੋਂ ਕੋਈ ਬੋਲ ਸਕਦਾ ਹੈ ਅਤੇ ਨਾ ਹੀ ਉਸਦੇ ਵਿਚਾਰਾਂ ਅਤੇ ਮੰਗਾਂ ਨੂੰ ਪ੍ਰੈਸ ਉਭਾਰ ਸਕਦਾ ਹੈ । ਜੇਕਰ ਉਹ ਉਭਾਰੇਗਾ ਤਾਂ ਉਸ 'ਤੇ ਦੇਸ਼ ਦੀ ਅਖੰਡਤਾ ਨੂੰ ਖੇਰੂੰ ਖੇਰੂੰ ਕਰਨ ਦਾ ਦੋਸ਼ ਲਗਾਕੇ ਪਾਬੰਦੀ ਲਗਾ ਦਿੱਤੀ ਜਾਵੇਗੀ। ਹੋਰ ਲਵੋ। ਆਮ ਤੌਰ 'ਤੇ ਹੀ ਹਕੂਮਤਾਂ ਇਹ ਕਹਿਕੇ ਕਿਸੇ ਵੀ ਸਾਹਿਤ 'ਤੇ ਪਾਬੰਦੀ ਲਗਾ ਦਿੰਦੀਆਂ ਹਨ ਕਿ ਇਹ ਹਕੂਮਤ ਵਿਰੁੱਧ ਬਗਾਵਤ ਭੜਕਾਉਣ ਵਾਲਾ ਹੈ।

ਸੋ ਬੋਲਣ ਅਤੇ ਪ੍ਰੈਸ ਦੀ ਆਜ਼ਾਦੀ ਇੱਕ ਛਲ ਹੈ। ਦੇਖਣ ਨੂੰ ਭਾਵੇਂ ਇਹ ਜਾਪਦਾ ਹੈ ਕਿ ਪ੍ਰੈਸ ਆਜ਼ਾਦ ਹੈ। ਇਹ ਪ੍ਰਭਾਵ ਇਸ ਕਰਕੇ ਬਣ ਜਾਂਦਾ ਹੈ ਕਿ ਪ੍ਰੈਸ ਵਿੱਚ ਵੱਡੇ ਵੱਡੇ ਘਪਲੇ ਅਤੇ ਉਨ੍ਹਾਂ ਦੇ ਦੋਸ਼ੀਆਂ ਖਿਲਾਫ ਖਬਰਾਂ ਛਪਦੀਆਂ ਰਹਿੰਦੀਆਂ ਹਨ, ਬੋਲਣ ਦੀ ਆਜ਼ਾਦੀ ਵੀ ਇਸ ਲਈ ਮੰਨ ਲਈ ਜਾਂਦੀ ਹੈ। ਜਦੋਂ ਦੇਸ਼ ਦੇ ਵੱਡੇ-ਵੱਡੇ ਲੀਡਰ ਇੱਕ-ਦੂਸਰੇ 'ਤੇ ਇਨ੍ਹਾਂ ਘਪਲਿਆਂ 'ਚ ਸ਼ਾਮਲ ਹੋਣ ਦੇ ਧੂੰਆਂ-ਧਾਰ ਬਿਆਨ ਦਾਗਦੇ ਦੇਖੇ ਜਾਂਦੇ ਹਨ, ਪਾਰਲੀਮੈਂਟ 'ਚ ਜੂਤੋ-ਜੂਤੀ ਹੁੰਦੇ ਦੇਖੇ ਜਾਂਦੇ ਹਨ ਅਤੇ ਇਸ ਸਾਰੇ ਕੁੱਝ ਦੀਆਂ ਖਬਰਾਂ ਅਤੇ ਚਰਚਾਵਾਂ ਪ੍ਰੈਸ ਅਤੇ ਇਲੈਕਟਰੌਨਿਕ ਮੀਡੀਆ ਵਿੱਚ ਆਉਂਦੀਆਂ ਰਹਿੰਦੀਆਂ ਹਨ। ਪਰ ਪ੍ਰੈਸ ਵਿੱਚ ਕਦੇ ਵੀ ਇਸ ਵਿਚਲੀ ਸੱਚਾਈ ਨਹੀਂ ਆਉਂਦੀ। ਉਹ ਕਿਵੇਂ? ਇਸਨੂੰ ਸਮਝਣ ਲਈ ਇੱਕ ਹੱਡ ਬੀਤੀ ਦਾ ਵਰਨਣ ਕਰਦੇ ਹਾਂ :

ਮੈਂ ਅਤੇ ਮੇਰਾ ਇੱਕ ਹੋਰ ਮਿੱਤਰ ਡੀ.ਸੀ.ਦਫਤਰ ਵਿੱਚ ਕੰਮ ਕਰਦੇ ਸਾਂ। ਤਨਖਾਹ ਵਾਲੇ ਦਿਨ ਤਨਖਾਹ ਲੈ ਕੇ ਅਸੀਂ ਬਾਹਰ ਨਿਕਲੇ ਤਾਂ ਦੋ ਮੁੰਡੇ ਆਪਿਸ ਵਿੱਚ ਲੜ ਰਹੇ ਸਨ। ਉਨ੍ਹਾਂ ਨੂੰ ਹਟਾਉਣ ਲਈ ਮੇਰੇ ਮਿੱਤਰ ਨੇ ਇੱਕ ਮੁੰਡੇ ਨੂੰ ਜੱਫਾ ਮਾਰ ਲਿਆ ਅਤੇ ਦੂਰ ਲੈ ਗਿਆ। ਮੈਂ ਦੂਸਰੇ ਨੂੰ ਉੱਥੇ ਖੜ੍ਹਾਈ ਰੱਖਿਆ। ਇੱਕ ਦੋ ਮਿੰਟ ਉਹ ਤੂੰ-ਤੂੰ, ਮੈਂ-ਮੈਂ ਦਾ ਡਰਾਮਾ ਕਰਦੇ ਰਹੇ। ਇੰਨੇ ਨੂੰ ਮੇਰੇ ਮਿੱਤਰ ਵਾਲਾ ਮੁੰਡਾ ਉੱਥੋਂ ਚਲਾ ਗਿਆ। ਅਸੀਂ ਦੋਨੋਂ ਉੱਥੋਂ ਤੁਰ ਪਏ। ਜਦੋਂ ਅਸੀਂ ਬਠਿੰਡਾ ਸ਼ਹਿਰ ਦੇ ਮਹਿਣਾ ਚੌਂਕ ਵਿੱਚ ਆਏ ਤਾਂ ਮੇਰੇ ਮਿੱਤਰ ਨੇ ਕੁੱਝ ਖਰੀਦਣ ਲਈ ਆਪਣੀ ਜੇਬ 'ਚ ਹੱਥ ਪਾਇਆ ਤਾਂ ਬਟੂਆ ਗਾਇਬ ਸੀ। ਇਹ ਬਟੂਆ ਕੱਢਣ ਵਾਲਾ ਉਹੀ ਮੁੰਡਾ ਸੀ। ਸੋ ਉਹ ਲੜ ਨਹੀਂ ਰਹੇ ਸਨ, ਬਲਕਿ ਸਾਡੀਆਂ ਜੇਬਾਂ ਸਾਫ ਕਰਨ ਦਾ ਇਹ ਡਰਾਮਾ ਕਰ ਰਹੇ ਸਨ। ਬਿਲਕੁਲ ਇਸੇ ਤਰ੍ਹਾਂ ਇਹ ਪਾਰਟੀਆਂ ਪਾਰਲੀਮੈਂਟ ਜਾਂ ਅਸੈਂਬਲੀਆਂ ਅੰਦਰ ਕਰਦੀਆਂ ਹਨ। ਇਹ ਇਨ੍ਹਾਂ ਦਾ ਡਰਾਮਾ ਹੁੰਦਾ ਹੈ ਜੋ ਲੋਕਾਂ ਦੀਆਂ ਜੇਬਾਂ ਕੱਟਣ ਲਈ ਹੁੰਦਾ ਹੈ। ਇਸ ਡਰਾਮੇ ਵਿੱਚ ਛੁਪੀ ਸੱਚਾਈ ਦੱਸਣ ਲਈ ਪ੍ਰੈਸ ਆਜ਼ਾਦ ਨਹੀਂ ਹੈ। ਜੇਕਰ ਉਹ ਕਹੇਗਾ ਕਿ ਇਹ ਡਰਾਮਾ ਹੈ ਤਾਂ ਉਹ ਪਾਰਲੀਮੈਂਟ ਜਿਹੀ ਸਰਵਉੱਚ ਪ੍ਰਤੀਨਿਧ ਕਹਾਉਂਦੀ ਸੰਸਥਾ ਜਾਂ ਅਸੈਂਬਲੀਆਂ ਨੂੰ ਬਦਨਾਮ ਕਰਨ ਅਤੇ ਜਮਹੂਰੀਅਤ ਨੂੰ ਢਾਹ ਲਾਉਣ ਦਾ ਦੋਸ਼ੀ ਕਰਾਰ ਦੇ ਦਿੱਤਾ ਜਾਵੇਗਾ ਅਤੇ ਉਸ 'ਤੇ ਮੁਕੱਦਮਾ ਦਰਜ ਕਰ ਦਿੱਤਾ ਜਾਵੇਗਾ। ਸੋ ਪ੍ਰੈਸ ਉਨੀਂ ਹੀ ਆਜ਼ਾਦੀ ਮਾਣ ਸਕਦਾ ਹੈ ਜੋ ਇਸ ਲੁਟੇਰੇ ਪ੍ਰਬੰਧ 'ਤੇ ਕੋਈ ਝਰੀਟ ਨਾ ਮਾਰਦਾ ਹੋਵੇ ਯਾਨੀ ਪ੍ਰੈਸ ਆਜ਼ਾਦ ਨਹੀਂ ਬਲਕਿ ਨਰੜਿਆ ਹੋਇਆ ਹੈ।

ਹੁਣ ਸੁਆਲ ਇਹ ਉੱਠਦਾ ਹੈ ਕਿ ਪ੍ਰੈਸ ਆਜ਼ਾਦ ਕਿਉਂ ਨਹੀਂ? ਆਓ ਦੇਖੀਏ।

ਪਿੱਛੇ ਜਿਹੇ ਹਿੰਦੂ ਅਖਬਾਰ ਵਿੱਚ ਪੀ.ਸਾਈਂਨਾਥ ਦਾ ਅੰਕੜਿਆਂ ਸਾਹਿਤ ਇੱਕ ਲੇਖ ਛਪਿਆ ਸੀ ਜਿਸ ਵਿੱਚ ਉਸਨੇ ਇਹ ਅੰਕੜਾ ਪੇਸ਼ ਕੀਤਾ ਕਿ ਸਾਡੀ ਹਕੂਮਤ ਦੇਸ਼ ਦੇ ਵੱਡੇ-ਵੱਡੇ ਘਰਾਣਿਆਂ ਨੂੰ ਇੱਕ ਮਿੰਟ ਅੰਦਰ 75 ਲੱਖ ਦੀਆਂ ਰਿਆਇਤਾਂ ਦੇ ਰਹੀ ਹੈ। ਇਸ ਲਈ ਅਸੀਂ ਆਮ ਹੀ ਇਹ ਗੱਲ ਕਹਿੰਦੇ ਹਾਂ ਕਿ ਹਕੂਮਤਾਂ ਸਰਮਾਏਦਾਰਾਂ ਦੇ ਪੱਖੀ ਨੀਤੀਆਂ ਬਣਾਉਂਦੀਆਂ ਹਨ। ਸਾਡੇ ਦੇਸ਼ ਦੇ ਕਰੋੜਾਂ ਲੋਕ 20 ਰੁਪੈ ਪ੍ਰਤੀ ਵਿਅਕਤੀ ਦੀ ਆਮਦਨ 'ਤੇ ਗੁਜ਼ਾਰਾ ਕਰ ਰਹੇ ਹਨ- ਗੁਜ਼ਾਰਾ ਕੀ ਰੀਂਘ ਰੀਂਘ ਜ਼ਿੰਦਗੀ ਤੋਂ ਮੌਤ ਵੱਲ ਜਾ ਰਹੇ ਹਨ। ਉਨ੍ਹਾਂ ਲਈ ਕੋਈ ਰਿਆਇਤ ਨਹੀਂ- ਕੋਈ ਨੀਤੀ ਨਹੀਂ। ਇਸ ਲਈ ਸਾਡੀ ਹਕੂਮਤ ਲੋਕ ਵਿਰੋਧੀ ਹੈ। ਆਹ

ਪਿੱਛੇ ਜਿਹੇ ਜਦੋਂ ਅੰਬਾਨੀ ਨੇ ਆਪਣੇ ਪਰਿਵਾਰ ਦੇ ਪੰਜ-ਛੇ ਜੀਆਂ ਵਾਸਤੇ 27 ਮੰਜ਼ਿਲਾ ਮਹਿਲ ਬਣਾਇਆ ਤਾਂ ਇੱਥੋਂ ਦੇ ਇੱਕ ਸਰਮਾਏਦਾਰ, ਟਾਟੇ ਨੇ ਕਿਹਾ ਕਿ ਉਸਨੂੰ ਇੰਨਾ ਵੱਡਾ ਮਹਿਲ ਨਹੀਂ ਬਣਾਉਣਾ ਚਾਹੀਦਾ ਸੀ। ਕਈ ਲੋਕਾਂ ਨੂੰ ਲੱਗਿਆ ਕਿ ਟਾਟਾ ਬੜਾ ਵਧੀਆ ਬਿਆਨ ਦੇ ਰਿਹਾ ਹੈ ਜਾਂ ਇਹ ਕਹਿ ਲਵੋ ਕਿ ਟਾਟਾ ਅਮੀਰਾਂ ਦੇ ਵਿਰੋਧੀ ਬਿਆਨ ਦੇ ਰਿਹਾ ਹੈ। ਨਹੀਂ, ਅਜਿਹਾ ਕੁੱਝ ਵੀ ਨਹੀਂ। ਉਹ ਤਾਂ ਸਗੋਂ ਅੰਬਾਨੀ ਨੂੰ ਮੱਤ ਦੇ ਰਿਹਾ ਸੀ ਕਿ ਇਸ ਨਾਲ ਕੀੜਿਆਂ-ਮਕੌੜਿਆਂ ਵਾਲੀ ਜਿੰਦਗੀ ਜਿਉਂ ਰਹੇ ਲੋਕ ਭੜਕਣਗੇ ਅਤੇ ਬਗਾਵਤ ਕਰਨਗੇ।

ਸੋ ਜਦੋਂ ਹਕੂਮਤਾਂ ਲੋਕ ਵਿਰੋਧੀ ਅਤੇ ਸਰਮਾਏਦਾਰ ਪੱਖੀ ਨੀਤੀਆਂ ਬਣਾਉਂਦੀਆਂ ਹਨ ਤਾਂ ਲੋਕਾਂ ਦੀ ਬਗਾਵਤ ਦੇ ਰਾਹ ’ਤੇ ਤੁਰ ਪੈਣ ਦੀ ਸੰਭਾਵਨਾ ਬਣ ਜਾਂਦੀ ਹੈ। ਫਿਰ ਪ੍ਰੈਸ ਕੀ ਕਰਦਾ ਹੈ? ਇਹ ਹਕੂਮਤਾਂ ਨੂੰ ਅਪੀਲ ਕਰਦਾ ਹੈ ਕਿ ਕੁੱਝ ਭੀਖ ਇਨ੍ਹਾਂ ਗਰੀਬਾਂ ਨੂੰ ਦੇਵੋ ਭਾਵ ਕੁੱਝ ਰਿਆਇਤਾਂ ਦੇਵੋ। ਇਹ ਹਕੂਮਤ ਵਿਰੋਧੀ ਨਹੀਂ ਹੈ। ਇਹ ਤਾਂ ਜੋਕਾਂ ਨੂੰ ਇਹ ਕਹਿਣਾ ਹੈ ਕਿ ਤੁਸੀਂ ਮਨੁੱਖ ਦਾ ਖ਼ੂਨ ਕੁੱਝ ਘੱਟ ਚੂਸੋ। ਇਸ ਲਈ ਜਦੋਂ ਪ੍ਰੈਸ ਇੱਥੋਂ ਤੱਕ ਰਹਿੰਦਾ ਹੈ ਤਾਂ ਹਕੂਮਤਾਂ ਉਸਨੂੰ ਆਜ਼ਾਦੀ ਦੇਈ ਰੱਖਦੀਆਂ ਹਨ। ਇਸ ਨਾਲ ਲੋਕਾਂ ’ਚ ਇਹ ਭਰਮ ਵੀ ਬਣਿਆ ਰਹਿੰਦਾ ਹੈ ਕਿ ਪ੍ਰੈਸ ਆਜ਼ਾਦ ਹੈ। ਪਰ ਜੇਕਰ ਪ੍ਰੈਸ ਦਾ ਕੋਈ ਹਿੱਸਾ ਲੋਕਾਂ ਨੂੰ ਜੱਦੋਜਹਿਦ ਦੇ ਰਾਹ ਪੈਣ ਦਾ ਪ੍ਰਚਾਰ ਕਰੇ ਤਾਂ ਹਕੂਮਤਾਂ ਇਸਨੂੰ ਬਗਾਵਤ ਉਭਾਰਨ ਦਾ ਦੋਸ਼ੀ ਕਹਿਕੇ ਉਸ ਸਾਰੇ ਸਾਹਿਤ ’ਤੇ ਪਾਬੰਦੀ ਲਗਾ ਦਿੰਦੀਆਂ ਹਨ।

ਸੋ ਸਿੱਟਾ ਇਹ ਕਿ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਵਾਲਾ ਪ੍ਰਬੰਧ ਹੀ ਪ੍ਰੈਸ ਦੀ ਆਜ਼ਾਦੀ ਦਾ ਗਲਾ ਘੁੱਟ ਰਿਹਾ ਹੈ। ਮੰਨ ਲਵੋ ਕਿਸੇ ਨੇ ਕਿਸੇ ਦੀ ਕੋਈ ਲੁੱਟ ਨਾ ਕਰਨੀ ਹੋਵੇ ਤਾਂ ਉਸਨੂੰ ਦੂਸਰੇ ਨੂੰ ਦਬਾਉਣ ਦੀ ਕੀ ਲੋੜ ਰਹਿ ਜਾਵੇਗੀ? ਇਸ ਲਈ ਜਿੰਨਾ ਚਿਰ ਇੱਥੇ ਆਰਥਕ ਬਰਾਬਰੀ ਵਾਲਾ ਸਮਾਜ ਉੱਸਰਕੇ ਮਨੁੱਖ ਆਜ਼ਾਦ ਨਹੀਂ ਹੁੰਦਾ ਉਨ੍ਹਾਂ ਚਿਰ ਪ੍ਰੈਸ ਦੀ ਆਜ਼ਾਦੀ ਵੀ ਨਹੀਂ ਹੋ ਸਕਦੀ। ਪਰ ਫਿਰ ਵੀ ਪ੍ਰੈਸ ਨੂੰ ਜਿਹੜੀ ਵੀ ਥੋੜੀ-ਬਹੁਤੀ ਆਜ਼ਾਦੀ ਹੈ ਉਹ ਵਰਤਦਿਆਂ ਅਤੇ ਇਸਨੂੰ ਹੋਰ ਵਧਾਉਣ ਲਈ ਜੱਦੋਜਹਿਦ ਕਰਨੀ ਚਾਹੀਦੀ ਹੈ। ਇਹ ਜੱਦੋਜਹਿਦ ਆਰਥਕ ਬਰਾਬਰੀ ਵਾਲੇ ਸਮਾਜ ਵਾਲੀ ਜੱਦੋਜਹਿਦ ਨਾਲ ਜੋੜਕੇ ਚਲਾਈ ਜਾਣੀ ਚਾਹੀਦੀ ਹੈ। ਇਹ ਦੋਨੋਂ ਜੱਦੋਜਹਿਦਾਂ ਹੀ ਇੱਕ ਦੂਸਰੇ ਲਈ ਸਹਾਈ ਹੋਣਗੀਆਂ।

98769-53561

ਤਰਕਸ਼ੀਲ ਹਾਲ ਲਈ ਸਹਾਇਤਾ

ਅਮਰਜੀਤ ਸਿੰਘ ਲੰਗੇਆਣਾ (ਇਕਾਈ ਭਦੌੜ ਰਾਹੀਂ) 500

ਮਾਸਟਰ ਮੇਜਰ ਸਿੰਘ, ਅੰਮ੍ਰਿਤਸਰ ਇਕਾਈ ਆਪਣੇ ਲੜਕੇ ਦੀ ਸ਼ਾਦੀ ’ਤੇ 500

ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਵੈਲਫੇਅਰ ਸਪੋਰਟਸ ਸੁਸਾਇਟੀ ਮੰਨਵੀ 1100

ਦਰਸ਼ਨ ਸਿੰਘ ਸਾਇੰਸ ਮਾਸਟਰ, ਛੀਨੀਵਾਲ ਖੁਰਦ ਆਪਣੀ ਬੇਟੀ ਦੀ ਸ਼ਾਦੀ ’ਤੇ (ਪੂਰਨ ਕਾਉਂਕੇ ਰਾਹੀਂ) 500

ਮਨੋਹਰ ਲਾਲ ਥਾਪਰ ਆਪਣੇ ਬੇਟੇ ਬਰਿੰਦਰ ਥਾਪਰ ਦੀ ਸ਼ਾਦੀ ’ਤੇ (ਰਾਮ ਸਿੰਘ ਬੰਗ ਰਾਹੀਂ) 1100

ਸ੍ਰੀਮਤੀ ਹਰਚਰਨ ਕੌਰ ਅਤੇ ਜਤਿੰਦਰ ਘੱਗਾ ਵੱਲੋਂ ਬੇਟੀ ਸਹਿਜਬੀਰ ਕੌਰ ਦੇ ਜਨਮ ’ਤੇ (ਹਰਿੰਦਰ ਲਾਲੀ ਰਾਹੀਂ) 2100

ਸ਼ਤੀਸ਼ ਕੁਮਾਰ ਆਲੋਵਾਲ, ਪਟਿਆਲਾ ਇਕਾਈ 500

ਸ੍ਰੀ ਗੁਰਚੇਤਨ ਦਾਸ, ਉਪ ਮੰਡਲ ਅਫਸਰ ਗੁਰਾਇਆ- ਆਪਣੀ ਸੇਵਾ ਮੁਕਤੀ ’ਤੇ (ਜਸਵਿੰਦਰ, ਜੋਨ ਮੁਖੀ, ਜਲੰਧਰ ਰਾਹੀਂ) 1000

ਮਾਸਟਰ ਸੁਰਜੀਤ ਸਿੰਘ ਗੁੰਮਟੀ ਆਪਣੇ ਪੋਤਰੇ ਨਵਰਾਜ ਦੇ ਜਨਮ ’ਤੇ (ਇਕਾਈ ਭਗਤਾ ਰਾਹੀਂ) 500

ਨਿਰਮਲ ਸਿੰਘ ਫਤਿਹਪੁਰ, ਬਲਾਕ ਸਕੱਤਰ, ਬੀ.ਕੇ.ਯੂ. ਡਕੌਂਦਾ-ਏਕਤਾ ਆਪਣੀ ਮਾਤਾ ਅੰਗਰੇਜ਼ ਕੌਰ ਦੇ ਸ਼ੋਕ ਸਮਾਗਮ ’ਤੇ (ਪਟਿਆਲਾ ਇਕਾਈ ਰਾਹੀਂ) 1100

ਜਰਨੈਲ ਸਿੰਘ ਮਾਲੋਮਜਾਰਾ, ਔੜ ਇਕਾਈ (ਪੋਤੇ ਹਰਮਨ ਦੇ ਜਨਮ ਦਿਨ ਤੇ) 1000

ਇਸ ਅੰਕ ਦਾ ਕੁੱਲ ਜੋੜ : 9900,

ਪਿਛਲਾ ਜੋੜ : 2,55,270

ਹੁਣ ਤੱਕ ਕੁੱਲ ਜੋੜ : 265170

ਲੜੀ-2



ਕੁਦਰਤ ਦੇ ਭੇਤਾਂ ਦੀ ਗੱਲ

ਬ੍ਰਹਿਮੰਡ ਯਾਤਰਾ

ਡਾ. ਅਵਤਾਰ ਸਿੰਘ ਢੀਂਡਸਾ



ਸਾਥੀਓ! ਵੇਖੋ, ਔਹ ਸਾਹਮਣੇ ਚਮਕਦੇ ਨਜ਼ਰ ਆ ਰਹੇ, ਚੰਦ ਵੱਲ। ਹੁਣ ਅਸੀਂ ਚੱਲਾਂਗੇ ਧਰਤੀ ਦੇ ਉੱਪ-ਗ੍ਰਹਿ ਚੰਦ ਵੱਲ... ਜਿਸਨੂੰ ਜੋਤਿਸ਼ ਨੇ ਗ੍ਰਹਿ ਹੀ ਮੰਨਿਆ ਹੋਇਆ ਹੈ। ਜੋਤਿਸ਼ ਇਥੇ ਵੀ ਝੂਠ ਦਾ ਸਹਾਰਾ ਲੈਂਦਾ ਹੈ। ਚੰਦ ਨੂੰ ਗ੍ਰਹਿ ਮੰਨਣਾ ਹੀ ਗਲਤ ਹੈ, ਫਿਰ ਗ੍ਰਹਿ ਮੰਨ ਕੇ ਕੀਤੀਆਂ ਗਿਣਤੀਆਂ ਮਿਣਤੀਆਂ ਨੇ ਤਾਂ ਗਲਤ ਹੀ ਹੋਣਾ ਹੋਇਆ।




ਸੋ ਦੋਸਤੋ ਜੋਤਿਸ਼ ਤਾਂ ਸਿਰਫ ਤੇ ਸਿਰਫ ਹੈ ਹੀ ਝੂਠ ਦਾ ਪੁਲੰਦਾ। ਪਰ ਸਾਡਾ ਚੰਦ ਨਾਲ ਬੜਾ ਗੂੜ੍ਹਾ ਸੰਬੰਧ ਹੈ। ਧੱਕੇ ਖਾਣ ਦਿਓ ਜੋਤਿਸ਼ ਅਤੇ ਜ਼ੋਤਸ਼ੀਆਂ ਨੂੰ, ਆਓ ਚੱਲੀਏ ਕਰੀਏ ਚੰਦ ਦੀ ਸੈਰ... ਸਾਥੀਓ, ਸਾਵਧਾਨ! ਚੰਦ ਵੱਲ ਜਾਣ ਤੋਂ ਪਹਿਲਾਂ ਸਾਡੇ ਲਈ ਪੁਲਾੜੀ ਸੂਟ ਪਹਿਨਣੇ ਜਰੂਰੀ ਹਨ ਕਿਉਂਕਿ ਚੰਦ ਉੱਪਰ ਹਵਾ ਅਤੇ ਇਸਦਾ ਦਬਾਓ ਨਹੀਂ ਹੈ। ਪੁਲਾੜੀ ਸੂਟ ਸਾਨੂੰ ਬਣਾਵਟੀ ਦਬਾਓ ਪ੍ਰਦਾਨ ਕਰਦੇ ਹਨ ਨਹੀਂ ਤਾਂ ਸਾਡੀਆਂ ਨਾੜੀਆਂ ਵਿੱਚ ਵਗਦਾ ਖ਼ੂਨ ਚਮੜੀ ਵਿੱਚੋਂ ਬਾਹਰ ਆ ਜਾਵੇਗਾ ਅਤੇ ਇਹ ਮੌਤ ਵੱਲ ਪਹਿਲਾ ਕਦਮ ਹੈ।

ਹੁਣ ਤੁਸੀਂ ਇਹ ਪੁੱਛੋਗੇ ਨਾ ਕਿ ਚੰਦ ਕਿੱਥੋਂ ਆਇਆ? ਦੋ ਵਿਗਿਆਨਕ ਥਿਊਰੀਆਂ ਪ੍ਰਚੱਲਤ ਹਨ। ਪਹਿਲੀ ਕਿ ਇਹ ਧਰਤੀ ਦਾ ਹੀ ਹਿੱਸਾ ਸੀ। ਕਿਸੇ ਵੱਡੇ ਉਲਕਾ ਪਿੰਡ ਦੇ ਧਰਤੀ ਦੇ ਨਾਲ ਤਿਰਛਾ ਟਕਰਾ ਜਾਣ ਨਾਲ ਧਰਤੀ ਦਾ ਕੁੱਝ ਹਿੱਸਾ ਵੱਖ ਹੋ ਗਿਆ ਪਰ ਧਰਤੀ ਦੀ ਗਰੂਤਾ ਖਿੱਚ ਨੇ ਇਸਨੂੰ ਆਪਣੇ ਇਰਦ ਗਿਰਦ ਹੀ ਘੁੰਮਣ ਲਾ ਲਿਆ। ਇੰਝ ਚੰਦ ਅਤੇ ਧਰਤੀ ਇੱਕ ਦੂਜੇ ਨੂੰ ਗਰੂਤਾ ਆਕਰਸ਼ਣ ਨਾਲ ਖਿਚਦੇ ਹੋਏ ਇਕੱਠੇ ਹੀ ਸੂਰਜ ਦੁਆਲੇ ਚੱਕਰ ਲਗਾ ਰਹੇ ਹਨ। ਦੂਜੀ ਥਿਊਰੀ ਅਨੁਸਾਰ ਚੰਦ ਬਣਿਆ ਹੀ ਸਾਡੀ ਧਰਤੀ ਦੇ ਨਾਲ ਹੀ ਹੈ ਭਾਵ ਇਸਦੀ ਉਮਰ ਵੀ ਸਾਡੀ ਧਰਤੀ ਜਿੰਨੀ ਹੀ ਹੈ। ਸ਼ਾਇਦ ਇਸੇ ਕਾਰਨ ਇਸ ਨੂੰ ਚੰਦ ਮਾਮਾ ਵੀ ਕਿਹਾ ਜਾਂਦਾ ਹੈ।

ਦੋਸਤੋ, ਚੰਦ ਦੀ ਆਪਣੀ ਕੋਈ ਰੋਸ਼ਨੀ ਨਹੀਂ ਹੈ। ਇਹ ਤਾਂ ਸੂਰਜ ਦੀ ਰੋਸ਼ਨੀ ਨਾਲ ਹੀ ਚਮਕਦਾ ਹੈ। ਮਤਲਬ ਕਿ ਸੂਰਜ ਦੀ ਰੋਸ਼ਨੀ ਨੂੰ ਹੀ ਪਰਵਰਤਿਤ ਕਰਦਾ ਹੈ। ਇੰਝ ਇਹ ਸੂਰਜੀ ਰੋਸ਼ਨੀ ਦਾ ਸਿਰਫ 7 ਪ੍ਰਤੀਸ਼ਤ ਹੀ ਵਾਪਸ ਸਾਡੇ ਵੱਲ ਪਰਵਰਤਿਤ ਕਰਦਾ ਹੈ। ਪ੍ਰੰਤੂ ਜੋਤਿਸ਼ ਮੰਨਦਾ ਹੈ ਕਿ ਚੰਦ ਦੀ ਆਪਣੀ ਰੋਸ਼ਨੀ ਹੈ ਤੇ ਇਹ ਸਾਨੂੰ ਪ੍ਰਭਾਵਿਤ ਕਰਦੀ। ਅੰਦਾਜ਼ਾ ਤੁਸੀਂ ਲਗਾ ਲਵੋ ਕਿ ਜੋਤਿਸ਼ ਸੱਚਾ ਹੈ ਜਾਂ ਝੂਠਾ?

ਚੰਦ ਸਾਡੀ ਧਰਤੀ ਦੁਆਲੇ ਅੰਡਾਕਾਰ ਪੱਥ ਵਿੱਚ ਚੱਕਰ ਕੱਢਦਾ ਹੈ। ਭਾਵ ਕਿਸੇ ਮਹੀਨੇ ਇਹ ਧਰਤੀ ਦੇ ਨੇੜੇ, ਲੱਗਭੱਗ 3 ਲੱਖ 54 ਹਜਾਰ 350 ਕਿਲੋਮੀਟਰ ਦੀ ਦੂਰੀ ਉੱਪਰ ਹੁੰਦਾ ਹੈ ਅਤੇ ਕਿਸੇ ਮਹੀਨੇ ਇਹ ਧਰਤੀ ਤੋਂ 4 ਲੱਖ 4 ਹਜ਼ਾਰ 336 ਕਿਲੋਮੀਟਰ ਦੀ ਦੂਰੀ ਉੱਪਰ ਚਲਾ ਜਾਂਦਾ ਹੈ। ਜਰਾ ਪਿੱਛੇ ਮੁੜ ਕੇ ਤਾਂ ਵੇਖੋ... ਅਸੀਂ ਹੁਣ ਧਰਤੀ ਦੇ ਗੋਲੇ ਤੋਂ ਦੂਰ ਜਾ ਰਹੇ ਹਾਂ, ਧਰਤੀ ਦਾ ਆਕਾਰ ਲਗਾਤਾਰ ਛੋਟਾ ਹੁੰਦਾ ਵਿਖਾਈ ਦੇਵੇਗਾ। ਇਸ ਤੋਂ ਉਲਟ ਚੰਦ ਦਾ ਆਕਾਰ ਲਗਾਤਾਰ



ਵੱਡਾ ਹੁੰਦਾ ਵਿਖਾਈ ਦੇਵੇਗਾ। ਪਰੰਤੂ ਚੰਦ ਅਕਾਰ ਵਿੱਚ ਸਾਡੀ ਧਰਤੀ ਤੋਂ ਛੋਟਾ ਹੈ। ਇਸ ਦਾ ਵਿਆਸ 3476 ਕਿਲੋਮੀਟਰ ਹੈ ਜਦੋਂ ਕਿ ਧਰਤੀ ਦਾ ਵਿਆਸ 12756 ਕਿਲੋਮੀਟਰ ਹੈ।

ਹੁਣ ਤੁਸੀਂ ਪੁੱਛੋਗੇ ਕਿ ਕੀ ਚੰਦਰਮਾ ਦੀ ਸਤਹ ਉੱਪਰ ਅਸੀਂ ਧਰਤੀ ਵਾਂਗ ਤੁਰ ਫਿਰ ਸਕਦੇ ਹਾਂ? ਹਾਂ, ਹਾਂ ਬਹੁਤ ਅਸਾਨੀ ਨਾਲ। ਤੁਹਾਨੂੰ ਸ਼ਾਇਦ ਯਾਦ ਹੀ ਹੋਵੇ ਕਿ ਅਪੋਲੋ 11 ਮਿਸ਼ਨ ਦੁਆਰਾ 21 ਜੁਲਾਈ 1969 ਨੂੰ ਅਮਰੀਕਾ ਦੇ ਪੁਲਾੜ ਯਾਤਰੀ ਨੀਲ ਆਰਮਸਟਰਾਂਗ ਅਤੇ ਐਡਵਿਨ ਐਲਡਰਿਨ ਤਾਂ ਬਕਾਇਦਾ ਚੰਦ ਦੀ ਸਤਾਹ ਉੱਪਰ ਤੁਰ ਫਿਰ ਕੇ ਆਏ ਸਨ ਅਤੇ ਚੰਦ ਦੀ ਮਿੱਟੀ ਦੇ ਨਮੂਨੇ ਵੀ ਨਾਲ ਲੈ ਕੇ ਆਏ ਸਨ। ਇਹਨਾਂ ਦਾ ਤੀਜਾ ਸਾਥੀ ਮਾਈਕਲ ਕੋਲਿਨਜ਼, ਪੁਲਾੜੀ ਰਾਕਟ ਨੂੰ ਚੰਦ ਦੇ ਆਲੇ-ਦੁਆਲੇ ਉਡਾਉਂਦਾ ਰਿਹਾ ਸੀ। ਪ੍ਰੰਤੂ ਕੁੱਝ ਲੋਕ ਇਸਨੂੰ ਅਮਰੀਕਾ ਦਾ ਝੂਠ ਕਹਿੰਦੇ ਹਨ।ਅੱਜ ਤੱਕ ਕੁੱਲ 12 ਪੁਲਾੜ ਯਾਤਰੀ ਚੰਦ ਉੱਪਰ ਤੁਰ ਫਿਰ ਆਏ ਹਨ।

ਸਾਥੀਓ? ਧਰਤੀ ਤੋਂ ਵੇਖਣ ਤੇ ਚੰਦ ਵਿੱਚ ਜੋ ਕਾਲੇ ਧੱਬੇ ਨਜ਼ਰ ਆਉਂਦੇ ਹਨ, ਉਹ ਹਨ-ਡੂੰਘੇ ਸਮੁੰਦਰ ਭਾਵ ਹੁਣ ਸੁੱਕੀਆਂ, ਡੂੰਘੀਆਂ ਖਾਈਆਂ। ਚੰਦ ਉੱਪਰ ਧਰਤੀ ਵਰਗਾ ਚਿੱਟਾ ਦਿਨ ਨਹੀਂ ਹੁੰਦਾ। ਸਿਰਫ ਉਹ ਥਾਂ ਜਿਥੇ ਸੂਰਜ ਦੀ ਰੋਸ਼ਨੀ ਪੈਂਦੀ ਹੈ, ਉਹ ਹੀ ਨਜ਼ਰ ਆਉਂਦਾ ਹੈ। ਚੰਦ ਤੋਂ ਅਸਮਾਨ ਹਮੇਸ਼ਾ ਹੀ ਬਿਲਕੁਲ ਰਾਤ ਦੇ ਹਨੇਰੇ ਵਰਗਾ, ਤਾਰਿਆਂ ਨਾਲ ਭਰਿਆ ਨਜ਼ਰ ਆਉਂਦਾ ਹੈ ਅਤੇ ਹੈਰਾਨ ਨਾ ਹੋਣਾ, ਇਸ ਰਾਤ ਵਰਗੇ ਹਨੇਰੇ ਵਿੱਚ ਸੂਰਜ ਵੀ ਚਮਕਦਾ ਹੈ। ਧਰਤੀ ਉੱਪਰ ਚਿੱਟੇ ਦਿਨ ਦੀ ਰੋਸ਼ਨੀ ਦਾ ਕਾਰਨ, ਸਾਡੇ ਮੰਡਲ ਵਿੱਚ ਹਵਾ ਦੇ ਗੈਸੀ ਕਣ ਅਤੇ ਧੂੜ ਦੇ ਕਣ ਹਨ ਜੋ ਸੂਰਜ ਦੀ ਰੋਸ਼ਨੀ ਨਾਲ ਚਮਕਦੇ ਹਨ। ਇਹਨਾਂ ਦੀ ਇਸ ਤੇਜ ਚਮਕ ਕਾਰਨ ਹੀ ਚਿੱਟਾ ਦਿਨ ਹੁੰਦਾ ਹੈ ਅਤੇ ਇਸੇ ਰੋਸ਼ਨੀ ਕਾਰਨ ਸਾਨੂੰ ਦਿਨ ਵੇਲੇ ਤਾਰੇ ਵੀ ਨਜ਼ਰ ਨਹੀਂ ਆਉਂਦੇ। ਜਦੋਂ ਕਿ ਚੰਦ ਉੱਪਰ ਤਾਂ ਹਵਾ (ਵਾਯੂਮੰਡਲ) ਹੈ ਹੀ ਨਹੀਂ। ਠਹਿਰੋ, ਪਹਿਲਾਂ ਤੁਹਾਡੇ ਇਸ ਪ੍ਰਸ਼ਨ ਦਾ ਉਤਰ ਤਾਂ ਦੇ ਦੇਵਾਂ.. ਕਿਉਂ ਨਹੀਂ ਹੈ ਚੰਦ ਉੱਪਰ ਵਾਯੂਮੰਡਲ? ਚੰਨ ਕਿਉਂਕਿ ਧਰਤੀ ਨਾਲੋਂ ਛੋਟਾ ਹੈ। ਇਸ ਲਈ ਗਰੂਤਾ ਖਿੱਚ ਵੀ ਧਰਤੀ ਦੀ ਖਿੱਚ ਦਾ 6ਵਾਂ ਹਿੱਸਾ ਹੀ ਹੈ, ਇਸ ਲਈ ਚੰਨ ਦੀ ਖਿੱਚ ਗੈਸਾਂ ਦੇ ਕਣਾਂ ਨੂੰ ਆਪਣੇ ਕੋਲ ਬੰਨ੍ਹ ਕੇ ਨਹੀਂ ਰੱਖ ਸਕੀ ਅਤੇ ਇਸ ਵਾਯੂਮੰਡਲ ਦੀ ਅਣਹੋਂਦ, ਚੰਦ ਤੇ ਤਾਪਮਾਨ ਨੂੰ ਪ੍ਰਭਾਵਿਤ ਕਰਦੀ ਹੈ। ਇੱਥੇ ਦਿਨ ਵੇਲੇ ਤਾਪਮਾਨ 117 ਦਜੇ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਤੁਹਾਨੂੰ ਇਹ ਤਾਂ ਪਤਾ ਹੀ ਹੈ ਕਿ ਪਾਣੀ ਤਾਂ 100 ਦਰਜੇ ਉੱਪਰ ਹੀ ਭਾਫ਼ ਵਿੱਚ ਬਦਲਕੇ ਉੱਡ ਜਾਂਦਾ ਹੈ। ਇਸੇ ਕਾਰਨ ਹੀ ਚੰਦ ਉੱਪਰ ਪਾਣੀ ਨਹੀਂ ਹੈ। ਪ੍ਰੰਤੂ ਇਸ ਦੀ ਸਤਾਹ ਵਿੱਚ ਪਾਏ ਜਾਂਦੇ ਕੁੱਝ ਯੋਗਿਕਾਂ ਵਿੱਚ ਪਾਣੀ ਦੇ ਅਣੂ ਮੌਜੂਦ ਹਨ। ਇਹਨਾਂ ਬਾਰੇ ਖੋਜ ਭਾਰਤੀ ਪੁਲਾੜੀ 'ਚੰਦਰਯਾਨ' ਨੇ ਕੀਤੀ ਸੀ। ਸੋ ਜੀਵਨ ਲਈ ਹਵਾ, ਪਾਣੀ ਅਤੇ ਉਚਿਤ ਤਾਪਮਾਨ ਨਾ ਹੋਣ ਕਾਰਨ, ਚੰਦ ਦੀ ਸਤਾਹ ਉਜਾੜ ਹੀ ਹੈ। ਉੱਚੇ ਪਹਾੜ ਅਤੇ ਡੂੰਘੀਆਂ ਖਾਈਆਂ। ਰਾਤ ਬਾਰੇ ਪੁੱਛਦੇ ਹੋ.. ਰਾਤ ਦਾ ਤਾਪਮਾਨ ਤਾਂ 180 ਦਰਜੇ ਤੱਕ ਹੇਠਾਂ ਚਲਾ ਜਾਂਦਾ ਹੈ। ਜੀਰੋ ਦਰਜੇ ਉੱਪਰ ਪਾਣੀ ਜੰਮ ਜਾਂਦਾ ਹੈ ਅਤੇ ਮਨਫੀ 180 ਦਰਜੇ ਉੱਪਰ ਤਾਂ ਸ਼ਰੀਰ ਦਾ ਖੂਨ, ਸੈੱਲ ਸਭ ਕੁੱਝ ਸਕਿੰਟਾਂ ਵਿੱਚ ਜੰਮ ਕੇ ਪੱਥਰ ਵਾਂਗ ਸਖਤ ਹੋ ਜਾਣਗੇ। ਸੋ ਚੰਦ ਉੱਪਰ ਜੀਵਨ ਦਾ ਕੋਈ ਨਾ-ਨਿਸ਼ਾਨ ਨਹੀਂ ਹੈ। ਇਥੇ ਵਾਯੂਮੰਡਲ ਨਾ ਹੋਣ ਕਾਰਨ, ਹਵਾ ਦਾ ਕੋਈ ਦਬਾਓ ਨਹੀਂ ਹੈ। ਇਸੇ ਕਾਰਨ ਪੁਲਾੜ ਯਾਤਰੀ ਤਾਂ ਸਪੈਸ਼ਲ ਦਬਾਓ ਵਾਲੇ ਪੁਲਾੜੀ ਸੂਟ ਪਹਿਨਕੇ ਹੀ ਚੰਦ ਉੱਪਰ ਜਾਂ ਪੁਲਾੜ ਵਿੱਚ ਜਾਂਦੇ ਹਨ।




ਚੰਦ ਤੋਂ ਨਜ਼ਰ ਆਉਂਦੀ ਧਰਤੀ

ਦੋਸਤੋ, ਚੰਦ ਕਿਉਂਕਿ ਧਰਤੀ ਤੋਂ ਅਕਾਰ ਵਿੱਚ ਛੋਟਾ ਹੈ, ਇਸ ਲਈ ਇਸਦੀ ਖਿੱਚ ਸ਼ਕਤੀ ਧਰਤੀ ਦੀ ਗਰੂਤਾ ਖਿੱਚ ਤੋਂ 6ਵਾਂ ਹਿੱਸਾ ਘੱਟ ਹੈ। ਇਸਦਾ ਭਾਵ ਹੈ ਕਿ ਜੇਕਰ ਇੱਕ ਵਿਅਕਤੀ ਦਾ

ਭਾਰ ਧਰਤੀ ਉੱਪਰ 60 ਕਿਲੋਗ੍ਰਾਮ ਹੈ ਤਾਂ ਚੰਦ ਉੱਪਰ ਉਸਦਾ ਭਾਰ ਸਿਰਫ 10 ਕਿਲੋਗ੍ਰਾਮ ਹੋਵੇਗਾ, ਜਾਂ ਫਿਰ ਇੰਝ ਸਮਝ ਲਵੋ ਕਿ ਜੇਕਰ ਇੱਕ ਬੱਚਾ ਧਰਤੀ ਉੱਪਰ 3 ਫੁੱਟ ਉੱਚੀ ਛਾਲ ਮਾਰ ਸਕਦਾ ਹੈ ਤਾਂ ਚੰਦ ਉੱਪਰ ਉਹੀ ਬੱਚਾ, ਉਹੀ ਸ਼ਕਤੀ ਨਾਲ, 18 ਫੁੱਟ ਉੱਚੀ ਛਾਲ ਮਾਰ ਸਕਦਾ ਹੈ। ਸਪਸ਼ਟ ਹੈ ਕਿ 12-14 ਫੁੱਟ ਉੱਚੀ ਘਰ ਦੀ ਛੱਤ ਉੱਪਰ ਚੜ੍ਹਨ ਲਈ ਪੌੜੀ ਦੀ ਲੋੜ ਹੀ ਨਹੀਂ ਪਵੇਗੀ!!! ਪ੍ਰੰਤੂ ਚੰਦ ਅਤੇ ਧਰਤੀ ਦੋਵੇਂ ਇੱਕ ਦੂਜੇ ਨੂੰ ਖਿੱਚਦੇ ਹਨ। ਇਸੇ ਕਾਰਨ ਹੀ ਤਾਂ ਚੰਦ ਧਰਤੀ ਦੁਆਲੇ ਚੱਕਰ ਕੱਢ ਰਿਹਾ ਹੈ।

ਸਾਥੀਓ? ਤੁਹਾਨੂੰ ਜੋਤਸ਼ੀਆਂ ਦੀ ਇੱਕ ਚਲਾਕੀ ਭਰਪੂਰ ਕਹਾਣੀ ਸੁਣਾ ਦੇਵਾਂ। ਉਹ ਵਿਗਿਆਨ ਦੇ ਉਸ ਨਿਯਮ ਦੀ ਵਿਆਖਿਆ ਤਾਂ ਦਿੰਦੇ ਹਨ ਜਿਸ ਨਾਲ ਉਹਨਾਂ ਦਾ ਤੋਰੀ ਫੁਲਕਾ ਚਲਦਾ ਰਹੇ, ਪਰ ਪੂਰੇ ਨਿਯਮ ਦੀ ਵਿਆਖਿਆ ਚਲਾਕੀ ਨਾਲ ਲੁਕੋ ਲੈਂਦੇ ਹਨ। ਉਨ੍ਹਾਂ ਦਾ ਕਥਨ ਹੈ ਕਿ ਜੇਕਰ ਚੰਦ ਅਤੇ ਸੂਰਜ ਦੀ ਖਿੱਚ ਸਮੁੰਦਰ ਵਿੱਚ ਜਵਾਰ-ਭਾਟਾ ਲਿਆ ਸਕਦੇ ਹਨ ਭਾਵ ਇਹਨਾਂ ਦੀ ਖਿੱਚ ਇੰਨੇ ਵੱਡੇ ਸਮੁੰਦਰ ਨੂੰ ਪ੍ਰਭਾਵਿਤ ਕਰ ਸਕਦੀ ਹੈ ਤਾਂ ਫਿਰ ਇਹ ਮਨੁੱਖੀ ਜੀਵਾਂ ਨੂੰ ਕਿਉਂ ਪ੍ਰਭਾਵਿਤ ਨਹੀਂ ਕਰੇਗੀ? ਜਵਾਰ-ਭਾਟਾ ਵਾਲੀ ਗੱਲ ਵਿਗਿਆਨਕ ਤੌਰ ਤੇ ਸਹੀ ਹੈ, ਪਰੰਤੂ ਮਨੁੱਖੀ ਖ਼ੂਨ (ਤਰਲ) ਨੂੰ ਪ੍ਰਭਾਵਿਤ ਕਰਨ ਵਾਲੀ



ਦਲੀਲ ਨੂੰ... ਵਿਗਿਆਨ ਦੀ ਤੱਕੜੀ ਵਿੱਚ ਅਸੀਂ ਇੰਝ ਤੋਲਾਂਗੇ। ਸਮੁੰਦਰੀ ਪਾਣੀ ਦੀ ਸਤਾਹ ਉੱਪਰ ਸਿਰਫ ਤੇ ਸਿਰਫ ਹਵਾ ਹੁੰਦੀ ਹੈ.. ਇਸਨੂੰ ਖੁੱਲ੍ਹਾ ਪ੍ਰਬੰਧ ਕਿਹਾ ਜਾਂਦਾ ਹੈ... ਪ੍ਰੰਤੂ ਮਨੁੱਖਾਂ ਦਾ ਖ਼ੂਨ ਖੁੱਲ੍ਹਾ ਪ੍ਰਬੰਧ ਨਹੀਂ ਹੈ, ਇਹ ਤਾਂ ਬਕਾਇਦਾ ਨਾੜੀਆਂ ਵਿੱਚ ਚੱਲ ਰਿਹਾ ਹੈ। ਦੂਜੇ ਮਨੁੱਖੀ ਦਿਲ ਦੁਆਰਾ ਖ਼ੂਨ ਉੱਪਰ ਲਗਾਇਆ ਗਿਆ ਦਬਾਅ (ਪ੍ਰੈਸ਼ਰ) ...ਚੰਦ ਜਾਂ ਸੂਰਜ ਦੁਆਰਾ ਲਗਾਈ ਗਈ ਖਿੱਚ ਸ਼ਕਤੀ ਤੋਂ ਕਈ ਗੁਣਾ ਜ਼ਿਆਦਾ ਹੈ। ਇਸ ਵਿਗਿਆਨਕ ਉਹਲੇ ਦਾ ਜੋਤਸ਼ੀ ਕਦੇ ਵੀ ਵਿਆਖਿਆਨ ਨਹੀਂ ਕਰਦੇ। ਸੋ ਇਹ ਸਪਸ਼ਟ ਹੈ ਕਿ ਚੰਦ/ਸੂਰਜ ਦੀ, ਮੱਸਿਆ ਅਤੇ ਪੁੰਨਿਆ ਨੂੰ ਲਗਾਈ ਖਿੱਚ ਸ਼ਕਤੀ, ਮਨੁੱਖੀ ਦਿਲ ਦੁਆਰਾ ਲਗਾਏ ਗਏ ਬਲ ਤੋਂ ਘੱਟ ਹੋਣ ਕਾਰਨ, ਇਸਦਾ ਮਨੁੱਖੀ ਜੀਵਨ ਉੱਪਰ ਕੋਈ ਅਸਰ ਨਹੀਂ ਹੈ। ਸੋ ਚੰਦ ਕਿਸੇ ਵੀ ਮਰਦ, ਔਰਤ, ਬੱਚੇ, ਜਾਂ ਬੁੱਢੇ ਨੂੰ ਕਿਸੇ ਵੀ ਤਰ੍ਹਾਂ ਪ੍ਰਭਾਵਿਤ ਨਹੀਂ ਕਰਦਾ। ਜੇ ਇਹ ਖਿੱਚਦਾ ਹੈ ਤਾਂ ਪੂਰੀ ਧਰਤੀ ਨੂੰ ਹੀ ਖਿੱਚਦਾ ਹੈ, ਇਕੱਲੇ-ਇਕੱਲੇ ਮਨੁੱਖ ਨੂੰ ਚੰਦ ਦੁਆਰਾ ਖਿੱਚਣ ਦੀ ਸ਼ਕਤੀ ਤਾਂ ਧਰਤੀ ਦੀ ਮਨੁੱਖ ਉੱਪਰ ਲੱਗ ਰਹੀ ਗੁਰਤਾ ਆਕਰਸ਼ਣ ਤੋਂ ਵੀ ਸੈਂਕੜੇ ਗੁਣਾਂ ਘੱਟ ਹੈ।

ਦੋਸਤੋ, ਸਾਡੇ ਗਵਾਂਢੀ ਚੰਦ ਦੇ ਦਿਨ ਰਾਤ ਬਾਰੇ ਕੁੱਝ ਗੱਲਾਂ ਹੋ ਜਾਣ... ਚੰਦ ਧਰਤੀ ਦੇ ਆਲੇ ਦੁਆਲੇ ਆਪਣਾ ਇੱਕ ਚੱਕਰ 27 ਦਿਨ ਅਤੇ 8 ਘੰਟਿਆਂ ਵਿੱਚ ਪੂਰਾ ਕਰਦਾ ਹੈ। ਚੰਦ ਦਾ ਇੱਕ ਦਿਨ ਸਾਡੇ ਦੋ ਹਫਤਿਆਂ ਦੇ ਬਰਾਬਰ ਹੁੰਦਾ ਹੈ ਅਤੇ ਰਾਤ ਵੀ ਦੋ ਹਫਤਿਆਂ ਦੇ ਬਰਾਬਰ। ਭਾਵ ਧਰਤੀ ਦੇ ਦਿਨ ਰਾਤ 24 ਘੰਟਿਆਂ ਦਾ ਹੁੰਦਾ ਹੈ ਅਤੇ ਚੰਦ ਦਾ ਇੱਕ ਦਿਨ ਰਾਤ 4 ਹਫਤਿਆਂ ਦੇ ਬਰਾਬਰ ਭਾਵ 29 ਦਿਨਾਂ ਤੋਂ ਥੋੜ੍ਹਾ ਜ਼ਿਆਦਾ ਹੁੰਦਾ ਹੈ। ਇਸਦਾ ਮਤਲਬ ਹੈ ਕਿ ਅਸੀਂ ਧਰਤੀ ਤੋਂ ਹਮੇਸ਼ਾ ਹੀ ਚੰਦ ਦਾ ਸਿਰਫ ਇੱਕ ਪਾਸਾ ਹੀ ਵੇਖ ਸਕਦੇ ਹਾਂ।

ਕਹਾਣੀ ਸੁਣਾਉਂਦੇ ਸੁਣਾਉਂਦੇ ਅਸੀਂ ਕਦੋਂ ਚੰਦ ਉੱਪਰ ਪਹੁੰਚ ਗਏ ਪਤਾ ਹੀ ਨਹੀਂ ਲੱਗਾ। ਆਓ ਉੱਤਰਦੇ ਹਾਂ ਚੰਦ ਦੀ ਪਥਰੀਲੀ ਜਮੀਨ ਉੱਪਰ। ਚਾਰੇ ਪਾਸੇ ਪਹਾੜ, ਚੰਦ ਉੱਪਰ ਡਿੱਗੇ ਉਲਕਾ ਪਿੰਡਾਂ ਦੁਆਰਾ ਪੁੱਟੇ ਗਏ ਡੂੰਘੇ ਟੋਏ... ਡੂੰਘੇ ਹਨੇਰੇ ਸਥਾਨ ਜਿਵੇਂ ਕਿ ਸਮੁੰਦਰ ਸੁੱਕ ਗਏ ਹੋਣ... ਅਜੀਬ ਜਿਹਾ ਨਜ਼ਾਰਾ ਹੈ। ਕੋਈ ਹਵਾ ਨਹੀਂ, ਕੋਈ ਬੱਦਲ ਨਹੀਂ... ਦਿਨੇ ਵੀ ਅਸਮਾਨ ਕਾਲਾ.... ਤਾਰਿਆਂ ਨਾਲ ਭਰਿਆ ਹੋਇਆ!!! ਦੋਸਤੋ ਇਥੇ ਚੰਦ

ਦੀ ਸਤਾਹ ਤੋਂ ਉੱਪਰ ਵੱਲ ਵੇਖਿਆਂ ਕੋਈ ਚੰਦ ਨਜ਼ਰ ਨਹੀਂ ਆਉਂਦਾ ਸਗੋਂ ਚੜ੍ਹਦੀ ਅਤੇ ਛਿਪਦੀ ਹੋਈ ਧਰਤੀ ਨਜ਼ਰ ਆਉਂਦੀ ਹੈ... ਹੁਣ ਜੋਤਿਸ਼ ਅਤੇ ਜੋਤਿਸ਼ੀ ਕੀ ਕਰਨਗੇ? ...ਲੱਭਣਗੇ ਧਰਤੀ ਗ੍ਰਹਿ ਦਾ ਅਸਰ ਸਾਡੇ ਸਾਰਿਆਂ ਉੱਪਰ !!! ਕਿਉਂਕਿ ਚੰਦ ਉਪਰੋਂ ਵੇਖਿਆਂ ਧਰਤੀ ਚੰਦ ਦੁਆਲੇ ਘੁੰਮਦੀ ਪ੍ਰਤੀਤ ਹੁੰਦੀ ਹੈ।

ਦੋਸਤੋ, ਅਸੀਂ ਤਾਂ ਚੰਦ ਬਾਰੇ ਗੱਲਾਂ ਗੱਲਾਂ ਵਿੱਚ ਇਹ ਭੁੱਲ ਹੀ ਗਏ ਕਿ ਚੰਦ ਨੂੰ ਦਰਪੇਸ਼ ਰਾਹੂ-ਕੇਤੂ ਵਾਲੀ ਇੱਕ ਵੱਡੀ ਮੁਸ਼ਕਿਲ ਵੀ ਹੈ। ਚਲੋ ਪਹਿਲਾਂ ਇਸ ਬਾਰੇ ਹੀ ਵਿਚਾਰ ਕਰ ਲਈਏ। ਜੋਤਿਸ਼ ਦਸਦਾ ਹੈ ਕਿ ਚੰਦ ਗ੍ਰਹਿ ਸਮੇਂ ਰਾਹੂ-ਕੇਤੂ ਦੋ ਨੀਚ ਗ੍ਰਹਿਆਂ ਨੇ ਚੰਦ ਨੂੰ ਘੇਰ ਲਿਆ ਹੈ, ਕਿਉਂਕਿ ਚੰਦ ਦੇਵਤਾ ਨੇ ਇੰਨ੍ਹਾਂ ਦੋਨਾਂ ਦੁਸ਼ਟਾਂ ਦਾ ਕਰਜ਼ਾ ਦੇਣਾ ਹੈ... ਸੋ ਚੰਦ ਦੇਵਤਾ ਦੇ ਕਰਜ਼ਾ ਲਾਹੁਣ ਬਹਾਨੇ ਜੋਤਸ਼ੀਆਂ, ਢੌਂਗੀਆਂ ਦਾ 6 ਮਹੀਨੇ ਜੋਗਾ ਆਟਾ, ਕਣਕ, ਕੱਪੜੇ ਆਦਿ ਦਾਨ ਵਿੱਚ ਮਿਲ ਜਾਂਦੇ ਹਨ। ਅਸਲ ਵਿੱਚ ਤਾਂ ਸ਼ਾਇਦ ਜਾਣਕਾਰੀ ਦੀ ਘਾਟ ਹੋਣ ਕਰਕੇ ਲੋਕਾਂ ਨੇ ਜੋਤਸ਼ੀਆਂ ਦਾ ਕਰਜ਼ਾ ਦੇਣਾ ਹੁੰਦਾ ਹੈ ਜੋ ਉਹ ਬੇਚਾਰੇ ਦੇਈ ਜਾਂਦੇ ਹਨ।

ਪ੍ਰੰਤੂ ਅਸਲੀਅਤ ਇਹ ਹੈ ਕਿ ਸਾਡੇ ਸੂਰਜ ਮੰਡਲ ਵਿੱਚ ਰਾਹੂ, ਕੇਤੂ ਨਾਂ ਦੇ ਕੋਈ ਸਥੂਲ ਗ੍ਰਹਿ ਹੀ ਨਹੀਂ ਹਨ। ਇੰਝ ਵਾਪਰਦਾ ਹੈ ਕਿ ਚੰਦ ਉੱਪਰ ...ਸਾਡੀ ਧਰਤੀ ਦੀ ਛਾਂ ਉਦੋਂ ਹੀ ਪੈਂਦੀ ਹੈ, ਜਦੋਂ ਪੂਰਨਮਾਸੀ ਵਾਲੇ ਦਿਨ ਧਰਤੀ... ਸੂਰਜ ਅਤੇ ਚੰਦ ਦੇ, ਵਿਚਕਾਰ ਅਤੇ ਸਿੱਧੀ ਲਾਈਨ ਵਿੱਚ ਆ ਜਾਂਦੀ ਹੈ। ਬਸ...ਸੂਰਜ ਦੀ ਰੋਸ਼ਨੀ ਚੰਦ ਦੇ ਜਿਸ ਹਿੱਸੇ ਉੱਪਰ ਨਹੀਂ ਪੈਂਦੀ। ਉਹ ਹਿੱਸਾ ਧਰਤੀ ਦੀ ਛਾਂ ਵਿੱਚ ਕਾਲਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਜਦੋਂ ਚੰਦ ... ਧਰਤੀ ਅਤੇ ਸੂਰਜ ਵਿਚਕਾਰ ਆ ਜਾਂਦਾ ਹੈ ਤਾਂ ਚੰਦ ਦੀ ਟਿੱਕੀ, ਸੂਰਜ ਦੀ ਟਿੱਕੀ ਦੇ ਅੱਗੇ ਆ ਕੇ ਉਸਨੂੰ ਪੂਰੀ ਤਰ੍ਹਾਂ ਢੱਕ ਲੈਂਦੀ ਹੈ। ਸਿੱਟੇ ਵਜੋਂ ਦਿਨ ਵੇਲੇ ਹੀ ਹਨੇਰਾ ਹੋਣ ਲਗਦਾ ਹੈ। ਕੁਝ ਦੇਰ ਬਾਅਦ ਚੰਦ ਆਪਣੇ ਰਸਤੇ ਚਲਦਾ ਅੱਗੇ ਨਿਕਲ ਜਾਂਦਾ ਹੈ ਅਤੇ ਸੂਰਜ ਫੇਰ ਨਜ਼ਰ ਆਉਣ ਲੱਗ ਜਾਂਦਾ ਹੈ। ਦਾਨ ਕਰੋ ਜਾ ਨਾਂ, ਕੋਈ ਫਰਕ ਨਹੀਂ ਪੈਂਦਾ। ਇਹ ਸਭ ਕੁੱਝ ਕਰੋੜਾਂ ਸਾਲਾਂ ਤੋਂ ਹੁੰਦਾ ਆਇਆ ਹੈ ਅਤੇ ਹੁੰਦਾ ਰਹੇਗਾ। ਇਸ ਦਾ ਕਿਸੇ ਤਰ੍ਹਾਂ ਦਾ ਕੋਈ ਵੀ ਮਾੜਾ ਪ੍ਰਭਾਵ, ਕਿਸੇ ਵੀ ਔਰਤ, ਮਰਦ, ਬੱਚੇ, ਬੁੱਢੇ ਜਾਂ ਹੋਰਾਂ ਜੀਵਾਂ ਉੱਪਰ ਨਹੀਂ ਪੈਂਦਾ। ਗਰਭਵਤੀ ਔਰਤਾਂ ਉੱਪਰ ਇਸਦੇ ਅਸਰ ਦੀ ਗੱਲ ਕੀਤੀ ਜਾਂਦੀ ਹੈ। ਸਾਥੀਓ ਕੀ ਤੁਸੀਂ ਅੱਜ ਤੱਕ ਆਪਣੇ ਅੱਖੀਂ ਕਦੇ ਕਿਸੇ ਨਵੇਂ ਜੰਮੇ ਬੱਚੇ ਉੱਪਰ ਗ੍ਰਹਿਣ ਦਾ ਅਸਰ ਵੇਖਿਆ ਹੈ? ਤੁਸੀਂ ਨਹੀਂ ਵੇਖਿਆ ਅਤੇ ਨਾ ਹੀ ਵੇਖੋਗੇ, ਫਿਰ ਸੁਣੀਆਂ ਸੁਣਾਈਆਂ ਜਾਂ ਜੋਤਿਸ਼ੀਆਂ ਦੁਆਰਾ ਸਧਾਰਣ ਮਨੁੱਖਾਂ ਨੂੰ ਡਰਾਉਣ ਲਈ ਚਲਾਈਆਂ ਗੱਲਾਂ ਨੂੰ ਕਿਉਂ ਆਪਣੀ ਸੋਚ ਵਿੱਚ ਥਾਂ ਦੇਈ ਬੈਠੇ ਹੋ। ਫੈਸਲਾ ਤੁਹਾਡੇ ਹੱਥ। ਪਰ ਇੱਕ ਗੱਲ ਦਾ ਖਿਆਲ ਜਰੂਰ ਰੱਖਣਾ ਕਿ ਸੂਰਜ ਗ੍ਰਹਿਣ ਨੂੰ ਸਿੱਧਿਆਂ ਨੰਗੀ ਅੱਖ ਨਾਲ ਕਦੇ ਨਹੀਂ ਵੇਖਣਾ.. ਇਹ ਗ੍ਰਹਿਣ ਦਾ ਅਸਰ ਨਹੀਂ.. .ਸਗੋਂ ਸੂਰਜ ਵੱਲ ਤਾਂ ਕਦੀ ਵੀ ਸਿੱਧਿਆਂ ਨਹੀਂ ਵੇਖਣਾ... ਨਹੀਂ ਤਾਂ ਸੂਰਜ ਦੀ ਤੇਜ਼ ਗਰਮੀ ਨਾਲ ਸਦਾ ਲਈ ਅੰਨਾਪਣ ਹੋ ਜਾਵੇਗਾ। ਦੋਸਤੋ, ਔਹ ਸਾਹਮਣੇ ਵੇਖੋ ਇੱਕ ਬਹੁਤ ਚਮਕਦਾ ਤਾਰਾ.. ਇਹ ਤਾਰਾ ਨਹੀਂ... ਸ਼ੁੱਕਰ ਗ੍ਰਹਿ ਹੈ... ਯਾਤਰਾ ਜਾਰੀ ਹੈ, ਆਸ ਹੈ ਕਿ ਤੁਸੀਂ ਅਗਲੇ ਅੰਕ ਵਿੱਚ ਮੇਰੇ ਨਾਲ ਸ਼ੁੱਕਰ ਗ੍ਰਹਿ ਦੀ ਸੈਰ ਜਰੂਰ ਕਰੋਗੇ। (ਚਲਦਾ)

94634-89789

ਮਸ਼ਵਰਾ ਕੇਂਦਰ ਬਰਗਾੜੀ ਲਈ ਆਈ ਸਹਾਇਤਾ

1. ਬਲਦੇਵ ਸਿੰਘ ਪੰਚ ਮਾਣੂੰਕੇ ਤੇ ਸਮੂਹ ਗਿੱਲ ਪਰਿਵਾਰ ਵੱਲੋਂ (ਆਪਣੀ ਮਾਤਾ ਸੁਰਜੀਤ ਕੌਰ ਦੀ ਯਾਦ ਵਿਚ)	2100/-
2. ਕ੍ਰਿਸ਼ਨ ਬਰਗਾੜੀ ਦੇ ਪਰਿਵਾਰ ਵੱਲੋਂ	1400/-
3. ਇੰਜਨੀਅਰ ਭਜਨ ਸਿੰਘ ਬਰਾੜ ਕੈਨੇਡੀਅਨ	1000/-
4. ਮਾਸਟਰ ਰਾਮ ਕੁਮਾਰ ਭਦੌੜ	500/-
5. ਬਿਕਰਮਜੀਤ ਬਠਿੰਡਾ	500/-
6. ਅਮਰ ਸਿੰਘ ਮਲੂਕਾ	500/-
7. ਮਾਸਟਰ ਰਘੂਬੀਰ ਨਾਥ ਭਦੌੜ	250/-
8. ਗੁਰਬਚਨ ਸਿੰਘ ਭਗਤਾ ਭਾਈ	250/-

? ਪ੍ਰਸ਼ਨ : ਕਿਰਲੀ ਦੀ ਪੂੰਛ ਕਿਉਂ ਟੁੱਟ ਕੇ ਦੁਬਾਰਾ ਆ ਜਾਂਦੀ ਹੈ?

ਜਗਿਆਸਾ



(ਮਨਪ੍ਰੀਤ, ਸੰਤ ਅਤਰ ਸਿੰਘ ਪਬਲਿਕ ਸਕੂਲ, ਹਰਿਆਊ)

- ਦੁਧਾਰੂ ਪਸ਼ੂ ਜਿਵੇਂ ਗਊ, ਮੱਝ, ਭੇਡ, ਬੱਕਰੀ ਆਦਿ ਦੀ ਪੂੰਛ ਉਹਨਾਂ ਦੇ ਸਰੀਰ ਵਿੱਚ ਹਾਜ਼ਰ ਰੀੜ੍ਹ ਦੀ ਹੱਡੀ ਦਾ ਹੀ ਵਾਧਾ ਹੁੰਦਾ ਹੈ। ਭਾਵ ਉਹਨਾਂ ਦੀ ਪੂੰਛ ਦੇ ਹੱਡੀਆਂ ਦੇ ਮਣਕੇ (vertbra) ਹੁੰਦੇ ਹਨ। ਜੀਵ ਜੰਤੂਆਂ ਵਿੱਚ ਪੂੰਛ ਦੇ ਵੱਖ ਵੱਖ ਕੰਮ ਹੁੰਦੇ ਹਨ। ਕਿਰਲੀ ਇੱਕ ਰੀਂਗਣ ਵਾਲਾ ਜੀਵ ਹੈ ਜਿਹੜਾ ਆਪਣਾ ਪੇਟ ਧਰਤੀ ਉੱਪਰ ਲਗਾ ਕੇ ਚੱਲਦੀ ਹੈ। ਇਸਦੀ ਪੂੰਛ ਦੇ ਕਾਫੀ ਹਿੱਸੇ ਵਿੱਚ ਹੱਡੀਆਂ ਦੇ ਮਣਕੇ ਨਹੀਂ ਹੁੰਦੇ। ਜੀਵਾਂ ਦੇ ਸਰੀਰ ਵਿੱਚ ਚਰਬੀ ਜਮ੍ਹਾਂ ਹੁੰਦੀ ਰਹਿੰਦੀ ਹੈ ਤਾਂ ਜੋ ਉਹ ਇਸਦੀ ਵਰਤੋਂ ਉਦੋਂ ਕਰ ਸਕਣ ਜਦੋਂ ਕੁਝ ਦਿਨਾਂ ਲਈ ਉਹਨਾਂ ਨੂੰ ਭੋਜਨ ਨਾ ਮਿਲੇ। ਹਰ ਇੱਕ ਜੀਵ ਵਿੱਚ ਇਹ ਚਰਬੀ ਸਟੋਰ ਕਰਨ ਵਾਲੇ ਸੈੱਲ ਹੁੰਦੇ ਹਨ ਪਰ ਕਿਰਲੀ ਦਾ ਸਰੀਰ ਕਿਉਂਕਿ ਬਹੁਤ ਛੋਟਾ ਹੁੰਦਾ ਹੈ। ਇਸ ਲਈ ਇਸ ਦੇ ਸ਼ਰੀਰ ਵਿੱਚ ਚਰਬੀ ਜਮ੍ਹਾਂ ਕਰਨ ਵਾਲੇ ਸੈੱਲ ਇਸਦੀ ਪੂੰਛ ਵਿੱਚ ਹੁੰਦੇ ਹਨ। ਸਰਦੀਆਂ ਵਿੱਚ ਕਿਰਲੀਆਂ ਨੇ ਠੰਡ ਤੋਂ ਬਚਣ ਲਈ ਘਰਾਂ ਵਿੱਚ ਅਜਿਹੇ ਥਾਵਾਂ ਉੱਪਰ ਛੁੱਪ ਕੇ ਰਹਿਣਾ ਹੁੰਦਾ। ਜਿੱਥੇ ਇਹਨਾਂ ਦਾ ਸਰਦੀ ਤੋਂ ਬਚਾ ਹੋਇਆ ਰਹੇ ਕਿਉਂਕਿ ਇਹ ਆਪਣੇ ਸਰੀਰ ਦਾ ਤਾਪਮਾਨ ਸਥਿਰ ਨਹੀਂ ਰੱਖ ਸਕਦੀਆਂ। ਇਸ ਲਈ ਇਹ ਤਕਰੀਬਨ 3-4 ਮਹੀਨੇ ਤੱਕ ਬਾਹਰ ਨਹੀਂ ਨਿਕਲਦੀਆਂ ਹਨ ਅਤੇ ਨਾ ਹੀ ਭੋਜਨ ਕਰਦੀਆਂ ਹਨ। ਉਦੋਂ ਇਹ ਪੂੰਛ ਵਿੱਚ ਜਮ੍ਹਾਂ ਹੋਇਆ ਭੋਜਨ ਹੀ ਇਸਤੇਮਾਲ ਕਰਦੀਆਂ ਹਨ। ਦੂਜੇ ਕਿਰਲੀ ਆਪਣੀ ਪੂੰਛ ਦੀ ਵਰਤੋਂ ਦੁਸ਼ਮਣਾਂ ਤੋਂ ਬਚਾਅ ਲਈ ਵੀ ਕਰਦੀ ਹੈ। ਜੇਕਰ ਸੱਪ ਵਗੈਰਾ ਕਿਰਲੀ ਨੂੰ ਪਿੱਛੋਂ ਪਕੜ ਲਏ ਤਾਂ ਇਹ ਪੂੰਛ ਤੁੜਾ ਕੇ ਆਪ ਆਪਣੀ ਜਾਨ ਬਚਾ ਲੈਂਦੀ ਹੈ। ਕਿਉਂਕਿ ਇਸਦੀ ਪੂੰਛ ਦੇ ਕਾਫੀ ਹਿੱਸੇ ਵਿੱਚ ਹੱਡੀਆਂ ਨਹੀਂ ਹੁੰਦੀਆਂ। ਇਸ ਲਈ ਇਹ ਸਰੀਰ ਦੇ ਬਾਕੀ ਪੱਠੇ/ਸੈੱਲਾਂ ਦੀ ਤਰ੍ਹਾਂ ਦੁਬਾਰਾ ਆ ਜਾਂਦੀ ਹੈ ਇਸਨੂੰ Regeneration ਕਿਹਾ ਜਾਂਦਾ ਹੈ। ਮਨੁੱਖ ਦੇ ਸਰੀਰ ਵਿੱਚ ਵੀ ਪੱਠਿਆਂ ਵਾਲੇ ਜ਼ਖ਼ਮ ਦੁਬਾਰਾ ਭਰ ਜਾਂਦੇ ਹਨ ਪਰ ਟੁੱਟੀ ਹੱਡੀ ਕਦੇ ਵੀ ਦੁਬਾਰਾ ਨਹੀਂ ਉੱਗਦੀ। ਇਸ ਲਈ ਕਿਰਲੀ ਦੀ ਪੂੰਛ ਅਸਾਨੀ ਨਾਲ ਟੁੱਟ ਵੀ ਜਾਂਦੀ ਹੈ ਅਤੇ ਦੁਬਾਰਾ ਆ ਵੀ ਜਾਂਦੀ ਹੈ।

ਡਾ. ਅਵਤਾਰ ਸਿੰਘ ਢੀਂਡਸਾ

? 'ਜੰਕ ਫੂਡ' ਕੀ ਹੈ, ਇਸ ਦਾ ਇਹ ਨਾਮ ਕਿਵੇਂ ਪਿਆ, ਕੀ ਸਾਨੂੰ ਇਸ ਦਾ ਸੇਵਨ ਕਰਨਾ ਚਾਹੀਦਾ ਹੈ?

– ਅਮਰੀਕਾ ਵਿੱਚ ਜਦੋਂ ਬਰਗਰ, ਪੀਜਾ, ਫਰੇਂਚ ਫਰਾਈਜ਼ ਅਤੇ ਹੈਸ਼ ਬਰਾਊਨ ਕਿਸਮ ਦੀ ਖਾਣ-ਸਮੱਗਰੀ ਦੀ ਵਰਤੋਂ ਵਧਣ ਲੱਗੀ ਤਾਂ ਉੱਥੋਂ ਦੇ 'ਸੈਂਟਰ ਫਾਰ ਸਾਇੰਸ ਇਨ ਦਾ ਪਬਲਿਕ ਇੰਟਰਸਟ' ਦੇ ਡਾਇਰੈਕਟਰ ਮਾਈਕਲ ਜੈਕਾਪਸਨ ਨੇ 70 ਦੇ ਦਹਾਕੇ ਵਿੱਚ ਇਸ ਪ੍ਰਕਾਰ ਦੇ ਭੋਜਨ ਦਾ 'ਜੰਕ ਫੂਡ' ਨਾਮ ਦੇ ਕੇ ਲੋਕਾਂ ਨੂੰ ਦੱਸਿਆ ਕਿ ਜਿਆਦਾ ਨਮਕ, ਚੀਨੀ, ਮਿਰਚ-ਮਸਾਲੇ, ਟ੍ਰਾਂਸਫੈਟ ਅਤੇ ਮੋਨੋਸੋਡੀਅਮ ਗਲੂਟਾਮੇਟ ਆਦਿ ਰਸਾਇਣਾਂ ਨਾਲ ਤਿਆਰ ਭੋਜਨ ਸੁਆਦੀ ਤਾਂ ਹੈ, ਪਰ ਇਹ ਸਿਹਤ ਲਈ ਨੁਕਸਾਨਦਾਇਕ ਹੈ। ਇਸ ਪ੍ਰਕਾਰ ਦੇ ਭੋਜਨ ਵਿੱਚੋਂ ਸਾਨੂੰ ਜਰੂਰੀ ਪ੍ਰੋਟੀਨ, ਵਿਟਾਮਿਨ, ਖਣਿਜ, ਫਾਈਬਰ ਅਤੇ ਹੋਰ ਪੌਸ਼ਟਿਕ ਤੱਤ ਨਹੀਂ ਮਿਲਦੇ। ਇਹ ਭੋਜਨ ਬੇਕਾਰ ਹੈ। Junk ਸ਼ਬਦ ਅੰਗਰੇਜੀ ਦਾ ਹੈ। ਇਸ ਦਾ ਸ਼ਾਬਦਿਕ ਅਰਥ ਹੈ-ਕਬਾੜ। ਸਾਨੂੰ ਇੰਨ੍ਹਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ।

(ਦੇਵਕੀ ਨੰਦਨ, ਵਿਗਿਆਨ ਪ੍ਰਗਤੀ)

ਸੁਪਨਿਆਂ ਦੇ ਰੰਗ

ਇੱਕ ਖ਼ੋਜ ਅਨੁਸਾਰ ਜਪਾਨ ਦੇ ਵਿਗਿਆਨਕਾਂ ਨੇ ਸੁਪਨਿਆਂ ਨੂੰ ਪੜ੍ਹਨ ਦਾ ਤਰੀਕਾ ਲੱਭਿਆ ਹੈ। ਸਾਇੰਸ ਜਨਰਲ 'ਚ ਛਪੀ ਰਿਪੋਰਟ ਅਨੁਸਾਰ ਜਪਾਨ ਦੇ ਖੋਜੀਆਂ ਨੇ ਐੱਮ.ਆਰ.ਆਈ. ਸਕੈਨ ਵਿੱਚ ਨੀਂਦ ਦੀ ਸ਼ੁਰੂਆਤੀ ਅਵਸਥਾ ਦੌਰਾਨ ਵੇਖੀਆਂ ਗਈਆਂ ਚੀਜ਼ਾਂ ਦਾ ਅਨੁਮਾਨ ਲਗਾਇਆ। ਰਿਪੋਰਟ ਅਨੁਸਾਰ ਇਹ ਅਨੁਮਾਨ 60 ਫੀਸਦੀ ਤੱਕ ਠੀਕ ਪਾਏ ਗਏ। ਹੁਣ ਖ਼ੋਜ ਕਰਤਾ ਇਹ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮਾਨਸਿਕ ਹਲਚਲਾਂ ਨਾਲ ਨੀਂਦ ਦੇ ਦੌਰਾਨ ਮਹਿਸੂਸ ਕੀਤੀਆਂ ਗਈਆਂ ਹੋਰ ਗੱਲਾਂ ਜਿਵੇਂ ਕਿ ਭਾਵਨਾਵਾਂ ਦਾ ਵੀ ਅਨੁਮਾਨ ਲਗਾਇਆ ਜਾ ਸਕਦਾ ਹੈ?

ਖ਼ੋਜ ਕਰਤਾਵਾਂ ਦੇ ਦਲ ਨੇ ਤਿੰਨ ਵਿਅਕਤੀਆਂ ਦੇ ਸੌਣ ਸਮੇਂ ਉਨ੍ਹਾਂ ਦੇ ਕੀਤੇ ਗਏ ਐੱਮ.ਆਰ.ਆਈ. ਸਕੈਨ ਦੌਰਾਨ ਪੂਰੀ ਨਜ਼ਰ ਰੱਖੀ ਗਈ। ਜਿਉਂ ਹੀ ਉਨ੍ਹਾਂ ਨੂੰ ਸਕੈਨਰ ਅੰਦਰ ਨੀਂਦ ਆਈ ਤਾਂ ਉਨ੍ਹਾਂ ਨੂੰ ਉਠਾ ਦਿੱਤਾ ਗਿਆ ਤੇ ਇਹ ਯਾਦ ਕਰਨ ਲਈ ਕਿਹਾ ਗਿਆ ਕਿ ਉਨ੍ਹਾਂ ਕੀ ਵੇਖਿਆ ਸੀ। ਕਿਸੇ ਤਸਵੀਰ ਨੂੰ, ਕਿਸੇ ਬਰਫ਼ ਦੇ ਟੁਕੜੇ ਨੂੰ ਜਾਂ ਫਿਰ ਕੋਈ ਅਜੀਬ ਲੱਗਣ ਵਾਲੀ ਵਸਤੂ ਨੂੰ। ਹਰ ਵਿਅਕਤੀ ਨਾਲ ਇਸ ਕ੍ਰਿਆ ਨੂੰ 200 ਵਾਰ ਦੁਹਰਾਇਆ ਗਿਆ। ਇਸ ਤਜਰਬੇ ਉਪਰੰਤ ਖ਼ੋਜ ਕਰਤਾਵਾਂ ਨੇ ਇੱਕ ਡਾਟਾਬੇਸ ਬਣਾਇਆ ਜਿਸ ਵਿੱਚ ਇੱਕੋ ਵਰਗੀ ਦਿਸਣ ਵਾਲੀਆਂ ਵਸਤੂਆਂ ਨੂੰ ਇੱਕੋ ਗਰੁੱਪ ਵਿੱਚ ਰੱਖ ਦਿੱਤਾ। ਉਦਾਰਹਣ ਵਜੋਂ ਹੋਟਲ, ਘਰ, ਇਮਾਰਤ ਨੂੰ ਮਕਾਨ ਨਾਮ ਦੇ ਇੱਕ ਗਰੁੱਪ ਵਿੱਚ ਰੱਖ ਦਿੱਤਾ ਗਿਆ। ਇਸ ਉਪਰੰਤ ਉਨ੍ਹਾਂ ਭਾਗ ਲੈਣ ਵਾਲੇ ਵਿਅਕਤੀਆਂ ਦਾ ਫਿਰ ਤੋਂ ਸਕੈਨ ਕੀਤਾ ਪਰ ਉਨ੍ਹਾਂ ਦੇ ਜਾਗਦੇ ਹੋਏ, ਉਸ ਸਮੇਂ ਜਦੋਂ ਉਹ ਕੰਪਿਊਟਰ ਤੇ ਤਸਵੀਰਾਂ ਵੇਖ ਰਹੇ ਸਨ। ਉਨ੍ਹਾਂ ਨੂੰ ਸਬੰਧਤ ਤਸਵੀਰਾਂ ਦੇ ਨਾਲ-ਨਾਲ ਦਿਮਾਗ਼ ਵਿੱਚ ਉਸੇ ਤਰ੍ਹਾਂ ਦੀ ਹਲਚਲ ਵੇਖਣ ਨੂੰ ਮਿਲੀ। ਪ੍ਰੋ. ਕਾਮਿਤਾਨੀ ਦਸਦੇ ਹਨ ਕਿ ਅਸੀਂ ਸੁਪਨਿਆਂ ਵਿੱਚ ਦੇਖੀਆਂ ਗਈਆਂ ਵਸਤੂਆਂ ਨੂੰ ਜਾਣਨ ਵਿੱਚ ਸਫ਼ਲ ਰਹੇ ਤੇ ਭਾਗ ਲੈਣ ਵਾਲੇ ਵਿਅਕਤੀਆਂ ਨੇ ਵੀ ਇਸ ਦਾ ਸਮਰਥਨ ਕੀਤਾ। ਹੁਣ ਖੋਜ ਕਰਤਾ ਡੂੰਘੀ ਨੀਂਦ ਵਿੱਚ ਦੇਖਣਾ ਚਾਹੁੰਦੇ ਹਨ। ਮੰਨਿਆ ਜਾਂਦਾ ਹੈ ਕਿ ਇਸ ਨੀਂਦ ਦੌਰਾਨ ਸੁਪਨੇ ਜ਼ਿਆਦਾ ਸਜੀਵ ਹੁੰਦੇ ਹਨ। ਖੋਜੀ ਇਹ ਵੀ ਜਾਣਨਾ ਚਾਹੁੰਦੇ ਹਨ ਕਿ ਦਿਮਾਗ਼ ਦੇ ਸਕੈਨ ਨਾਲ ਭਾਵਨਾਵਾਂ, ਰੰਗਾਂ ਤੇ ਲੋਕਾਂ ਦੇ ਵਿਵਹਾਰ ਨੂੰ ਜਾਣਨ ਵਿੱਚ ਵੀ ਸਹਾਇਤਾ ਮਿਲ ਸਕਦੀ ਹੈ। ਖ਼ੋਜੀਆਂ ਦਾ ਮੰਨਣਾ ਹੈ ਕਿ ਭਾਵੇਂ ਇਹ ਇੱਕ ਲੰਬਾ ਕਾਰਜ ਹੈ ਤੇ ਅਜੇ ਬਹੁਤ ਕੁਝ ਖੋਜਣਾ ਬਾਕੀ ਹੈ ਪ੍ਰੰਤੂ ਹਾਲ ਦੀ ਘੜੀ ਇਹ ਖ਼ੋਜ ਦੀ ਚੰਗੀ ਸ਼ੁਰੂਆਤ ਹੈ।

ਗੰਜਾਪਣ ਤੇ ਦਿਲ ਦੇ ਰੋਗ

ਜਪਾਨ ਵਿੱਚ ਹੋਏ ਇੱਕ ਅਧਿਐਨ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਗੰਜੇ ਲੋਕਾਂ 'ਚ ਉਨ੍ਹਾਂ ਲੋਕਾਂ ਦੀ ਤੁਲਨਾ ਵਿੱਚ ਦਿਲ ਦੇ ਰੋਗਾਂ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜਿਨ੍ਹਾਂ ਦੇ ਸਿਰਾਂ ਤੇ ਭਰਪੂਰ ਵਾਲ ਹੁੰਦੇ ਹਨ। ਇੱਕ ਵਿਗਿਆਨ ਪੱਤ੍ਰਿਕਾ 'ਚ ਛਪੀ ਰਿਪੋਰਟ ਅਨੁਸਾਰ ਇਹ ਅਧਿਐਨ 37 ਹਜ਼ਾਰ ਲੋਕਾਂ ਤੇ ਕੀਤਾ ਗਿਆ। ਜਿਸ ਅਨੁਸਾਰ ਗੰਜਿਆਂ ਨੂੰ ਦਿਲ ਦੇ ਰੋਗਾਂ ਦੀ ਸੰਭਾਵਨਾ 32 ਫੀਸਦੀ ਵੱਧ ਹੋਣ ਦਾ ਨਤੀਜਾ ਸਾਹਮਣੇ ਆਇਆ ਹੈ। ਖ਼ੋਜ ਕਰਤਾਵਾਂ ਦਾ ਇਹ ਵੀ ਕਹਿਣਾ ਹੈ ਕਿ ਗੰਜਿਆਂ ਵਿੱਚ ਦਿਲ ਦੇ ਰੋਗਾਂ ਦਾ ਇਹ ਜੋਖ਼ਮ ਸਿਗਰੇਟ-ਬੀੜੀ ਦੀ ਵਰਤੋਂ ਕਰਨ ਵਾਲੇ ਤੇ ਮੋਟਾਪੇ ਦਾ ਸ਼ਿਕਾਰ ਲੋਕਾਂ ਦੀ ਤੁਲਨਾ ਵਿੱਚ ਘੱਟ ਹੈ। ਆਦਮੀਆਂ ਵਿੱਚ ਗੰਜਾਪਣ ਇੱਕ ਸਧਾਰਣ ਗੱਲ ਹੈ। ਉਮਰ ਵਧਣ ਨਾਲ ਉਨ੍ਹਾਂ ਦੇ ਵਾਲ ਵੀ ਡਿੱਗਣ ਲਗਦੇ ਹਨ। ਬਹੁਤ ਸਾਰੇ ਲੋਕ 50 ਸਾਲ ਦੀ ਉਮਰ ਤੱਕ ਗੰਜੇ ਹੋਣ ਲਗਦੇ ਹਨ ਜਦਕਿ 70 ਤੋਂ 80 ਫੀਸਦੀ ਲੋਕਾਂ ਦੇ ਵਾਲ ਝੜਨੇ ਸੁਭਾਵਕ ਗੱਲ ਹੈ। ਟੋਕੀਓ ਯੂਨੀਵਰਸਿਟੀ ਦੇ ਖ਼ੋਜੀਆਂ ਨੇ ਪੁਰਾਣੇ ਅਧਿਐਨਾਂ ਨੂੰ ਆਧਾਰ ਬਣਾ ਕੇ ਵਾਲਾਂ ਦੇ ਝੜਨ ਤੇ ਦਿਲ ਦੇ ਰੋਗਾਂ 'ਚ ਸਬੰਧ ਸਥਾਪਤ ਕੀਤਾ। ਅਧਿਐਨ ਦੇ ਆਧਾਰ ਤੇ ਉਨ੍ਹਾਂ ਦੱਸਿਆ ਕਿ ਸਿਰ ਦੇ ਝੜਦੇ ਵਾਲਾਂ ਦਾ ਸਬੰਧ ਕੋਰਨੋਰੀ ਦਿਲ ਦੇ ਰੋਗਾਂ ਭਾਵ ਦਿਲ ਨੂੰ ਖ਼ੂਨ ਤੇ ਆਕਸੀਜਨ ਦੀ ਸਪਲਾਈ ਕਰਨ ਵਾਲੀਆਂ ਧਮਨੀਆਂ ਵਿੱਚ ਅਸਮਾਨਤਾ ਨਾਲ ਹੁੰਦਾ ਹੈ। ਹਾਲਾਂਕਿ ਵਾਲਾਂ ਦਾ ਝੜਨਾ ਘੱਟ ਹੋਣ ਨਾਲ ਦਿਲ ਦੇ ਰੋਗਾਂ ਸਬੰਧੀ ਜੋਖ਼ਮ ਤੇ ਕੋਈ ਪ੍ਰਭਾਵ ਨਹੀਂ ਦਿਸਦਾ। ਯੂਨੀਵਰਸਿਟੀ ਦੇ ਪ੍ਰੋਫੈਸਰ ਤੋਮੋਹਿਦੇ ਯਾਮਾਦਾ ਨੇ ਦੱਸਿਆ ਕਿ ਸਾਨੂੰ ਗੰਜੇਪਣ ਤੇ ਕੋਰੋਨਰੀ ਦਿਲ ਦੇ ਰੋਗਾਂ ਦੇ ਜੋਖ਼ਮ ਵਿੱਚ ਮਾਮੂਲੀ ਪਰ ਮਹੱਤਵਪੂਰਨ ਸਬੰਧ ਦਾ ਪਤਾ ਚੱਲਿਆ ਹੈ। ਉਨ੍ਹਾਂ ਆਖਿਆ ਕਿ ਇਹ ਇੱਕ ਸਬੰਧ ਤਾਂ ਹੈ ਪ੍ਰੰਤੂ ਓਨਾ ਮਜਬੂਤ ਨਹੀਂ ਜਿੰਨਾ ਸਿਗਰਟ-ਬੀੜੀ ਦੀ ਵਰਤੋਂ, ਮੋਟਾਪਾ, ਕੋਲੈਸਟ੍ਰੋਲ ਵਧਣ ਤੇ ਬਲੱਡ ਪ੍ਰੈਸ਼ਰ ਨਾਲ ਹੁੰਦਾ ਹੈ। ਉਨ੍ਹਾਂ ਸਿਰ ਦੇ ਵਾਲ ਝੜਨ ਤੋਂ ਪੀੜਿਤ ਨੌਜਵਾਨਾਂ ਨੂੰ ਦਿਲ ਦੇ ਰੋਗਾਂ ਤੋਂ ਬਚਣ ਲਈ ਆਪਣੀ ਜੀਵਨ ਸ਼ੈਲੀ ਬਦਲਣ ਦੀ ਸਲਾਹ ਦਿੱਤੀ।

ਸ੍ਰੋਤ: ਇੰਟਰਨੈੱਟ



ਹਵਾ 'ਚ ਲਿਖੇ ਹਰਫ਼

ਸੰਦੇਸ਼ ਭੇਜਣ ਲਈ: 94173-62085

ਮੇਰੀ ਛੈਣੀ, ਹਥੌੜੇ ਨੇ ਘੜਿਆ ਹੈ ਜੋ
ਆਪਣੇ ਹੱਥੀਂ ਮੰਦਰ 'ਚ ਧਰਿਆ ਹੈ ਜੋ
ਜਿਸ ਦਾ ਸਿਰਜਕ ਹਾਂ ਮੈਂ, ਸਿਰਜਣਾ ਜੋ ਮਿਰੀ,
ਮੰਨ ਲਵਾਂ ਉਸ ਨੂੰ 'ਭਗਵਾਨ' ਕਿਸ ਵਾਸਤੇ।

ਮਹਿੰਦਰ ਸਾਥੀ
94783-33696

ਮੁਨਾਸਿਬ ਤਾਂ ਨਹੀਂ ਕਹਿਣਾ, ਚੁੱਪ ਵੀ ਜਰ ਨਹੀਂ ਹੁੰਦਾ।
ਉੱਚੇ ਮਕਾਨਾਂ ਨਾਲ ਹੀ ਆਦਮੀ ਮੋਹਤਬਰ ਨਹੀਂ ਹੁੰਦਾ।
ਬਣੇ ਨੇ ਸੂਰਜ ਜੋ, ਬੱਸ ਅੱਗ ਹੀ ਉਨ੍ਹਾਂ ਦਾ ਮੁਕੱਦਰ ਹੈ,
ਕਿ ਪੂਛਲ ਤਾਰਿਆਂ ਵਾਂਗੂ ਉਨ੍ਹਾਂ ਤੋਂ ਠਰ ਨਹੀਂ ਹੁੰਦਾ।

ਅਮਰਜੀਤ ਦਬੜੀਖਾਨਾ
94171-20427

ਚਿਰਾਗਾਂ ਮੋਮਬੱਤੀਆਂ ਨੂੰ ਹਵਾ ਨੇ ਖਾ ਹੀ ਜਾਣਾ ਹੈ,
ਅਸਾਂ ਲੋਕਾਂ ਅੰਦਰ ਬਾਲਣਾ ਕੁਝ ਸੂਰਜਾਂ ਵਰਗਾ।

ਜਸਵਿੰਦਰ

ਚੰਨ ਸੂਰਜ ਨੂੰ ਚੁੰਮਣ ਦਾ ਜੇ,
ਅਹਿਦ ਦਿਲਾਂ ਤੇ ਲਿਖ ਲਈਏ।
ਰਾਹੂ ਤੇ ਕੇਤੂ ਸੰਗ ਜਾ ਕੇ,
ਅੰਬਰਾਂ ਵਿਚ ਟਕਰਾਈ ਦਾ।

ਪ੍ਰੋ. ਸਾਧੂ ਸਿੰਘ
98883-50229

ਜਿਸ ਨੂੰ ਤੁਸੀਂ ਸ਼ਰਧਾ ਆਖਦੇ ਹੋ
ਮੈਨੂੰ ਤਾਂ ਇਹ ਕੋਈ ਮਹਾਂਮਾਰੀ ਲਗਦੀ ਹੈ
ਜਿਸ ਦਾ ਇਲਾਜ ਨਾ ਚੰਦ ਤੇ ਹੈ
ਤੇ ਨਾ ਜੰਗਲਾਂ 'ਚ
ਇਸ ਦਾ ਇਲਾਜ ਤਾਂ ਸਿਰਫ਼ ਤੁਹਾਡੀ ਸੋਚ ਹੈ

ਰਾਹੁਲ ਕਟਾਹਰੀ, ਲੰਦਨ
0044-7403724475

ਟੀ.ਵੀ. ਖੋਜਿਆ ਸੀ ਵਿਗਿਆਨੀਆਂ ਨੇ,
ਅੰਧ ਵਿਸ਼ਵਾਸ ਦਾ ਪੂਰਦਾ ਪੱਖ ਟੀ.ਵੀ.,
ਸੋਨੀ ਆਖਦਾ ਕਮਾਲ ਵਪਾਰੀਆਂ ਦਾ,
ਕੰਘੇ ਗੰਜਿਆਂ ਦੇ ਦੇਵੇ ਹੱਥ ਟੀ.ਵੀ.।

ਵੇਦ ਪ੍ਰਕਾਸ਼ ਸੋਨੀ, ਜੀਰਾ
98760-36791

ਡੇਰੇ ਭੀੜਾਂ ਲੱਗੀਆਂ, ਸ਼ੋਰ ਪਿਆ ਅਸਮਾਨ,
ਲੱਖ-ਕਰੋੜਾਂ ਲੱਭਦੇ, ਗੁੰਮ ਹੋਇਆ 'ਭਗਵਾਨ'।

ਗੁਰਚਰਨ ਨੂਰਪੁਰ
98550-51099

ਪੱਕਿਆ ਬੀਜ ਹਾਂ ਧਰਤ ਤੇ ਬਿਖ਼ਰ ਜਾਵਾਂਗਾ,
ਰੁੱਤ ਬਹਾਰ ਦੀ ਆਈ, ਫਿਰ ਪੁੰਗਰ ਆਵਾਂਗਾ।

ਬਲਜੀਤ ਪਾਲ ਸਿੰਘ,
94173-24432

ਭੰਨ ਸੁੱਟਦੇ ਨੇ ਇਹ ਲੋਕੀ ਚਿਰਾਗਾਂ ਨੂੰ ਦਿਨ ਢਲੇ,
ਵੇਖਕੇ ਘਿਰਦਾ ਹਨੇਰਾ ਸ਼ਾਮੀ ਪੈਂਦੇ ਤਿਲਮਿਲਾ।

ਦਾਦਰ ਪੰਡੋਰਵੀ
97814-38798

ਹਵਾ ਬਲਦੀ ਹੈ, ਇਸ ਨੂੰ ਸਾੜ ਜਾਂਦੀ ਰੋਜ਼ ਹੀ ਭਾਵੇਂ,
ਮੈਂ ਫਿਰ ਵੀ ਸੁਪਨਿਆਂ ਦਾ ਬਾਗ ਨਿੱਤ ਆਬਾਦ ਕਰਦਾ ਹਾਂ।

ਕੁਲਵਿੰਦਰ ਬੱਛੋਆਣਾ
84277-17867

ਫੇਰ ਕੀ ਹੈ ਜੇ ਮੇਰੇ ਤੇ ਧਰਤ ਰਹਿੰਦੀ ਹੈ ਖਫ਼ਾ,
ਨਿੱਤ ਨਵੇਂ ਅੰਬਰ ਨੂੰ ਸਿਰ ਤੇ ਤਾਣਦਾ ਰਹਿੰਦਾ ਹਾਂ ਮੈਂ।
ਮਿਲ ਗਈ ਮੈਨੂੰ ਜਿਧਰ ਵੀ ਜ਼ਿੰਦਗੀ ਦੀ ਕੋਈ ਪੈੜ,
ਦੇਰ ਤੱਕ ਉਨ੍ਹਾਂ ਥਲਾਂ ਨੂੰ ਛਾਣਦਾ ਰਹਿੰਦਾ ਹਾਂ ਮੈਂ।

ਜਗਤਾਰ ਸੇਖਾ

ਅਸੀਂ ਵੀ ਖੂਬ ਹਾਂ, ਕਿਧਰੇ ਤਾਂ ਨ੍ਹੇਰੇ ਨੂੰ ਵੀ ਜਰ ਲਈਏ,
ਤੇ ਕਿਧਰੇ ਬਿਰਖ਼ ਦੀ ਇੱਕ ਛਾਂ ਤੇ ਵੀ ਇਤਰਾਜ਼ ਕਰ ਲਈਏ।

ਰਾਜਿੰਦਰਜੀਤ

ਕਦਮ ਉਸ ਦੇ ਹੀ ਚੁੰਮਦੀਆਂ ਨੇ ਮੰਜ਼ਿਲਾਂ,
ਹੌਸਲੇ ਦੇ ਨਾਲ ਜਿਸ ਦਾ ਚੱਲਣਾ ਜਾਰੀ ਰਿਹਾ।

ਕਰਮ ਸਿੰਘ ਜ਼ਖ਼ਮੀ
98885-28027

ਇਸ ਕਾਲਮ ਵਿੱਚ ਸ਼ਿਰਕਤ ਕਰਨ ਲਈ ਸ਼ੇਅਰ/ਰਚਨਾ ਦੇ ਨਾਂ ਨਾਲ ਮੂਲ ਲੇਖਕ ਦਾ ਨਾਂ ਜ਼ਰੂਰ ਲਿਖਿਆ ਜਾਵੇ। ...ਅਦਾਰਾ

ਔਰਤ ਦੀ ਸਖਸ਼ੀਅਤ : ਆਪਣੇ ਘਰ ਪਰਾਈ-ਸਹੁਰੇ ਘਰ ਬੇਗਾਨੀ



ਡਾ. ਸ਼ਿਆਮ ਸੁੰਦਰ ਦੀਪਤੀ

ਮਨੁੱਖੀ ਸਖਸ਼ੀਅਤ ਦੇ ਸੱਚ ਦੀ ਬੁਨਿਆਦ ਸਮਾਜ ਹੈ। ਸਖਸ਼ੀਅਤ ਦੀ ਉਸਾਰੀ ਵਿੱਚ ਮਾਂ ਪਿਓ ਦੀ ਜੀਨ (ਕਰੋਮੋਸੋਮ) ਤੋਂ ਕਿਤੇ ਵੱਧ ਸਮਾਜ ਆਪਣੀ ਭੂਮਿਕਾ ਨਿਭਾਉਂਦਾ। ਆਪਾਂ ਜਾਣਿਆ ਹੈ ਕਿ ਕਿਵੇਂ ਪਲ-ਪਲ, ਪੈਰ-ਪੈਰ ਤੇ ਸਮਾਜ, ਬੱਚੇ, ਕਿਸ਼ੋਰ, ਨੌਜਵਾਨ, ਬਜੁਰਗਾਂ ਦੀ ਸਖ਼ਸ਼ੀਅਤ ਨੂੰ ਸੰਵਾਰਦਾ, ਵਿਗਾੜਦਾ ਹੈ। ਇਸ ਦੀ ਇਕ ਵਿਸ਼ੇਸ਼ ਕੜੀ ਔਰਤਾਂ ਹਨ। ਕਿਵੇਂ ਸਮਾਜ ਦੇ ਸਾਰੇ ਅੰਗ ਪਰਿਵਾਰ, ਸਕੂਲ, ਕਾਨੂੰਨ, ਸੱਭਿਆਚਾਰਕ ਗੀਤਾਂ-ਰਿਵਾਜ਼ਾਂ ਔਰਤ ਨੂੰ ਕੀ ਦਾ ਕੀ ਬਣਾ ਦਿੰਦੇ ਹਨ। ਇਸ ਦਾ ਇੱਕ ਪੱਖ ਆਪਾਂ ਵਿਚਾਰਿਆ ਹੈ, ਪੇਸ਼ ਹੈ ਇਸ ਦਾ ਇਕ ਹੋਰ ਪਹਿਲੂ !

ਜਦੋਂ ਦਾ ਮਨੁੱਖ ਸੁਚੇਤ ਹੋਇਆ ਹੈ, ਤਦ ਤੋਂ ਹੀ ਉਸ ਨਾਲ ਜੋ ਵਿਸ਼ੇਸ਼ ਵਰਤਾਰਾ - ਜਿਸ ਨੂੰ ਇੱਕ ਸੰਕਟ ਕਹਿਣਾ ਚਾਹੀਦਾ ਹੈ, ਉਹ ਹੈ ਪਛਾਣ ਹਾਸਿਲ ਕਰਨ ਦਾ ਅਤੇ ਇਸ ਸੰਕਟ ਤੋਂ ਉਭਰਨ ਲਈ, ਮਨੁੱਖ ਨੇ ਹੋਰ ਅਨੇਕਾਂ ਸਮੱਸਿਆਵਾਂ-ਸੰਕਟਾਂ ਨੂੰ ਜਨਮ ਦਿੱਤਾ।

ਸੁਚੇਤ ਹੋਣ ਤੋਂ ਭਾਵ ਉਸ ਸਮੇਂ ਤੋਂ ਹੈ, ਜਦੋ. ਮਨੁੱਖ ਨੇ ਸਮਾਜ ਸਿਰਜਿਆ। ਇਸ ਦੂਸਰੇ ਨਾਲ ਮਿਲਕੇ ਰਹਿਣ ਦੀ ਵਿਉਂਤ ਬਣਾਈ। ਸਹਿਯੋਗ ਲੈਣ ਅਤੇ ਸਹਿਯੋਗੀ ਹੋਣ ਦਾ ਢੰਗ ਲੱਭਿਆ। ਇਸ ਤਰ੍ਹਾਂ ਕਾਰਜਸ਼ੀਲ ਹੁੰਦਿਆਂ ਉਸ ਦੇ ਅੰਦਰ ਇਕ ਜਿੰਮੇਵਾਰੀ ਦਾ ਅਹਿਸਾਸ ਉੱਠਿਆ, ਆਪਣੇ ਪ੍ਰਤੀ ਜਵਾਬਦੇਹੀ ਦਾ ਅਤੇ ਹੋਰਾਂ ਪ੍ਰਤੀ ਵੀ।

ਮਨੁੱਖ ਦੀ ਸਾਰੇ ਜੀਵਾਂ ਤੋਂ ਵਿਲੱਖਣਤਾ ਹੈ - ਸਮਾਜ ਵਿੱਚ ਰਹਿਣਾ। ਸਮਾਜ ਕਿਸੇ ਵੀ ਤਰ੍ਹਾਂ ਜਾਨਵਰਾਂ ਵਾਂਗ ਝੁੰਡ ਨਹੀਂ ਹੈ, ਜਿਥੇ ਸਾਰੇ ਜਾਨਵਰ, ਸਰੀਰਕ ਬਣਤਰ ਕਰਕੇ ਇਕੱਠ ਵਿੱਚ ਰਹਿੰਦੇ ਹਨ। ਮਨੁੱਖਾਂ ਵਿੱਚ ਇਹ ਸਰੀਰਕ ਅਤੇ ਮਾਨਸਿਕ ਪੱਧਰ ਤੇ ਇਕ ਦੂਸਰੇ ਨਾਲ ਮੇਲ ਅਤੇ ਸਹਿਯੋਗ ਹੈ। ਮਨੁੱਖ ਨੂੰ ਸਮਾਜਿਕ ਪ੍ਰਾਣੀ ਕਿਹਾ ਜਾਂਦਾ ਹੈ। ਇਸ ਲਈ ਨਹੀਂ ਕਿ ਉਸਨੇ ਸਮਾਜ ਸਿਰਜਿਆ ਹੈ, ਸਗੋਂ ਇਸ ਲਈ ਕਿ ਉਸ ਦੇ ਅੰਦਰ ਸਮਾਜਿਕਤਾ ਹੈ, ਮਿਲਕੇ ਰਹਿਣ ਦੀ ਭਾਵਨਾ ਤੇ ਉਸਨੇ ਆਪਣੇ ਵਿਕਾਸ ਪੜਾਅ ਦੌਰਾਨ, ਆਪਣੀ ਸਖ਼ਸ਼ੀਅਤ ਦੀ ਲੋੜ ਦੇ ਮੱਦੇਨਜ਼ਰ ਸਮਾਜ ਸਿਰਜਿਆ ਹੈ। ਇਸ ਤੱਥ ਨੂੰ ਇਸ ਅਹਿਸਾਸ ਵਿੱਚੋਂ ਵੀ ਦੇਖਿਆ ਜਾ ਸਕਦਾ ਹੈ ਕਿ ਮਨੁੱਖ ਲਈ ਸਭ ਤੋਂ ਵੱਡੀ ਸਜ਼ਾ ਹੈ - ਉਸ ਨੂੰ ਇਕੱਲਿਆਂ ਕਰਨਾ।

ਪਛਾਣ ਦੇ ਕਈ ਪਹਿਲੂ ਹਨ। ਘਰ ਪਰਿਵਾਰ ਵਿੱਚ, ਸਮਾਜ ਅਤੇ ਸੰਸਥਾ ਵਿੱਚ। ਘਰ ਵਿੱਚ ਉਮਰ ਮੁਤਾਬਕ, ਸਮਾਜ-ਸੰਸਥਾ ਵਿੱਚ ਤਜਰਬੇ ਮੁਤਾਬਕ। ਤਜਰਬੇ ਦੇ ਆਧਾਰ ਤੇ ਜਿੰਮੇਵਾਰੀ ਲੈਣ-ਦੇਣ ਅਤੇ ਨਿਭਾਉਣ ਮੁਤਾਬਕ। ਪਛਾਣ ਹੈ - ਆਪਣੀਆਂ ਵਿਲੱਖਣ ਕਾਬਲੀਅਤਾਂ ਕਰਕੇ। ਹਰ ਇੱਕ ਸਖ਼ਸ਼ ਵਿੱਚ ਕੁਝ ਨਾ ਕੁੱਝ ਖਾਸ, ਵਿਲੱਖਣ ਹੁੰਦਾ ਹੈ। ਸਮਾਜ ਦੀ ਸਾਰਥਕ ਉਸਾਰੀ ਅਤੇ ਕਾਰਜਸ਼ੀਲਤਾ ਲਈ, ਆਪਸੀ ਸਹਿਯੋਗ ਲਈ, ਇਸ ਪਛਾਣ ਦੀ ਆਪਣੀ ਯੋਗ ਭੂਮਿਕਾ ਹੈ।

ਸਮਾਜ ਵਿੱਚ, ਪਛਾਣ ਸੰਬੰਧੀ ਸੰਕਟ ਉਦੋਂ ਪੈਦਾ ਹੁੰਦਾ ਹੈ, ਇਹ ਪਛਾਣ ਅਤੇ ਮਨੁੱਖ ਦੀ ਸਿਰਜਣਾ ਨਾਲ ਜੁੜਿਆ ਇਹ ਗੁਣ ਸਮੱਸਿਆ ਉਦੋਂ ਬਣਦਾ ਹੈ, ਜਦੋਂ ਕੋਈ ਸਖ਼ਸ਼ ਆਪਣੀ ਮਨ ਮਰਜੀ ਨਾਲ ਆਪਣੇ ਫਾਇਦੇ ਅਤੇ ਆਪਣੀ ਤਰਬੀਅਤ ਮੁਤਾਬਕ ਕਿਸੇ ਦੂਸਰੇ ਨੂੰ ਆਂਕਦਾ ਅਤੇ ਉਸ ਦਾ ਮੁੱਲ ਪਾਉਂਦਾ ਹੈ। ਕਹਿਣ ਤੋਂ ਭਾਵ ਕਿਸੇ ਵਿਅਕਤੀ ਤੇ ਆਪਣੇ ਹਿਸਾਬ ਨਾਲ ਪਛਾਣ ਲੱਦਦਾ ਹੈ।

ਜਦੋਂ ਅਸੀਂ ਸਮਾਜ, ਮਿਲਕੇ ਰਹਿਣ, ਆਪਸੀ ਸਹਿਯੋਗ ਸਖ਼ਸ਼ੀਅਤ ਦੀ ਵਿਲੱਖਣਤਾ ਦੀ ਗੱਲ ਕਰਦੇ ਹਾਂ ਤਾਂ ਇਹ ਸਾਰੇ ਮਨੁੱਖਾਂ ਤੇ ਢੁੱਕਦੀ ਹੈ। ਇਸ ਧਰਤੀ ਤੇ ਰਹਿੰਦੇ ਸਾਰੇ ਮਨੁੱਖਾਂ ਤੇ। ਅਮਰੀਕਾ-ਅਫ਼ਰੀਕਾ ਤੋਂ ਏਸ਼ੀਆ ਤੱਕ। ਹਰ ਉਮਰ ਦੇ ਵਿਅਕਤੀ ਵਿੱਚ ਬੁੱਢੇ ਤੋਂ ਬੱਚੇ ਤੱਕ, ਹਰ ਧਰਮ ਅਤੇ ਜਾਤ ਵਿੱਚ ਵੰਡੇ ਲੋਕਾਂ ਵਿੱਚ ਅਤੇ ਇਸੇ ਤਰ੍ਹਾਂ ਹੀ ਔਰਤ ਅਤੇ ਮਰਦ ਵਿੱਚ।

ਮਨੁੱਖੀ ਸਮਾਜ ਵਿੱਚ ਔਰਤ ਹੀ ਅਜਿਹਾ ਸਖ਼ਸ ਹੈ - ਜੋ ਜਨਮ ਤੋਂ ਲੈ ਕੇ ਮਰਨ ਤਕ ਬੇਪਛਾਣਗੀ ਦੇ ਸੰਕਟ ਵਿੱਚ ਜੀਉਂਦੀ ਹੈ। ਔਰਤ ਦਾ ਇਹ ਸੰਕਟ ਧਰਮ, ਜਾਤ, ਖੇਤਰ, ਅਮੀਰੀ-ਗਰੀਬੀ

ਤੋਂ ਪਰੇ, ਸਾਰੇ ਵਰਗਾਂ ਵਿੱਚ ਤਕਰੀਬਨ ਇਕੋ ਜਿਹਾ ਹੈ।

ਪਛਾਣ ਨੂੰ ਦਰਅਸਲ ਰੁਤਬੇ, ਆਹੁਦੇ, ਨੇਤਾ ਗਿਰੀ ਜਾਂ ਸੰਸਥਾਗਤ ਸਨਮਾਨਾਂ ਵਿੱਚੋਂ ਨਹੀਂ, ਸਗੋਂ ਮਾਨਸਿਕ ਜਰੂਰਤ ਵਜੋਂ ਉਪਜੀ ਭਾਵਨਾ ਵਿੱਚੋਂ ਦੇਖਣਾ ਚਾਹੀਦਾ ਹੈ। ਸਮਾਜਿਕ ਤੌਰ ਤੇ ਰੁਤਬੇ ਅਤੇ ਆਹਦੇ ਤਾਂ ਉਸ ਅਸਲੀ ਪਛਾਣ ਨੂੰ ਮਾਨਤਾ ਦੇਣ ਦਾ ਦਿਖਾਵਾ ਮਾਤਰ ਵੱਧ ਹੈ। ਜਦੋਂ ਆਪਾਂ ਗੱਲ ਕਰਦੇ ਹਾਂ ਕਿ ਮਨੁੱਖ ਸੁਚੇਤ ਹੋ ਕੇ ਸਮਾਜ ਵਿੱਚ ਵਿਚਰਨ ਲਗਿਆ ਤੇ ਉਸ ਨੂੰ ਜਵਾਬਦੇਹੀ ਦਾ ਅਹਿਸਾਸ ਹੋਇਆ। ਇਸ ਅਹਿਸਾਸ ਨਾਲ ਜੁੜੇ ਅਨੇਕਾਂ ਸਵਾਲਾਂ ਨੇ ਵੀ ਉਸ ਨੂੰ ਘੇਰਿਆ। ਮੈਂ ਕੌਣ ਹਾਂ? ਇਸ ਤੋਂ ਬਾਅਦ ਇਨ੍ਹਾਂ ਸਵਾਲਾਂ ਦਾ ਘੇਰਾ ਵਧਿਆ ਕਿ ਮੈਂ ਕਿਸ ਲਈ ਹਾਂ? ਮੈਂ ਪੈਦਾ ਕਿਉਂ ਹੋਇਆ? ਮੇਰੀ ਸਮਾਜ ਵਿੱਚ ਭੂਮਿਕਾ ਕੀ ਹੈ? ਇੰਨ੍ਹਾਂ ਸਵਾਲਾਂ ਦੇ ਜਵਾਬ, ਕੁੱਝ ਕੁ ਉਸਨੂੰ ਆਪਣੇ ਆਲੇ ਦੁਆਲੇ ਤੋਂ ਮਿਲੇ ਤੇ ਕੁਝ ਕੁ ਉਸਨੇ ਸੁਚੇਤ ਰੂਪ ਵਿੱਚ ਵੀ ਲੱਭੇ।

ਜਦੋਂ ਔਰਤ ਦੀ ਬੇਪਛਾਣਗੀ ਦੇ ਸੰਦਰਭ ਵਿੱਚ, ਇਹ ਵਾਕ ਉਭਰ ਕੇ ਆਉਂਦਾ ਹੈ ਕਿ 'ਆਪਣੇ ਘਰ ਪਰਾਈ– ਸਹੁਰੇ ਘਰ ਬੇਗਾਨੀ' ਤਾਂ ਇਹ ਕੋਈ ਲੁਕਵੀਂ ਗੱਲ ਨਹੀਂ ਹੋ ਰਹੀ ਹੁੰਦੀ। ਬੱਚੀ ਪੈਦਾ ਹੁੰਦੇ ਹੀ ਘਰ ਵਿੱਚ 'ਪਰਾਇਆ ਧਨ' ਨਾਂ ਤੋਂ ਜਾਣੀ ਜਾਂਦੀ ਹੈ। ਇਹ ਤਾਂ ਮਹਿਮਾਨ ਹੈ, ਇਸਨੇ ਤੁਰ ਜਾਣਾ ਹੈ ਤੇ ਜਦੋਂ ਸਹੁਰੇ ਘਰ (ਜੋ ਕਿ ਉਸਦਾ ਆਪਣਾ ਅਸਲੀ ਘਰ ਹੋਣਾ ਚਾਹੀਦਾ ਹੈ) ਵੀ ਬੇਗਾਨੀ ਧੀ ਦਾ ਅਹਿਸਾਸ ਭੋਗਦੀ ਹੈ। ਕਿੰਨੇ ਹੀ ਰੀਤੀ ਰਿਵਾਜਾਂ ਵਿੱਚ ਇਸ ਅਹਿਸਾਸ ਨੂੰ ਰੂਪਮਾਨ ਹੁੰਦਾ ਦੇਖਿਆ ਜਾ ਸਕਦਾ ਹੈ।

ਜੇਕਰ ਅਸੀਂ ਜੀਵ ਵਿਗਿਆਨਕ ਪਰਿਪੇਖ ਤੋਂ ਸਮਝੀਏ ਤਾਂ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਕਿ ਔਰਤ ਨੇ ਬੱਚੇ ਪੈਦਾ ਕਰਨੇ ਹਨ ਅਤੇ ਇਸ ਸਮਾਜ ਨੂੰ ਅੱਗੇ ਤੋਰਨਾ ਹੈ। ਇਸ ਕਾਰਜ ਵਿੱਚ ਪੁਰਸ਼ ਵੀ ਉਸਦਾ ਬਰਾਬਰ ਦਾ ਭਾਗੀਦਾਰ ਹੈ। ਇਸ ਨੂੰ ਵਿਗਿਆਨਕ ਭਾਸ਼ਾ ਵਿੱਚ ਕਹੀਏ ਤਾਂ ਦੋਹਾਂ ਨੇ 23-23 ਕਰੋਮੋਸੋਮ ਦੇਣੇ ਹਨ। ਨਾ ਇਕ ਘੱਟ ਨਾ ਇਕ ਵੱਧ। ਇੱਕ ਸੰਪੂਰਨ ਸਿਹਤਮੰਦ ਮਨੁੱਖ (ਔਰਤ ਤੇ ਮਰਦ) ਵਿੱਚ 46 ਕਰੋਮੋਸੋਮ ਹੁੰਦੇ ਹਨ।

ਇਸ ਦਾ ਅਗਲਾ ਪੜਾਅ ਹੈ–ਸਮਾਜੀਕਰਨ। ਇਸ ਕੁਦਰਤੀ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਮਾਜ ਦੀ ਸੰਸਥਾ ਹੈ–ਵਿਆਹ। ਵਿਆਹ ਨੇ ਹੀ ਔਰਤ–ਪੁਰਸ਼ ਨੂੰ ਇਕੱਠਿਆਂ ਕਰਨਾ ਹੈ। ਇਸ ਰਿਵਾਜ ਦੇ ਤਹਿਤ ਦੋਹਾਂ ਨੇ ਨਵਾਂ ਪਰਿਵਾਰ ਸ਼ੁਰੂ ਕਰਨਾ ਹੈ। ਨਵੀਂ ਦੁਨੀਆ। ਇਸ ਰੀਤ ਤਹਿਤ ਔਰਤ ਪੁਰਸ਼ ਨਾਲ ਜਾਵੇ ਜਾਂ ਪੁਰਸ਼ ਔਰਤ ਵੱਲ, ਇਹ ਫੈਸਲਾ ਹੀ ਮੁੱਖ ਹੈ। ਇਸ ਰੀਤ ਨਾਲ 'ਬੇਗਾਨਗੀ' ਕਿੱਥੋਂ ਆ ਜੁੜਦੀ ਹੈ? ਸਮਾਜੀਕਰਨ ਦੀ ਲੋੜ ਹੈ ਕਿ ਸਮਾਜ ਵਿੱਚ ਮਿਲਵਰਤਨ ਅਤੇ ਸਹਿਯੋਗ ਨਾਲ ਇੰਨ੍ਹਾਂ ਦੋਹਾਂ ਦੀ ਵਿਸ਼ੇਸ਼ਤਾ-ਵਿਲਖਣਤਾ ਨੂੰ ਕਿਵੇਂ ਉਭਾਰਿਆ, ਸੰਵਾਰਿਆ ਜਾਵੇ? ਪਰ ਹੁੰਦਾ ਕਿਸੇ ਹੋਰ ਨਜ਼ਰੀਏ ਤੋਂ ਹੈ।

ਆਪਣੇ ਜਨਮ ਵਾਲੇ ਪਰਿਵਾਰ ਵਿੱਚ ਲੜਕੀ ਦਾ ਪੈਦਾ ਹੋਣਾ ਕੋਈ ਵਧੀਆ ਖੁਸ਼ੀ ਵਾਲੀ ਘਟਨਾ ਨਹੀਂ ਹੈ। ਆਖਿਰ ਇਸ ਮਾਨਸਿਕਤਾ ਵਿੱਚ ਕੀ ਪਿਆ ਹੈ? ਇਹੀ ਨਾ ਕਿ ਇਸ ਨੇ ਚਲੇ ਜਾਣਾ ਹੈ, ਇਸ ਨੂੰ ਸਾਂਭਣਾ ਪਵੇਗਾ। ਖਾਣਾ, ਪਿਲਾਉਣਾ, ਪੜ੍ਹਾਉਣਾ ਪਵੇਗਾ, ਇਹ ਖਰਚਾ ਕਰਵਾਏਗੀ ਤੇ ਫਿਰ ਦੂਜੇ ਘਰ ਚਲੀ ਜਾਵੇਗੀ। ਇਸੇ ਪਹਿਲੂ ਤੋਂ ਉਸਦਾ ਅਣਗੋਲਿਆ ਜਾਣਾ ਸਾਫ ਝਲਕਦਾ ਹੈ।

ਇਸ ਤਰ੍ਹਾਂ ਦੇ ਮਾਹੌਲ ਵਿੱਚ, ਜਦੋਂ ਉਹ ਵੱਡੀ ਹੁੰਦੀ ਹੈ ਤਾਂ ਆਪਣੇ ਅੰਦਰ ਪੈਦਾ ਹੁੰਦੇ ਸਹਿਜ ਸਵਾਲਾਂ ਦਾ ਜਵਾਬ ਲੱਭਦੀ ਹੈ–ਇਹ ਮੇਰੇ ਨਾਲ ਹੀ ਕਿਉਂ? ਮੇਰੇ ਅੰਦਰ ਕਾਬਲੀਅਤ ਹੈ, ਇੱਛਾਵਾਂ ਨੇ ਕੁਝ ਕਰਨ ਦੀਆਂ, ਪਰ ਮੇਰੇ ਨਾਲ ਵਿਤਕਰਾ ਕਿਉਂ? ਤੇ ਇੰਨ੍ਹਾਂ ਦੇ ਜਵਾਬ ਉਸ ਨੂੰ ਘੋਰ ਹਨੇਰੇ ਵਿੱਚ ਲੈ ਜਾਂਦੇ ਹਨ।

ਅੱਜ ਜਦੋਂ ਅਸੀਂ ਆਪਣੇ ਆਪ ਨੂੰ ਸੁਚੇਤ, ਪੜ੍ਹੇ ਲਿਖੇ ਦੁਨੀਆਂ ਨਾਲ ਜੁੜੇ ਕਹਿੰਦੇ ਹਾਂ ਤਾਂ ਵੀ ਮਾਨਸਿਕਤਾ ਵਿੱਚ ਉਹੀ ਪਿਆ ਹੈ। ਸਿੱਧੇ ਤੌਰ ਤੇ ਸਪੱਸ਼ਟ ਪੁੱਛਾਂਗੇ ਤਾਂ ਜਵਾਬ ਹੋਵੇਗਾ ਕਿ ਅਸੀਂ ਮੁੰਡੇ ਕੁੜੀ ਵਿੱਚ ਕੋਈ ਫਰਕ ਮਹਿਸੂਸ ਨਹੀਂ ਕਰਦੇ, ਪਰ ਜਦੋਂ ਪਰਿਵਾਰ, ਸਮਾਜ ਦਾ ਕ੍ਰਿਆ ਰੂਪ ਦੇਖਦੇ ਹਾਂ ਪਤਾ ਚਲਦਾ ਹੈ ਕਿ ਲੜਕੀ ਨੇ ਕੀ ਬਣਨਾ ਹੈ, ਲੜਕੀ ਨੇ ਵਿਆਹ ਕਿੱਥੇ ਕਰਵਾਉਣਾ ਹੈ। ਉਸ ਦਾ ਕਿਸ ਯੂਨੀਵਰਸਿਟੀ ਵਿੱਚ ਜਾਣ ਨੂੰ ਦਿਲ ਹੈ, ਬਾਰੇ ਕੋਈ ਵੀ ਫੈਸਲਾ ਸਿਰੇ ਨਹੀਂ ਚੜ੍ਹਦਾ।

ਇਸੇ ਤਰ੍ਹਾਂ ਦਾ ਮਾਹੌਲ ਸਹੁਰੇ ਘਰ ਹੈ। ਉਥੇ ਤਾਂ ਉਸਦੀ ਪੇਕੇ ਘਰ ਤੋਂ ਵੀ ਘੱਟ ਮੰਨੀ ਸੁਣੀ ਜਾਂਦੀ ਹੈ। ਇਥੇ ਤਾਂ ਪਤੀ ਦੇ ਰੂਪ ਵਿੱਚ ਥਾਣੇਦਾਰ ਹੈ। ਕੋਈ ਵੀ ਕਦਮ ਬਿਨਾਂ ਪੁੱਛੇ ਨਹੀਂ ਪੁੱਟਿਆ ਜਾ ਸਕਦਾ। ਕੋਈ ਫੈਸਲਾ ਨਹੀਂ ਲਿਆ ਜਾ ਸਕਦਾ। ਇਕ ਆਮ

ਤਾਅਨਾ ਹੈ - ਤੁਹਾਡੇ ਘਰ ਚਲਦਾ ਹੋਵੇਗਾ, ਸਾਡੇ ਨਹੀਂ। ਇਹ 'ਤੁਹਾਡਾ' ਕਿਸ ਨੂੰ, ਕਹਿ ਕੇ ਸੰਬੋਧਤ ਕੀਤਾ ਜਾਂਦਾ ਹੈ ਤੇ 'ਸਾਡਾ' ਕਿਸ ਨੂੰ?

ਇਸ ਤਰ੍ਹਾਂ ਦੇ ਸਮਾਜੀਕਰਨ ਪਿੱਛੇ, ਨਿਸ਼ਚਿਤ ਹੀ ਇੱਕ ਵਿਧੀਵਤ ਸੋਚ ਰਹੀ ਹੋਵੇਗੀ, ਜਦੋਂ ਮਰਦ ਨੇ ਔਰਤ ਦੀ ਅਧੀਨਗੀ ਦੀ ਗੱਲ ਵਿਚਾਰੀ। ਇਹ ਇੱਕ ਵਿਸਥਾਰ ਵਾਲਾ ਵਿਸ਼ਾ ਹੈ। ਪਰ ਇੱਕ ਪੱਖ ਜੋ ਇਸ ਸਥਿਤੀ ਨਾਲ ਜੁੜਦਾ ਹੈ ਕਿ ਕੰਮ ਵੰਡ ਦੇ ਨਾਂ ਤੇ, ਬੱਚੇ ਪਾਲਣਾ ਅਤੇ ਘਰ ਸਾਂਭਣਾ ਜੇਕਰ ਔਰਤ ਦੀ ਇੱਕ ਭੂਮਿਕਾ ਨਿਰਧਾਰਿਤ ਹੁੰਦੀ ਹੈ ਤਾਂ ਵੀ ਇਸਨੂੰ ਮੰਨਿਆ ਜਾ ਸਕਦਾ ਹੈ, ਪਰ ਸਵਾਲ ਹੈ - ਪਛਾਣ ਦਾ। ਔਰਤ ਦੀ ਇਸ ਪਹਿਲੂ ਤੋਂ ਤਾਂ ਪਛਾਣ ਉਭਰਨੀ ਚਾਹੀਦੀ ਹੈ ਕਿ ਉਹ ਘਰ ਨੂੰ ਬਣਾਉਂਦੀ ਹੈ, ਪਰਿਵਾਰ ਨੂੰ ਸਲੀਕਾ ਦਿੰਦੀ ਹੈ ਤੇ ਬੱਚਿਆਂ ਨੂੰ ਭਵਿੱਖ ਲਈ ਤਿਆਰ ਕਰਦੀ ਹੈ। ਸਭ ਤੋਂ ਵੱਡੀ ਗੱਲ ਹੈ ਤੇ ਅਹਿਮ ਵੀ - ਔਰਤ ਨੂੰ ਉਸ ਦਾ ਆਪਣਾ ਅਧਿਕਾਰ ਖੇਤਰ ਦੇਣ ਦੀ ਤੇ ਫੈਸਲੇ ਲੈਣ ਦੀ ਆਜ਼ਾਦੀ ਦੀ। ਕੰਮ ਵੰਡ ਦੇ ਪੱਖ ਤੋਂ ਕਿਸੇ ਵੀ ਤਰ੍ਹਾਂ ਦਾ ਕੋਈ ਅੜਿੱਕਾ ਨਹੀਂ ਹੈ, ਸੰਕਟ ਹੈ ਅਧੀਨਗੀ ਦੇ ਅਹਿਸਾਸ ਦਾ, ਗੁਲਾਮੀ ਦੀ ਭਾਵਨਾ ਦਾ। ਅਧੀਨਗੀ ਅਤੇ ਕੰਮ ਵੰਡ ਵਿੱਚ ਫ਼ਰਕ ਹੈ।

ਜੇਕਰ ਘਰ ਵਿੱਚ ਕੁਝ ਵੀ ਉੱਚਾ ਨੀਵਾਂ ਹੋ ਜਾਵੇ ਤਾਂ ਔਰਤ ਨੂੰ ਘਰੋਂ ਕੱਢ ਦੇਣ ਦੀ ਧਮਕੀ ਹੀ ਨਹੀਂ ਦਿੱਤੀ ਜਾਂਦੀ, ਬਹੁਤੀ ਵਾਰ ਕੱਢ ਵੀ ਦਿੱਤਾ ਜਾਂਦਾ ਹੈ। ਉਸ ਵੇਲੇ ਪੇਕੇ ਘਰ ਦੀ ਇਹੀ ਦਿਲੀ ਤਮੰਨਾ ਹੁੰਦੀ ਹੈ ਕਿ ਇਹ ਸਾਡੇ ਕੋਲ ਨਾ ਆਵੇ। ਆਪਣੀ ਇਸ ਅਸੁਰੱਖਿਆ ਦੀ ਭਾਵਨਾ ਤਹਿਤ ਹੀ, ਉਹ ਆਪਣੇ ਨਾਲ ਹੋਣ ਵਾਲੀ ਜਿਆਦਤੀ ਨੂੰ ਚੁੱਪਚਾਪ ਸਹਿੰਦੀ ਹੈ - ਕਿਉਂਕਿ ਜਾਵੇਗੀ ਕਿੱਥੇ? ਸਾਂਭੇਗਾ ਕੌਣ ਦੀ ਗੱਲ ਹਮੇਸ਼ਾ ਉਸ ਨਾਲ ਰਹਿੰਦੀ ਹੈ। ਇਸ ਸੱਚ ਨੂੰ ਪ੍ਰਗਟਾਉਂਦਾ ਤੱਥ ਹੈ ਕਿ ਸਾਡੇ ਸਮਾਜ ਵਿੱਚ ਉਦਾਸੀ ਰੋਗ ਔਰਤਾਂ ਵਿੱਚ ਮਰਦਾਂ ਨਾਲੋਂ ਦੁੱਗਣਾ ਹੁੰਦਾ ਹੈ। ਜਿਸ ਪਿੱਛੇ ਇੱਕ ਵੱਡਾ ਕਾਰਨ - ਬੇਪਛਾਣਗੀ ਦੀ ਹਾਲਤ ਹੈ।

ਇਸ ਹਾਲਤ ਲਈ ਪੇਕੇ ਘਰ ਵਿੱਚ ਤਿਆਰੀ ਸਾਫ ਦਿਸਦੀ ਹੈ। ਅਧੀਨਗੀ ਲਈ ਕਮਜੋਰੀ ਦਾ ਅਹਿਸਾਸ, ਮਰਦ ਦੀ ਲੋੜ, ਸੈਕਸ ਦੀ ਪਵਿੱਤਰਤਾ, ਔਰਤਾਂ ਤਾਂ ਖੁੱਲ੍ਹੇ ਵਿਹੜੇ ਪਿਆ ਆਟਾ ਹੈ - ਕਾਵਾਂ ਦੇ ਚੁੰਝਾਂ ਮਾਰਨ ਨੂੰ, ਕੰਨਿਆ ਦਾਨ ਕਰਤਾ, ਉਥੇ ਜੀਣਾ ਉਥੇ ਮਰਨਾ, ਪੇਕਿਆਂ ਤੋਂ ਡੋਲੀ ਤੇ ਸਹੁਰੇ ਘਰੋਂ ਅਰਥੀ, ਅਡਜਸਟ ਕਰਨਾ ਸਿੱਖਣਾ ਚਾਹੀਦਾ ਹੈ - ਭਾਵ ਗੁਲਾਮੀ ਵਿੱਚ ਰਹਿਣ ਦੀ, ਬੇਪਛਾਣ ਬਣੇ ਰਹਿਣ ਦੀ ਪੂਰੀ ਸਿਖਲਾਈ।

ਬੇਪਛਾਣਗੀ ਦਾ ਇੱਕ ਹੋਰ ਮਹੱਤਵਪੂਰਨ ਮਾਨਸਿਕ ਪਹਿਲੂ ਹੈ ਕਿ ਕਿਸੇ ਇੱਕ ਅਹਿਸਾਸਾਂ ਅਤੇ ਜਜ਼ਬਾਤਾਂ ਵਾਲਾ ਸਖ਼ਸ ਨਾ ਸਮਝ ਕੇ, ਵਸਤੂ ਸਮਝਣਾ। ਇੱਕ ਵਿਕਣ ਵਾਲਾ ਮਾਲ। ਜੰਮਦੇ ਸਾਰ ਹੀ ਉਸ ਨੂੰ ਪੱਥਰ ਕਹਿਣਾ। ਫਿਰ ਉਸ ਦੇ ਕੱਦ-ਕਾਠ, ਨੈਣ-ਨਕਸ਼, ਰੰਗ ਨੂੰ ਲੈ ਕੇ ਚਿੰਤਤ ਹੋਣਾ ਕਿ ਇਹ ਹੁਣ ਬਿਲੇ ਕਿਵੇਂ ਲੱਗੇਗੀ, ਇਸ ਦੇ ਲਈ ਗਾਹਕ ਕਿਥੋਂ ਲਿਆਵਾਂਗੇ, ਤੇ ਫਿਰ ਸਹੁਰੇ ਘਰ ਤਾਂ ਉਹ ਮੁੱਖ ਤੌਰ ਤੇ ਹੈ ਹੀ - ਭੋਗ ਦੀ ਵਸਤੂ।

ਬੇਪਛਾਣਗੀ ਹੁੰਦੀ ਹੀ ਉਦੋਂ ਹੈ - ਜਦੋਂ ਕਿਸੇ ਦੇ ਅਹਿਸਾਸਾਂ ਦੀ ਕਦਰ ਨਹੀਂ ਹੁੰਦੀ। ਜਦੋਂ ਕਿਸੇ ਨੂੰ ਵਸਤੂ ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਜੀਵ ਤਾਂ ਜੀਵ, ਪੌਦੇ ਵੀ ਜੇਕਰ 'ਵਸਤੂ' ਬਣਾ ਦਿੱਤੇ ਜਾਣ ਤਾਂ ਬੇਪਛਾਣ ਲੱਕੜ ਬਣ ਜਾਂਦੇ ਹਨ।

ਕਿਹੜੇ ਦਿਨ......ਕੀ?

1 ਮਈ : ਅੰਤਰ ਰਾਸ਼ਟਰੀ ਮਜ਼ਦੂਰ ਦਿਵਸ (1889)

3 ਮਈ : ਪ੍ਰੈਸ ਆਜ਼ਾਦੀ ਦਿਵਸ

5 ਮਈ : ਜਨਮ ਪ੍ਰਸਿੱਧ ਦਾਰਸ਼ਨਿਕ ਕਾਰਲ ਮਾਰਕਸ (1818)

6 ਮਈ : ਮਨੋਵਿਗਿਆਨੀ ਸਿਗਮੰਡ ਫਰਾਇਡ ਦਾ ਜਨਮ (1856)

10 ਮਈ: ਤਾਰਾ ਵਿਗਿਆਨ ਦਿਵਸ

10 ਮਈ: ਮੇਰਠ ਵਿੱਚ 1857 ਦੇ ਗ਼ਦਰ ਦੀ ਸ਼ੁਰੂਆਤ

22 ਮਈ: ਜੈਵ ਵਿਭਿੰਨਤਾ ਦਿਵਸ

24 ਮਈ: ਜਨਮ ਸ਼ਹੀਦ ਕਰਤਾਰ ਸਿੰਘ ਸਰਾਭਾ (1896)

28 ਮਈ: ਸ਼ਹੀਦ ਭਗਵਤੀ ਚਰਨ ਵੋਹਰਾ ਦੀ ਸ਼ਹਾਦਤ (1930)

5 ਜੂਨ: ਵਿਸ਼ਵ ਵਾਤਾਵਰਨ ਦਿਵਸ

7 ਜੂਨ: ਭਾਰਤ ਦੇ ਦੂਸਰੇ ਉਪਗ੍ਰਹਿ ਭਾਸਕਰ ਦੀ ਪੁਲਾੜ ਵਿੱਚ ਉਡਾਣ (1979)

14 ਜੂਨ: ਵਿਸ਼ਵ ਖ਼ੂਨਦਾਨ ਦਿਵਸ

14 ਜੂਨ: ਜਨਮ ਇਨਕਲਾਬੀ ਅਰਨੈਸਟੋ ਚੀ ਗੁਵੇਰਾ (1928)

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



? ਸੁਆਲ :- ਅੱਜਕਲ ਬੱਚਿਆਂ ਅਤੇ ਨੌਜਵਾਨਾਂ ਵਿੱਚ ਹਿੰਸਾ ਬਹੁਤ ਵੱਧ ਰਹੀ ਹੈ। ਇਸ ਦੇ ਕੀ ਕਾਰਨ ਹਨ ਅਤੇ ਇਨ੍ਹਾਂ ਦਾ ਹੱਲ ਵੀ ਸੁਝਾਓ?

ਜੁਆਬ:- ਮੌਜੂਦਾ ਸਮੇਂ ਦਾ ਇਹ ਇੱਕ ਬਹੁਤ ਅਹਿਮ ਮਸਲਾ ਹੈ। ਦੁਨੀਆਂ ਭਰ ਦੇ ਸਕੂਲਾਂ, ਕਾਲਜਾਂ ਅਤੇ ਹੋਰ ਨੌਜਵਾਨਾਂ ਦੇ ਸੰਗਠਨਾਂ (ਗਰੁੱਪਾਂ) ਵਿੱਚ ਹਿੰਸਾ ਵੱਧ ਰਹੀ ਹੈ। ਅਮਰੀਕਾ ਵਿੱਚ ਪਿਛਲੇ ਕੁਝ ਸਾਲਾਂ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਕੁਝ ਅਜੇਹੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਨੇ ਇਸ ਵਿਸ਼ੇ ਬਾਰੇ ਸਾਰੀ ਦੁਨੀਆਂ ਨੂੰ ਸੋਚਣ ਲਈ ਮਜਬੂਰ ਕਰ ਦਿਤਾ ਹੈ। ਨੈਸ਼ਨਲ ਕਰਾਇਮ ਰਿਕਾਰਡ ਬਿਊਰੋ ਮੁਤਾਬਿਕ ਭਾਰਤ ਵਿੱਚ ਸਾਲ 2011 ਦੌਰਾਨ 33887 ਬੱਚੇ ਜਾਂ ਕਿਸ਼ੋਰ (18 ਸਾਲ ਤੱਕ ਦੀ ਉਮਰ) ਕਿਸੇ ਨਾ ਕਿਸੇ ਜੁਰਮ ਤਹਿਤ ਗ੍ਰਿਫਤਾਰ ਹੋਏ ਸਨ।

ਹਿੰਸਾ ਦੀ ਪਰਿਭਾਸ਼ਾ :- ਜਾਣ ਬੁਝ ਕੇ ਤਾਕਤ ਜਾਂ ਸ਼ਕਤੀ ਦਾ ਆਪਣੇ ਵਿਰੁੱਧ ਜਾਂ ਕਿਸੇ ਹੋਰ ਵਿਅਕਤੀ, ਗਰੁੱਪ ਜਾਂ ਸਮੂਹ ਦੇ ਵਿਰੁੱਧ ਇਸਤੇਮਾਲ, ਜਿਸ ਨਾਲ ਕਿਸੇ ਨੂੰ ਚੋਟ ਲਗੇ ਜਾਂ ਮੌਤ ਹੋ ਜਾਵੇ ਜਾਂ ਮਾਨਸਿਕ ਤਕਲੀਫ਼ ਹੋਵੇ ਜਾਂ ਕਿਸੇ ਵੀ ਕਿਸਮ ਦੀ ਰੁਕਾਵਟ ਹੋਵੇ ਜਾਂ ਤੋਟ ਆਵੇ; ਹਿੰਸਾ ਅਖਵਾਉਂਦੀ ਹੈ।

ਹਿੰਸਾ ਦੀਆਂ ਕਿਸਮਾਂ:-

- ਆਪਣੇ ਪ੍ਰਤੀ ਹਿੰਸਾ (Intra-personal)
- ਦੂਜਿਆਂ ਪ੍ਰਤੀ ਹਿੰਸਾ (Inter-personal)
- ਸਮੂਹਿਕ ਹਿੰਸਾ (Collective)

ਆਪਣੇ ਪ੍ਰਤੀ ਹਿੰਸਾ:- ਇਸ ਕਿਸਮ ਦੀ ਹਿੰਸਾ ਵਿੱਚ ਵਿਅਕਤੀ ਦੀ ਹਿੰਸਾ ਦਾ ਨਿਸ਼ਾਨਾ ਉਹ ਆਪ ਹੀ ਹੁੰਦਾ ਹੈ। ਉਹ ਜਾਣ ਬੁਝ ਕੇ ਆਪਣੇ ਆਪ ਨੂੰ ਹੀ ਨੁਕਸਾਨ ਪੁਚਾਉਂਦਾ ਹੈ। ਇਸ ਵਿੱਚ ਖੁਦਕਸ਼ੀ ਤੋਂ ਲੈ ਕੇ ਆਪਣਾ ਨੁਕਸਾਨ ਕਰਨ ਦੀ ਧਮਕੀ ਤੱਕ ਹੋ ਸਕਦੀ ਹੈ। ਖੁਦਕਸ਼ੀ ਦੀ ਦਰ ਵੀ ਦੁਨੀਆ ਭਰ ਵਿੱਚ ਹੌਲੀ ਹੌਲੀ ਵੱਧ ਰਹੀ ਹੈ। ਨੌਜਵਾਨ ਤਬਕੇ ਵਿੱਚ ਐਕਸੀਡੈਂਟਾਂ ਤੋਂ ਹੋਣ ਵਾਲੀਆਂ ਮੌਤਾਂ ਤੋਂ ਬਾਅਦ ਖੁਦਕਸ਼ੀ ਹੀ ਮੌਤ ਦਾ ਸਭ ਤੋਂ ਵੱਡਾ ਕਾਰਣ ਹੈ। ਬੱਚਿਆਂ ਅਤੇ ਨੌਜਵਾਨਾਂ ਵਿੱਚ ਆਪਣੇ ਆਪ ਨੂੰ ਨੁਕਸਾਨ ਕਰਨ ਦੀ ਪ੍ਰਵਿਰਤੀ ਵੀ ਵੱਧ ਰਹੀ ਹੈ। ਇਸ ਵਿਵਹਾਰ ਵਿੱਚ ਆਪਣੇ ਆਪ ਨੂੰ ਜਾਣ ਬੁਝ ਕੇ ਜ਼ਖ਼ਮੀ ਕਰਨਾ, ਜਿਸਮ ਤੇ ਆਪਣੇ ਆਪ ਕੱਟ ਵੱਢ ਕਰਨੀ, ਮਰਨ ਦਾ ਡਰਾਵਾ ਦੇਣਾ ਤੇ ਆਪਣੇ ਆਪ ਨੂੰ ਖਤਰੇ ਵਿੱਚ ਪਾਉਣਾ, ਖਤਰਨਾਕ ਤਰੀਕੇ ਨਾਲ ਗੱਡੀ ਜਾਂ ਸਕੂਟਰ/ਮੋਟਰ ਸਾਇਕਲ ਚਲਾਉਣਾ, ਅਸੁਰੱਖਿਅਤ ਸੈਕਸ ਕਰਨਾ, ਨਸ਼ੇ ਕਰਨਾ, ਜਾਣ ਬੁਝ ਕੇ ਕਿਸੇ ਵੀ ਤਰੀਕੇ ਨਾਲ ਆਪਣੀ ਸਿਹਤ ਖਰਾਬ ਕਰਨਾ, ਜਾਣ-ਬੁਝ ਕੇ ਆਪਣੀ ਜਿੰਮੇਵਾਰੀ ਨਾ ਨਿਭਾਉਣਾ ਅਤੇ ਆਪਣਾ ਨੁਕਸਾਨ ਕਰਵਾਉਣਾ, ਕਾਬਲ ਹੁੰਦਿਆਂ ਹੋਇਆ ਵੀ ਪੜ੍ਹਾਈ ਨਾ ਕਰਨਾ ਆਦਿ; ਸ਼ਾਮਿਲ ਹਨ।

ਦੂਜਿਆਂ ਪ੍ਰਤੀ ਹਿੰਸਾ:- ਇਸ ਕਿਸਮ ਦੀ ਹਿੰਸਾ ਵਿੱਚ ਵਿਅਕਤੀ ਦੀ ਹਿੰਸਾ ਦਾ ਨਿਸ਼ਾਨਾ ਦੂਜੇ ਵਿਅਕਤੀ ਹੁੰਦੇ ਹਨ। ਇਸ ਵਿਵਹਾਰ ਵਿੱਚ ਕਿਸੇ ਨੂੰ ਤੰਗ ਕਰਨਾ ਤੋਂ ਲੈ ਕੇ ਕਤਲ ਕਰਨਾ ਆਦਿ ਹੋ ਸਕਦੇ ਹਨ। ਸਾਰੇ ਜੁਰਮ ਤਕਰੀਬਨ ਇਸੇ ਕਿਸਮ ਵਿੱਚ ਆਉਂਦੇ ਹਨ। ਇਸ ਵਿੱਚ ਬੱਚਿਆਂ ਪ੍ਰਤੀ ਦੁਰਵਿਵਹਾਰ, ਆਪਣੇ ਸਾਥੀ (ਪਤੀ/ਪਤਨੀ) ਪ੍ਰਤੀ ਦੁਰਵਿਵਹਾਰ, ਬਜ਼ੁਰਗਾਂ ਨਾਲ ਬਦ-ਸਲੂਕੀ, ਸੈਕਸ ਸੰਬੰਧੀ ਹਿੰਸਾਤਮਕ ਵਿਵਹਾਰ, ਲੁੱਟਾਂ-ਖੋਹਾਂ, ਜਾਂ ਫਿਰੌਤੀਆਂ ਦੀ ਮੰਗ, ਰਿਸ਼ਵਤ ਖੋਰੀ, ਕਿਸੇ ਨਿਰਦੋਸ਼ ਨੂੰ ਨਾਜਾਇਜ਼ ਤੰਗ ਕਰਨਾ, ਹਮਲਾ ਕਰਨਾ, ਮਾਰ-ਕੁੱਟ ਕਰਨਾ, ਨਾਜਾਇਜ਼ ਧਮਕੀ ਦੇਣਾ, ਕਿਸੇ 'ਤੇ ਕਿਸੇ ਵੀ ਨਾਜਾਇਜ਼ ਕੰਮ ਲਈ ਦਬਾਅ ਪਾਉਣਾ, ਦੂਜਿਆਂ ਦੇ ਰਾਹ ਵਿੱਚ ਰੋੜਾ ਅਟਕਾਉਣਾ, ਗਾਲ੍ਹਾਂ ਕੱਢਣੀਆਂ, ਦੂਜਿਆਂ ਦੇ ਹੱਕ ਮਾਰਨੇ ਜਾਂ ਪੈਸਾ, ਜਾਇਦਾਦ ਜਾਂ ਹੋਰ ਚੀਜਾਂ ਹੱਥਿਆਉਂਣਾ, ਆਦਿ ਇਸ ਵਿੱਚ ਸ਼ਾਮਿਲ ਹਨ। ਬੱਚਿਆਂ ਤੇ ਨੌਜਵਾਨਾਂ ਵੱਲੋਂ ਸਕੂਲਾਂ ਅਤੇ ਕਾਲਜਾਂ ਵਿੱਚ ਦੂਜਿਆਂ ਨੂੰ ਤੰਗ ਕਰਨਾ, ਲੜਾਈਆਂ ਕਰਨਾ ਆਦਿ ਵੀ ਇਸੇ ਦਾ ਹਿੱਸਾ ਹਨ।

ਸਮੂਹਿਕ ਹਿੰਸਾ:- ਇਸ ਵਿੱਚ ਕਿਸੇ ਵੀ ਸੰਗਠਨ ਜਾਂ ਸਮੂਹ ਵੱਲੋਂ ਕੀਤੀ ਗਈ ਹਿੰਸਾ ਸ਼ਾਮਿਲ ਹੈ। ਇਸ ਦੀ ਉਦਾਹਰਣ ਦੰਗੇ ਕਰਨਾ, ਉਗਰਵਾਦੀ ਕਾਰਵਾਈਆਂ, ਕਿਸੇ ਦੇਸ਼ ਤੇ ਹਮਲਾ ਕਰਨਾ, ਉਸ ਦੀ ਸੀਮਾ ਦੀ ਉਲੰਘਣਾ ਕਰਨਾ, ਘੁਸਪੈਠ ਕਰਨਾ, ਆਦਿ ਹਨ। ਕਿਸੇ ਨੂੰ ਬਰਾਦਰੀ ਵਿੱਚੋਂ ਛੇਕਣਾ, ਕਿਸੇ ਦੀ ਜਾਤ-ਪਾਤ ਦਾ ਮਜ਼ਾਕ ਉਡਾਉਣਾ, ਧੱਕੇ ਨਾਲ ਕਿਸੇ 'ਤੇ ਗੈਰ-ਸਟਨਿਕ ਨਿਯਮ ਲਾਗੂ ਕਰਨਾ, ਅਖੌਤੀ ਗੈਰ ਕਾਨੂੰਨੀ ਖਾਪ ਪੰਚਾਇਤਾਂ ਵੱਲੋਂ ਗੈਰ ਕਾਨੂੰਨੀ ਮਤੇ ਪਾਸ ਕਰਨਾ ਅਤੇ ਲਾਗੂ ਕਰਨਾ, ਧਾਰਮਿਕ ਡੇਰਿਆਂ ਵਲੋਂ ਆਪਣੇ ਅਨੁਯਾਈਆਂ ਤੇ ਗੈਰ ਕਾਨੂੰਨੀ ਨਿਯਮ ਲਾਗੂ ਕਰਨਾ ਜਾਂ ਕੰਮ ਕਰਵਾਉਣਾ, ਇਕੱਠੇ ਹੋ ਕੇ ਕਿਸੇ ਔਰਤ ਜਾਂ ਔਰਤਾਂ ਦੀ ਬੇਪੱਤੀ ਕਰਨਾ ਜਾਂ ਸਮੂਹਿਕ ਸੈਕਸ ਸੰਬੰਧੀ ਅਟੈਕ ਕਰਨਾ ਆਦਿ ਵੀ ਇਸੇ ਸ਼੍ਰੇਣੀ ਵਿੱਚ ਸ਼ਾਮਿਲ ਹਨ।

ਨੌਜਵਾਨਾਂ ਵਿੱਚ ਵੱਧ ਰਹੀ ਹਿੰਸਾ ਦੇ ਕਾਰਣ:- ਹਿੰਸਾ ਦੇ ਕਾਰਨ ਬਹੁ-ਮੁੱਖੀ ਹਨ।

ਮਨੋਵਿਗਿਆਨਕ ਕਾਰਣ:-

ਮਨੋਵਿਗਿਆਨ ਦੇ ਪਿਤਾਮਾ ਡਾ: ਸਿਗਮੰਡ ਫਰਾਇਡ ਨੇ ਮਨੁੱਖੀ ਮਾਨਸਿਕਤਾ ਦਾ ਬਹੁਤ ਵਿਸਥਾਰ ਪੂਰਵਕ ਅਧਿਐਨ ਕੀਤਾ ਹੈ ਅਤੇ ਇਹ ਖੋਜਿਆ ਹੈ ਕਿ ਮਨੁੱਖ ਦੇ ਅੰਦਰ ਹਿੰਸਾਤਮਕ ਪ੍ਰਵਿਰਤੀ (Aggressive Instinct) ਸੁਭਾਵਿਕ ਤੌਰ ਤੇ ਜਨਮ ਤੋਂ ਹੀ ਮੌਜੂਦ ਹੁੰਦੀ ਹੈ। ਪਰ ਇਹ ਪ੍ਰਵਿਰਤੀ ਸਫਲ ਮਨੁੱਖਾਂ ਵਿੱਚ ਰਚਨਾਤਮਕ ਕੰਮਾਂ ਵਿੱਚ ਲਗਾਈ ਜਾਂ ਵਰਤੀ ਜਾਂਦੀ ਹੈ। ਉਦਾਹਰਣ ਦੇ ਤੌਰ ਤੇ ਕੋਈ ਗੁਸੈਲਾ ਸ਼ਖਸ ਆਪਣੀ ਸਾਰੀ ਊਰਜਾ ਫੁਟਬਾਲ ਦਾ ਵਧੀਆ ਤੇ ਸਫਲ ਖਿਡਾਰੀ ਬਣਨ ਵਿੱਚ ਲਗਾ ਸਕਦਾ ਹੈ। ਕੋਈ ਸ਼ਖਸ ਆਪਣੀ ਇਸੇ ਪ੍ਰਵਿਰਤੀ ਨੂੰ ਸਫਲ ਤਰੀਕੇ ਨਾਲ ਸਹੀ ਕਾਰਜਾਂ ਵਿੱਚ ਨਹੀਂ ਲਗਾ ਪਾਉਂਦੇ ਤੇ ਸਾਰੀ ਉਮਰ ਹਿੰਸਾਤਮਕ ਵਿਵਹਾਰ ਜਾਰੀ ਰਖਦੇ ਹਨ।

ਨਿਜੀ ਜਾਂ ਵਿਅਕਤੀਗਤ ਕਾਰਣ:- ਨਾਕਾਰਾਤਮਕ ਨਜ਼ਰੀਆ:- ਹਰ ਚੀਜ਼ ਨੂੰ ਨਾਕਾਰਤਮਕ ਨਜ਼ਰੀਏ ਨਾਲ ਵੇਖਣ ਵਾਲੇ ਵਿਅਕਤੀ ਨੂੰ ਕਿਸੇ ਵੀ ਸਮੱਸਿਆ ਦਾ ਸਕਾਰਾਤਮਕ ਹੱਲ ਲੱਭਣ ਵਿੱਚ ਮੁਸ਼ਕਿਲ ਆਉਂਦੀ ਹੈ, ਉਸ ਨੂੰ ਹਿੰਸਾ ਇਕ ਸਿੱਧਾ ਅਤੇ ਸਪੱਸ਼ਟ ਰਸਤਾ ਲਗਦਾ ਹੈ। ਇਸ ਲਈ ਉਸ ਦੀ ਪ੍ਰਵਿਰਤੀ ਅਕਸਰ ਹੀ ਹਿੰਸਾਤਮਕ ਹੁੰਦੀ ਹੈ ਤੇ ਉਹ ਹਮੇਸ਼ਾ ਲੜਾਈ ਝਗੜੇ ਲਈ ਤਿਆਰ ਰਹਿੰਦਾ ਹੈ।

ਹਿੰਸਾ ਵਿੱਚ ਵਿਸ਼ਵਾਸ:- ਕਈ ਲੋਕ ਸ਼ੁਰੂ ਤੋਂ ਹੀ ਹਿੰਸਾ ਵਿੱਚ ਵਿਸ਼ਵਾਸ ਰਖਦੇ ਹਨ। ਬਚਪਨ ਤੋ ਜਵਾਨੀ ਵਿੱਚ ਕਈ ਕਾਰਣਾਂ ਕਰਕੇ ਉਨ੍ਹਾਂ ਦੀ ਇਹ ਧਾਰਣਾ ਬਣ ਜਾਂਦੀ ਹੈ ਕਿ ਹਿੰਸਾ ਜਾਇਜ਼ ਹੈ ਅਤੇ ਸਾਰੀਆਂ ਮੁਸ਼ਕਿਲਾਂ ਦਾ ਹਲ ਹਿੰਸਾਤਮਕ ਤਰੀਕੇ ਨਾਲ ਹੋ ਸਕਦਾ ਹੈ। ਅਜੇਹੇ ਵਿਅਕਤੀ ਵੀ ਹਰ ਸਥਿਤੀ ਵਿੱਚ ਲੜਨ-ਮਰਨ ਨੂੰ ਤਿਆਰ ਰਹਿੰਦੇ ਹਨ।

ਖਤਰਾ ਮੁਲ ਲੈਣ ਦਾ ਸੁਭਾਅ:- ਬੇਸ਼ਕ ਤਕਰੀਬਨ ਸਾਰੇ ਨੌਜਵਾਨਾਂ ਵਿੱਚ ਪ੍ਰੌੜ ਵਿਅਕਤੀਆਂ ਨਾਲੋਂ ਜ਼ਿਆਦਾ ਖਤਰਾ ਮੁੱਲ ਲੈਣ ਦਾ ਸੁਭਾਅ ਹੁੰਦਾ ਹੈ ਪਰ ਜ਼ਿਆਦਾ ਤਰ ਨੌਜਵਾਨ ਹੌਲੀ ਹੌਲੀ ਇਹ ਪ੍ਰਵਿਰਤੀ ਤਿਆਗ ਦਿੰਦੇ ਹਨ। ਪਰ ਫੇਰ ਵੀ ਕਾਫੀ ਨੌਜਵਾਨ ਆਪਣੇ ਇਸ ਤਰ੍ਹਾਂ ਦੇ ਸੁਭਾਅ ਤੋਂ ਬਾਹਰ ਨਹੀਂ ਨਿਕਲ ਪਾਉਂਦੇ ਅਤੇ ਉਨ੍ਹਾਂ ਵਿੱਚ ਹਿੰਸਾਤਮਕ ਪ੍ਰਵਿਰਤੀ ਬਰਕਰਾਰ ਰਹਿੰਦੀ ਹੈ।

ਨਸ਼ਿਆਂ ਦੀ ਵਰਤੋਂ:- ਆਮ ਤੌਰ ਤੇ ਜ਼ਿਆਦਾਤਰ ਵਿਅਕਤੀ ਕਿਸੇ ਵੀ ਉਕਸਾਉਂਣ ਵਾਲੇ ਹਾਲਾਤ ਵਿੱਚ ਵੀ ਆਪਣੇ ਆਪ 'ਤੇ ਕਾਬੂ ਰਖਦੇ ਹਨ ਪਰ ਨਸ਼ੇ ਦੀ ਹਾਲਤ ਵਿੱਚ ਇਹ ਕੰਟਰੋਲ ਘਟ ਜਾਂਦਾ ਹੈ ਤੇ ਵਿਅਕਤੀ ਹਿੰਸਾਤਮਕ ਵਿਵਹਾਰ ਕਰ ਸਕਦਾ ਹੈ। ਇਹੀ ਕਾਰਣ ਹੈ ਕਿ ਜ਼ਿਆਦਾਤਰ ਜੁਰਮ ਨਸ਼ੇ ਦੇ ਅਸਰ ਅਧੀਨ ਹੀ ਕੀਤੇ ਜਾਂਦੇ ਹਨ। ਨੌਜਵਾਨਾਂ ਵਿੱਚ ਨਸ਼ੇ ਦੀ ਵਰਤੋਂ ਵਧਣ ਕਾਰਣ ਵੀ ਹਿੰਸਾਤਮਕ ਵਿਵਹਾਰ ਵੱਧ ਰਿਹਾ ਹੈ। ਨਸ਼ਿਆਂ ਦਾ ਜੁਰਮ ਨਾਲ ਸਿੱਧਾ ਸੰਬੰਧ ਹੈ। ਨਸ਼ੇ ਕਰਨ ਵਾਲਿਆਂ ਦਾ ਦਾਇਰਾ ਹੀ ਅਜੇਹੇ ਲੋਕਾਂ ਨਾਲ ਹੁੰਦਾ ਹੈ ਜੋ ਅਕਸਰ ਹੀ ਹਿੰਸਾਤਮਕ ਅਤੇ ਜ਼ਰਾਇਮ ਪੇਸ਼ੇ ਨਾਲ ਸੰਬੰਧ ਰਖਦੇ ਹਨ। ਇਸ ਤੋਂ ਬਿਨਾਂ ਨਸ਼ੇ ਤੇ ਨਸ਼ਿਆਂ ਲਈ ਪੈਸੇ ਅਤੇ ਹੋਰ ਸਾਧਨ ਮੁਹੱਈਆ ਕਰਨ ਲਈ ਵੀ ਨਸ਼ੇੜੀ ਲੋਕ ਅਕਸਰ ਹੀ ਪਰਿਵਾਰ ਅੰਦਰ ਜਾਂ ਬਾਹਰ ਸਮਾਜ ਅੰਦਰ ਹਿੰਸਾਤਮਕ ਢੰਗਾਂ ਦਾ ਸਹਾਰਾ ਲੈਂਦੇ ਹਨ। ਅਕਸਰ ਹੀ ਨਸ਼ਿਆਂ ਕਾਰਣ ਪਰਿਵਾਰ ਅੰਦਰ ਲੜਾਈ ਝਗੜੇ ਹੁੰਦੇ ਹਨ।

ਗੁਣ ਸੂਤਰਾਂ ਰਾਹੀਂ ਗ੍ਰਹਣ ਕੀਤੇ ਕਾਰਣ (ਜੈਨੇਟਿਕ ਕਾਰਣ - Genetic causes):- ਮਨੁੱਖ ਬਹੁਤ ਸਾਰੇ ਗੁਣ, ਜੋ ਚੰਗੇ ਜਾਂ ਮਾੜੇ ਹੋ ਸਕਦੇ ਹਨ, ਗੁਣ ਸੂਤਰਾਂ ਰਾਹੀਂ ਮਾਂ ਪਿਉ ਤੋਂ ਗ੍ਰਹਿਣ ਕਰਦਾ ਹੈ।

ਇਸ ਤਰਾਂ ਕਈ ਵਿਅਕਤੀ ਕਿਸੇ ਵਿਸ਼ੇਸ਼ ਤਰਾਂ ਦਾ ਵਿਵਹਾਰ ਗ੍ਰਹਿਣ ਕਰ ਸਕਦੇ ਹਨ, ਜਿਸ ਵਿੱਚ ਹਿੰਸਾਤਮਕ ਵਿਵਹਾਰ ਇਕ ਪਹਿਲੂ ਹੋ ਸਕਦਾ ਹੈ। ਪਰ ਇਥੇ ਇਹ ਗੱਲ ਯਾਦ ਰੱਖਣੀ ਜਰੂਰੀ ਹੈ ਕਿ ਬੇਸ਼ਕ ਅਜੇਹਾ ਵਿਵਹਾਰ ਜੈਨੇਟਿਕ ਕਾਰਣ ਕਰਕੇ ਹੈ ਪਰ ਇਸ ਨੂੰ ਵੀ ਸਹੀ ਕੋਸ਼ਿਸ਼ ਜਾਂ ਇਲਾਜ ਨਾਲ ਬਦਲਿਆ ਜਾ ਸਕਦਾ ਹੈ।

ਵਿਵਹਾਰ ਸੰਬੰਧੀ ਜਾਂ ਹੋਰ ਰੋਗ:- ਕਈ ਵਿਵਹਾਰ ਸੰਬੰਧੀ ਰੋਗਾਂ ਵਿੱਚ ਜਾਂ ਮਨੋਰੋਗਾਂ ਵਿੱਚ ਵੀ ਅਣਚਾਹਿਆ ਹਿੰਸਾਤਮਕ ਵਿਵਹਾਰ ਦੇਖਿਆ ਜਾਂਦਾ ਹੈ। ਜਿਸ ਤਰਾਂ ਕਿ ਬੱਚਿਆਂ ਵਿੱਚ ਧਿਆਨ- ਉਣਤਾ ਤੇ ਇੱਲਤ ਰੋਗ (ADHD), ਆਚਾਰ ਰੋਗ, ਮਿਰਗੀ ਰੋਗ, ਜਾਂ ਹੋਰ ਮਾਨਸਿਕ ਤੇ ਵਿਵਹਾਰਕ ਰੋਗ ਆਦਿ।

ਵਾਤਾਵਰਣ ਕਾਰਣ:- ਕਿਸੇ ਵੀ ਵਿਅਕਤੀ ਦੇ ਵਾਤਾਵਰਣ ਵਿੱਚ ਅਜੇਹੀਆਂ ਅਹਿਮ ਪ੍ਰਸਥਿਤੀਆਂ ਹੋ ਸਕਦੀਆਂ ਹਨ ਜੋ ਉਸ ਅੰਦਰ ਅਹਿਮ ਵਿਵਹਾਰਿਕ ਤਬਦੀਲੀਆਂ ਲਿਆ ਸਕਦੀਆਂ ਹਨ ਜਿਨਾਂ ਕਾਰਣ ਨਾਂ ਚਾਹੁੰਦਿਆਂ ਵੀ ਅਣਚਾਹਿਆ ਵਿਵਹਾਰ ਵੀ ਪੈਦਾ ਹੋ ਸਕਦਾ ਹੈ। ਵਿਸ਼ੇਸ਼ ਤੌਰ ਤੇ ਬੱਚਿਆਂ ਦੇ ਮਨਾਂ ਤੇ ਨਾ-ਖੁਸ਼ਗਵਾਰ ਮਾਹੌਲ ਦਾ ਬਹੁਤ ਮਾੜਾ ਅਸਰ ਪੈ ਸਕਦਾ ਹੈ। ਬਚਪਨ ਵਿੱਚ ਵੱਡਿਆਂ ਵੱਲੋਂ ਕੀਤਾ ਗੰਭੀਰ ਤਰੀਕੇ ਦਾ ਹਿੰਸਾਤਮਕ ਦੁਰਵਿਵਹਾਰ, ਸੈਕਸ ਸੰਬੰਧੀ ਸ਼ੋਸ਼ਣ ਆਦਿ ਬੱਚੇ ਜਾਂ ਨੌਜੁਆਨ ਦੇ ਸੁਚੇਤ ਜਾਂ ਅਚੇਤ ਮਨ ਤੇ ਬਹੁਤ ਬੁਰਾ ਅਸਰ ਪਾ ਸਕਦੇ ਹਨ ਜਿਸ ਕਾਰਣ ਵਿਵਹਾਰ ਸੰਬੰਧੀ ਗੰਭੀਰ ਵਿਕਾਰ ਪੈਦਾ ਹੋ ਸਕਦੇ ਹਨ। ਬੱਚੇ ਬਚਪਨ ਤੋਂ ਹੀ ਆਪਣੇ ਪਰਿਵਾਰ ਤੋਂ ਅਤੇ ਆਲੇ ਦੁਆਲੇ ਦੇ ਲੋਕਾਂ ਤੋਂ ਵਿਵਹਾਰ ਕਰਨਾ ਸਿੱਖਦੇ ਹਨ। ਇਸ ਲਈ ਹਿੰਸਾਤਮਕ ਵਿਵਹਾਰ ਮਾੜੇ ਹਾਲਾਤਾਂ ਦੀ ਉਪਜ ਵੀ ਹੋ ਸਕਦੀ ਹੈ। ਅੱਜ-ਕੱਲ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ, ਨੌਜਵਾਨਾਂ ਦੇ ਗਰੁੱਪ ਹਿੰਸਾ ਕਰਨਾ ਆਦਿ ਨੂੰ ਇਕ ਫੈਸ਼ਨ ਸਮਝਦੇ ਹਨ। ਇਸ ਤੋ ਬਿਨਾਂ ਸਮਾਜ ਵਿੱਚ ਰਾਜਨੀਤਕ/ਧਾਰਮਿਕ ਸੰਗਠਨਾਂ ਦੀਆਂ ਨੌਜੁਆਨ ਜੱਥੇਬੰਦੀਆਂ ਵੀ ਹਿੰਸਾਤਮਕ ਢੰਗਾਂ ਦਾ ਸਹਾਰਾ ਅਕਸਰ ਹੀ ਲੈਂਦੀਆਂ ਹਨ। ਕਾਨੂੰਨੀ ਅਤੇ ਗੈਰ ਕਾਨੂੰਨੀ ਹਥਿਆਰਾਂ ਦੀ ਭਰਮਾਰ ਅਤੇ ਉਪਲਭਤਾ ਦਾ ਵੀ ਅਹਿਮ ਰੋਲ ਹੈ।

ਮੀਡੀਆ ਦਾ ਰੋਲ:- ਬਹੁਤ ਸਾਰੇ ਸਮਾਜ-ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਫਿਲਮਾਂ ਅਤੇ ਟੈਲੀਵਿਜ਼ਨ ਵਿੱਚ ਦਿਖਾਈ ਜਾਣ ਵਾਲੀ ਵੱਧਦੀ ਹਿੰਸਾ ਦਾ ਨੌਜਵਾਨਾਂ ਦੇ ਮਨਾਂ 'ਤੇ ਅਸਰ ਹੁੰਦਾ ਹੈ ਅਤੇ ਹਿੰਸਾ ਨੂੰ ਪ੍ਰੇਰਣਾ ਮਿਲਦੀ ਹੈ। ਹਿੰਸਾ ਭਰਪੂਰ ਵੀਡੀਓ/ਕੰਪਿਊਟਰ ਖੇਡਾਂ ਵੀ ਬੱਚਿਆਂ ਦੇ ਮਨਾਂ 'ਤੇ ਭ੍ਰਮ ਪੈਦਾ ਕਰਦੀਆਂ ਹਨ ਅਤੇ ਵਾਸਤਵਿਕਤਾ ਅਤੇ ਕਾਲਪਨਿਕ ਹਾਲਾਤਾਂ ਦਾ ਫਰਕ ਮਿਟਾਉਂਦੀਆ ਹਨ। ਬੱਚੇ ਤੇ ਨੌਜੁਆਨ ਹੀਰੋ ਜਾਂ ਹੀਰੋਇਨਾਂ ਨੂੰ ਰੋਲ ਮਾਡਲ ਵੀ ਸਮਝਣ ਲਗਦੇ ਹਨ।

ਸਮਾਜਿਕ ਅਤੇ ਹੋਰ ਕਾਰਣ:- ਅੱਜ ਕਲ੍ਹ ਦੀ ਦੁਨੀਆਂ ਵਿੱਚ ਮਨੁੱਖੀ ਕਦਰਾਂ ਕੀਮਤਾਂ ਦਾ ਬਹੁਤ ਛੇਤੀ ਬਦਲਨਾ, ਮਨੁੱਖ ਦੀ ਸਮਾਜਿਕ ਅਲੈਹਿਦਗੀ, ਸਕੂਲਾਂ ਕਾਲਜਾਂ ਵਿੱਚ ਅਤੇ ਕੰਮ ਦੀ ਜਗ੍ਹਾ ਤੇ ਮਾਨਸਿਕ ਦਬਾ ਵਧਣਾ, ਜ਼ਿੰਦਗੀ ਦੀ ਰਫਤਾਰ ਦਾ ਬਹੁਤ ਤੇਜ਼ ਹੋਣਾ, ਪਦਾਰਥਿਕ ਚੀਜ਼ਾਂ ਦੀ ਅਹਿਮੀਅਤ ਲੋੜ ਤੋਂ ਜ਼ਿਆਦਾ ਵੱਧਣਾ, ਜ਼ਿੰਦਗੀ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਹੀ ਜਾਂ ਗਲਤ ਹਰ ਤਰ੍ਹਾਂ ਦੇ ਤਰੀਕਿਆਂ ਨੂੰ ਜਾਇਜ਼ ਮੰਨਣ ਦੀ ਰਵਾਇਤ, ਪਰਿਵਾਰ ਅਤੇ ਬੱਚਿਆਂ ਦੀ ਜ਼ਿੰਦਗੀ ਵਿੱਚ ਤੇਜ਼ੀ ਨਾਲ ਤਬਦੀਲੀਆਂ ਆਉਣਾ, ਰਵਾਇਤਨ ਸਮਾਜਿਕ ਸਹਾਰਿਆਂ ਦੀ ਘਾਟ ਹੋਣਾ, ਨਸ਼ਿਆਂ ਦਾ ਵੱਧਣਾ, ਸਕੂਲਾਂ ਕਾਲਜਾਂ ਵਿੱਚ ਜਾਂ ਬਾਹਰ ਰਾਜਨੀਤਿਕ ਅਤੇ ਧਾਰਮਿਕ ਗਰੁਪਾਂ ਵਲੋਂ ਆਪਣੇ ਮੁਫਾਦ ਲਈ ਨੌਜਵਾਨਾਂ ਨੂੰ ਉਕਸਾਉਣਾ, ਜ਼ਿੰਦਗੀ ਵਿੱਚ ਮੁਕਾਬਲੇ ਦੀ ਦੌੜ ਦਾ ਬਹੁਤ ਤੇਜ਼ੀ ਨਾਲ ਵੱਧਣਾ ਆਦਿ ਆਦਿ।

ਸੋ ਅਸੀਂ ਵੇਖਿਆ ਹੈ ਕਿ ਹਿੰਸਾਤਮਕ ਵਿਵਹਾਰ ਦੇ ਬਹੁਤ ਸਾਰੇ ਕਾਰਣ ਹੋ ਸਕਦੇ ਹਨ। ਇਸ ਦੇ ਉਪਾਅ ਬਾਰੇ ਅਗਲੇ ਅੰਕ ਵਿੱਚ ਵਿਸਥਾਰ ਨਾਲ ਬਿਆਨ ਕਰਾਂਗੇ।

ਪ੍ਰੋਫੈਸਰ ਅਤੇ ਮੁਖੀ,
ਸਾਇਕੈਟਰੀ ਅਤੇ ਨਸ਼ਾ ਛੁਡਾਊ ਵਿਭਾਗ,
ਰਜਿੰਦਰਾ ਹਸਪਤਾਲ, ਪਟਿਆਲਾ।

ਪਿਆਰਾ ਸਿੰਘ ਮਾਨਵ, ਬਟਾਲਾ ਹਰ ਮਹੀਨੇ ਸੁਸਾਇਟੀ ਨੂੰ 100 ਰੁਪਏ ਸਹਾਇਤਾ ਭੇਜਦੇ ਹਨ। ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦ

ਸੋਚ-ਵਿਚਾਰ ਦਾ ਵਿਕਾਸ



ਗੁਰਚਰਨ ਨੂਰਪੁਰ

ਇਸ ਬ੍ਰਹਿਮੰਡ ਦਾ ਹਰ ਜਰ੍ਹਾ ਗਤੀਸ਼ੀਲ ਹੈ। ਸਮੇਂ ਦੇ ਹਰ ਦੌਰ ਵਿੱਚ ਬਦਲਾਅ ਜਾਰੀ ਰਹਿੰਦਾ ਹੈ। ਦੁਨੀਆਂ ਦੀ ਹਰ ਵਸਤੂ ਬਦਲ ਰਹੀ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਦੀ ਦੁਨੀਆਂ ਅੱਜ ਵਰਗੀ ਨਹੀਂ ਸੀ। ਅੱਜ ਤੋਂ ਪੰਜਾਹ ਸਾਲ ਬਾਅਦ ਦੀ ਦੁਨੀਆਂ ਅੱਜ ਨਾਲੋਂ ਹੋਰ ਜਿਆਦਾ ਵੱਖਰੀ ਹੋਵੇਗੀ।

ਜੇਕਰ ਸੋਚ, ਵਿਚਾਰ ਦਾ ਵਿਕਾਸ ਨਹੀਂ ਹੋਵੇਗਾ ਤਾਂ ਆਉਣ ਵਾਲਾ ਕੱਲ੍ਹ ਜੋ ਸਵਾਲ ਖੜ੍ਹੇ ਕਰੇਗਾ, ਉਹਦੇ ਸਾਹਮਣੇ ਸਾਨੂੰ ਨਿਰਉੱਤਰ ਹੋਣਾ ਪਵੇਗਾ। ਅਲਬਰਟ ਸਵੀਟਜ਼ਰ ਕਹਿੰਦੇ ਹਨ-ਸੋਚ, ਵਿਚਾਰ ਦਾ ਤਿਆਗ ਕਰਨਾ ਬੌਧਿਕ ਦਿਵਾਲੀਆਪਣ ਦਾ ਐਲਾਨ ਕਰਨਾ ਹੁੰਦਾ ਹੈ।

ਸਮੇਂ ਦੇ ਬੀਤਣ ਨਾਲ ਗਿਆਨ ਵਿਗਿਆਨ ਦੇ ਖੇਤਰ ਵਿੱਚ ਆਏ ਇਨਕਲਾਬ ਨੇ ਬਹੁਤ ਸਾਰੇ ਤੱਥਾਂ, ਜਿਹਨਾਂ ਨੂੰ ਸਦੀਵੀ ਮੰਨਿਆ ਜਾਂਦਾ ਸੀ। ਝੂਠੇ ਸਾਬਤ ਕਰ ਦਿੱਤਾ ਹੈ। ਹੁਣ ਵਹਿਮ ਦਾ ਇਲਾਜ ਹੋ ਸਕਦਾ ਹੈ, ਸਮੇਂ ਨਾਲ ਬੰਦੇ ਦੀਆਂ ਆਦਤਾਂ ਬਦਲ ਜਾਂਦੀਆਂ ਹਨ ਅਤੇ ਮਨੁੱਖ ਦੇ ਗੁਰਦੇ, ਲਹੂ, ਅੱਖਾਂ, ਖ਼ੂਨ ਦੂਜਿਆਂ ਦੇ ਕੰਮ ਆ ਸਕਦੇ ਹਨ।

ਮਨੁੱਖੀ ਸੱਭਿਅਤਾ ਰੁੱਖਾਂ, ਜੰਗਲਾਂ, ਪਹਾੜੀ ਕੁੰਦਰਾਂ 'ਚੋਂ ਨਿਕਲ ਕੇ ਵਿਕਾਸ ਕਰਦੀ ਕਰਦੀ ਅੱਜ ਕੰਪਿਊਟਰ ਦੇ ਯੁੱਗ ਤੱਕ ਆਈ ਹੈ। ਹੁਣ ਤੱਕ ਧਰਤੀ ਤੇ ਮਨੁੱਖ ਨੇ ਜਿੰਨ੍ਹਾ ਵੀ ਵਿਕਾਸ ਕੀਤਾ ਹੈ, ਇਹ ਸਭ ਪੁਰਾਣੀਆਂ ਰੂੜੀਵਾਦੀ ਧਾਰਨਾਵਾਂ ਨੂੰ ਛੱਡਣ ਅਤੇ ਸੋਚ ਵਿਚਾਰ ਕਰਨ ਕਰਕੇ ਹੀ ਸੰਭਵ ਹੋ ਸਕਿਆ ਹੈ। ਅੱਜ ਮਨੁੱਖ ਪੁਲਾੜੀ ਬਸਤੀਆਂ ਬਣਾਉਣ ਲਈ ਯਤਨਸ਼ੀਲ ਹੈ, ਕਲੋਨ ਵਿਧੀ, ਨੈਨੋਟੈਕਨਾਲੌਜੀ ਆਦਿ ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਪਰ ਇਸ ਦੇ ਬਾਵਜੂਦ ਅਜੇ ਵੀ ਮਨੁੱਖ ਦੇ ਅਗਿਆਨ ਦਾ ਕੋਈ ਪਾਰਾਵਾਰ ਨਹੀਂ। ਅਜੇ ਵੀ ਅਸੀਂ ਬਿਮਾਰੀਆਂ ਦੇ ਬਚਾਅ ਲਈ ਰੁੱਖਾਂ ਦੇ ਮੁੱਢਾਂ ਤੇ ਕੱਚੀਆਂ ਲੱਸੀਆਂ ਪਾ ਰਹੇ ਹਾਂ। ਅਖੌਤੀ ਜੋਤਸ਼ੀ, ਤਾਂਤਰਿਕ, ਬਾਬੇ, ਸੰਤ, ਸੁਆਮੀ, ਲੋਕਾਂ ਦੇ ਮਨਾਂ ਅੰਦਰ ਅਗਿਆਨਤਾ ਦੇ ਹਨੇਰ ਨੂੰ ਹੋਰ ਗਹਿਰਾ ਕਰਨ ਲੱਗੇ ਹੋਏ ਹਨ। ਖਲੀਲ ਜਿਬਰਾਨ ਨੇ ਕਿਹਾ ਹੈ-ਗਿਆਨ ਮਨੁੱਖ ਦੀ ਤਰੱਕੀ ਦਾ ਸੂਚਕ ਹੈ ਅਤੇ ਅਗਿਆਨ ਵਿਨਾਸ਼ ਦਾ। ਅੱਜ ਵੀ ਜਦੋਂ ਵਿਗਿਆਨ ਵੱਲੋਂ ਕਈ ਸਾਲਾਂ ਦੀ ਮਿਹਨਤ ਮਗਰੋਂ ਕਿਸੇ ਖੋਜ ਕਾਰਜ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ ਤਾਂ ਇਹਦੀ ਮਿਹਨਤ ਦੀ ਖਿੱਲੀ ਉਡਾਉਣ ਲਈ ਕਿਹਾ ਜਾਂਦਾ ਹੈ 'ਇਹ ਕਿਹੜੀ ਨਵੀਂ ਗੱਲ ਏ, ਇਹਦੇ ਬਾਰੇ ਤਾਂ ਪਹਿਲਾਂ ਹੀ ਸਾਡੇ ਗ੍ਰੰਥਾਂ ਸ਼ਾਸ਼ਤਰਾਂ ਵਿੱਚ ਲਿਖਿਆ ਹੈ।'

ਗੱਲ ਕੀ ਅਸੀਂ ਵਿਗਿਆਨ ਵੱਲੋਂ ਮੁਹੱਈਆ ਕਰਾਈਆਂ ਵਸਤਾਂ ਤਾਂ ਚੌਵੀ ਘੰਟੇ ਵਰਤ ਰਹੇ ਹਾਂ ਪਰ ਅਸੀਂ ਆਪਣੀ ਸੋਚ ਵਿਗਿਆਨਕ ਨਹੀਂ ਬਣਾ ਰਹੇ। ਇਹਦੇ ਲਈ ਕਈ ਹੋਰ ਵੀ ਕਾਰਨ ਹਨ ਪਰ ਦੋ ਮੁੱਖ ਕਾਰਨਾਂ 'ਚੋਂ ਇੱਕ ਇਹ ਹੈ ਕਿ ਸਾਡੀ ਵਿੱਦਿਆ ਪ੍ਰਣਾਲੀ ਬੇਹੱਦ ਨੁਕਸਦਾਰ ਹੈ। ਇਸ ਵਿੱਚ 70 ਪ੍ਰਤੀਸ਼ਤ ਬੇਲੋੜਾ ਹੈ। ਇਹ ਮਨੁੱਖ ਦੀ ਸੋਚ ਵਿਗਿਆਨਕ ਬਣਾਉਣ ਵੱਲ ਸੇਧਤ ਨਹੀਂ ਹੈ। ਦੂਜਾ ਕਾਰਨ ਇਹ ਹੈ ਕਿ ਸਾਡੇ ਸਮਾਜ ਵਿੱਚ ਸਦੀਆਂ ਤੋਂ ਸਾਡੇ ਮਨਾਂ ਵਿੱਚ ਪੀੜ੍ਹੀ ਦਰ ਪੀੜ੍ਹੀ ਧਾਰਮਿਕ ਰੂੜੀਵਾਦੀ ਧਾਰਨਾਵਾਂ ਦਾ ਪ੍ਰਸਾਰ ਚੱਲਿਆ ਆ ਰਿਹਾ ਹੈ। ਇਹਨਾਂ ਧਾਰਨਾਵਾਂ ਦਾ ਪ੍ਰਚਾਰ ਕਰਨ ਵਾਲਿਆਂ ਨੇ ਵਿਗਿਆਨਕ ਸੋਚ ਦੇ ਖਿਲਾਫ਼ ਵਿਗਿਆਨਕ ਖੋਜਾਂ ਜਿਵੇਂ ਸਪੀਕਰ, ਟੇਪ ਰਿਕਾਰਡਰ, ਟੀ.ਵੀ. ਅਤੇ ਰੇਡਿਓ ਆਦਿ ਦੇ ਮਾਧਿਅਮ ਰਾਹੀਂ ਆਪਣੇ ਸਵਾਰਥਾਂ ਲਈ ਲੋਕਾਈ ਨੂੰ ਅੰਧਵਿਸ਼ਵਾਸ ਦਾ ਪਾਠ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਟੀ.ਵੀ. ਚੈਨਲਾਂ ਦੀ ਗਿਣਤੀ ਵਧਣ ਨਾਲ ਅੰਧਵਿਸ਼ਵਾਸ ਦਾ ਫੈਲਾਅ ਸਗੋਂ ਹੋਰ ਤੇਜੀ ਨਾਲ ਹੋਣਾ ਸ਼ੁਰੂ ਹੋ ਗਿਆ ਹੈ। ਅੱਜ ਮਨੁੱਖ ਨੂੰ ਲਾਲਚਾਂ ਦਾ ਮੁਲੰਮਾ ਲਾ ਕੇ ਅੰਧ ਵਿਸ਼ਵਾਸ ਅਤੇ ਅਗਿਆਨਤਾ ਦਾ ਜਹਿਰ ਦਿੱਤਾ ਜਾ ਰਿਹਾ ਹੈ।

ਜਿੱਥੇ ਧਰਮ ਆਪਣੀ ਵਿਚਾਰਧਾਰਾ ਨੂੰ ਅੰਤਮ ਸੱਚ ਮੰਨ ਕੇ ਚਲਦਾ ਹੈ ਉੱਥੇ ਵਿਗਿਆਨ ਨੇ ਕਿਹਾ, ਅਜੇ ਇੱਥੋਂ ਤੱਕ ਪਤਾ ਹੈ, ਇਸਤੋਂ ਅਗਾਂਹ ਜਦੋਂ ਪਤਾ ਕਰਾਂਗੇ, ਦੱਸ ਦਿੱਤਾ ਜਾਵੇਗਾ।

ਵਿਗਿਆਨ ਨੇ ਧਰਮ ਦੀਆਂ ਪੁਰਾਤਨ ਧਾਰਨਾਵਾਂ ਨੂੰ ਚੁਣੌਤੀ ਦਿੱਤੀ ਹੈ ਜਿਵੇਂ ਪਹਿਲਾਂ ਜਦੋਂ ਕਦੇ ਵਕਤ ਤੋਂ ਪਹਿਲਾਂ ਬੱਚਾ ਪੈਦਾ ਹੋ ਜਾਂਦਾ ਤਾਂ ਉਹ ਕੁਝ ਸਮਾਂ ਜਿਉਂਦਾ ਤੇ ਮਰ ਜਾਂਦਾ। ਇੱਥੇ ਗ੍ਰੰਥਾਂ ਸ਼ਾਸ਼ਤਰਾਂ ਦਾ ਜਵਾਬ ਸੀ ਕਿ ਇਸ ਦੀ ਲਿਖੀ ਹੀ ਇੰਨੀ ਸੀ ਪਰ ਜਦੋਂ ਵਿਗਿਆਨ ਇੱਥੇ ਹਾਜਰ ਹੁੰਦਾ ਹੈ ਤਾਂ ਉਸਨੇ ਲਿਖੀ ਦੀ ਧਾਰਨਾ ਨੂੰ ਪਾਸੇ ਰੱਖ ਕੇ ਮਾਂ ਦੇ ਗਰਭ ਜਿਹੀ ਵਿਵਸਥਾ ਵਾਲੀ ਮਸ਼ੀਨ ਇੰਨਕੁਬੇਟਰ ਬਣਾ ਲਈ ਤੇ ਬੱਚੇ ਨੂੰ ਉਹਦੇ ਜਨਮ ਦਾ ਰਹਿੰਦਾ ਸਮਾਂ ਉਸ ਵਿੱਚ ਰੱਖ ਉਹਦੀ ਲਿਖੀ ਵਾਲੀ ਧਾਰਨਾ ਨੂੰ ਇੱਕ ਤਰੀਕੇ ਨਾਲ ਚੁਣੌਤੀ ਦਿੱਤੀ।

ਜਿੱਥੋਂ ਤੱਕ ਵਿਗਿਆਨ ਦੀਆਂ ਖੋਜਾਂ ਦਾ ਗ੍ਰੰਥਾਂ ਵਿੱਚ ਪਹਿਲਾਂ ਹੀ ਦਰਜ ਹੋਣ ਦੇ ਕੂੜ ਪ੍ਰਚਾਰ ਦਾ ਸਵਾਲ ਹੈ ਇੱਥੇ ਕਿਹਾ ਜਾ ਸਕਦਾ ਹੈ ਕਿ ਅੱਜ ਤੱਕ ਸਭ ਤੋਂ ਵੱਧ ਮਨੁੱਖੀ ਜਿੰਦਗੀ ਨੂੰ ਬਿਜਲੀ ਨੇ ਪ੍ਰਭਾਵਿਤ ਕੀਤਾ, ਕੀ ਕਿਸੇ ਗ੍ਰੰਥ ਵਿੱਚ ਇਸ ਦੀ ਕਾਢ ਸੰਬੰਧੀ ਕੁੱਝ ਹੈ? ਇਸ ਸਮੇਂ ਮਨੁੱਖਤਾ ਨੂੰ ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਸਾਡੇ ਊਰਜਾ ਦੇ ਸਰੋਤ ਖਤਮ ਹੋ ਰਹੇ ਹਨ, ਸਾਡੀਆਂ ਬਹੁਤ ਸਾਰੀਆਂ ਬਿਮਾਰੀਆਂ ਦੁਸ਼ਵਾਰੀਆਂ ਅਜਿਹੀਆਂ ਹਨ ਜਿਹਨਾ ਤੋਂ ਮਨੁੱਖ ਨੂੰ ਖੌਫ਼ ਬਣਿਆ ਹੋਇਆ ਹੈ ਅੱਜ ਜਾਂ ਕੱਲ ਇਹ ਪੱਕਾ ਹੈ ਕਿ ਵਿਗਿਆਨ ਇਹਨਾਂ ਦੇ ਹੱਲ ਖੋਜ ਲਵੇਗਾ ਕਿਉਂਕਿ ਵਿਗਿਆਨ ਦਾ ਹੁਣ ਤੱਕ ਦਾ ਇਤਿਹਾਸ ਇਹ ਦਰਸਾਉਂਦਾ ਹੈ। ਜੇਕਰ ਮਨੁੱਖੀ ਸਮੱਸਿਆਵਾਂ ਦੇ ਹੱਲ ਪੁਰਾਤਨ ਗ੍ਰੰਥਾਂ ਵਿੱਚ ਹਨ ਤਾਂ ਕੀ ਇਹਨਾ ਸਮੱਸਿਆਵਾਂ ਦੇ ਹੱਲ ਗ੍ਰੰਥਾਂ ਸਾਸ਼ਤਰਾਂ ਦੀ ਮਦਦ ਨਾਲ ਸਾਨੂੰ ਕਰਨੇ ਨਹੀਂ ਚਾਹੀਦੇ? ਦੂਜੀ ਗੱਲ ਅੱਜ ਵਿਗਿਆਨ ਜਦੋਂ ਕੋਈ ਖੋਜ ਕਰਦਾ ਹੈ ਤਾਂ ਇਹਦਾ ਲਾਭ ਦੂਜੇ ਲੱਖਾਂ ਲੋਕ ਲੈਂਦੇ ਹਨ। ਰਿਧੀਆਂ ਸਿਧੀਆਂ ਵੱਸ ਕਰਨ ਦੇ ਦਾਅਵੇ ਕਰਨ ਵਾਲਿਆਂ ਪਾਸ ਜੇਕਰ ਕੋਈ ਅੱਜ ਨਾਲੋਂ ਵੱਧ ਵਿਕਸਤ ਤਕਨੀਕਾਂ ਸਨ ਤਾਂ ਉਹਨਾਂ ਨੇ ਲੋਕ ਹਿਤਾਂ ਲਈ ਪੇਸ਼ ਕਿਉਂ ਨਹੀਂ ਕੀਤੀਆਂ?


ਦਰਅਸਲ ਧਰਤੀ ਉੱਪਰ ਹੋਇਆ ਅੱਜ ਤੱਕ ਦਾ ਵਿਕਾਸ ਮਨੁੱਖ ਦੀ ਲਗਾਤਾਰ ਮਿਹਨਤ, ਸੋਚ ਵਿਚਾਰ ਅਤੇ ਪੁਰਾਤਨ ਰੂੜੀਵਾਦੀ ਧਾਰਨਾਵਾਂ ਨੂੰ ਤਿਆਗਣ ਦਾ ਸਿੱਟਾ ਹੈ। ਗ੍ਰੰਥ-ਸ਼ਾਸ਼ਤਰਾਂ ਦੀਆਂ ਧਾਰਨਾਵਾਂ ਉਹੀ ਹਨ ਜੋ ਅੱਜ ਤੋਂ ਸਦੀਆਂ ਪਹਿਲਾਂ ਦੇ ਸਮਾਜ ਲਈ ਸਨ। ਇਹਨਾਂ ਵਿੱਚ ਬਦਲਾਅ ਦੀ ਗੱਲ ਤਾਂ ਛੱਡੋ ਐਸਾ ਸੋਚਣਾ ਵੀ ਗੁਨਾਹ ਕਿਹਾ ਜਾਂਦਾ ਹੈ। ਪਰ ਸਮੇਂ ਦੇ ਬੀਤਣ ਨਾਲ ਬਹੁਤ ਸਾਰੇ ਤੱਥ-ਸੱਚ ਐਸੇ ਹਨ ਜਿਹਨਾਂ ਨੂੰ ਅਸੀਂ ਪਹਿਲਾਂ ਕੁਦਰਤੀ ਕਰੋਪੀਆਂ ਹੀ ਸਮਝਦੇ ਰਹੇ। ਜਿਵੇਂ ਬਿਮਾਰੀਆਂ ਨੂੰ ਕਿਸੇ ਦੇਵੀ ਦੇਵਤੇ ਦਾ ਪ੍ਰਕੋਪ, ਪਸ਼ੂਆਂ ਦੀਆਂ ਬਿਮਾਰੀਆਂ ਲਈ ਜਾਦੂ ਟੂਣੇ ਤੇ ਹੋਰ ਆਹਰ ਪਾਹਰ ਆਦਿ। ਅਸੀਂ ਕਿਸੇ ਗ੍ਰੰਥ ਤੋਂ ਸੇਧ ਲੈ ਕੇ ਇਹਨਾਂ ਦਾ ਉਸ ਸਮੇਂ ਜਾਂ ਬਾਅਦ ਵਿੱਚ ਵੀ ਬਹੁਤਾ ਕੁੱਝ ਨਹੀਂ ਕਰ ਸਕੇ। ਸਾਡੇ ਪਿੰਡਾਂ ਵਿੱਚ ਹੁਣ ਤੱਕ ਵੀ ਪਸ਼ੂਆਂ ਨੂੰ ਮੂੰਹ ਖੁਰ ਦੀ ਬਿਮਾਰੀ ਦੇ ਬਚਾ ਲਈ ਰੱਖਾਂ ਧਾਗੇ ਬੰਨ ਕੇ ਹੇਠੋਂ ਪਸ਼ੂਆਂ ਨੂੰ ਲੰਘਾਇਆ ਜਾਂਦਾ ਰਿਹਾ ਹੈ। ਅੱਜ ਅਸੀਂ ਕਹਿ ਸਕਦੇ ਹਾਂ ਕਿ ਅਜਿਹੀਆਂ ਪ੍ਰਵਿਰਤੀਆਂ ਤੋਂ ਨਿਜਾਤ ਅਸੀਂ ਵਿਗਿਆਨ ਦੇ ਚਾਨਣ ਰਾਹੀਂ ਹੀ ਪਾਈ ਹੈ।

ਸਮੇਂ ਬਦਲਣ ਨਾਲ ਗਿਆਨ ਵਿਗਿਆਨ ਦੇ ਪ੍ਰਕਾਸ਼ ਵਿੱਚ ਪੁਰਾਤਨ ਧਾਰਨਾਵਾਂ ਟੁੱਟਦੀਆਂ ਰਹਿੰਦੀਆਂ ਹਨ। ਇਸ ਬਦਲਾਅ ਦੇ ਨਾਲ ਨਾਲ ਸਾਨੂੰ ਆਪਣੇ ਵਿਚਾਰਾਂ ਅਤੇ ਵਿਚਾਰਧਾਰਾ ਵਿੱਚ ਵਿਕਾਸ ਲਿਆਉਣ ਦੀ ਲੋੜ ਹਮੇਸ਼ਾ ਬਣੀ ਰਹਿੰਦੀ ਹੈ। ਵਿਲੀਅਮ ਬਲੈਕ ਲਿਖਦੇ ਹਨ :- ਜਿਹੜਾ ਵਿਅਕਤੀ ਆਪਣਾ ਵਿਚਾਰ ਨਹੀਂ ਬਦਲਦਾ। ਉਹ ਖੜ੍ਹੇ ਪਾਣੀ ਵਾਂਗ ਹੈ। ਦੁਨੀਆਂ ਭਰ ਵਿੱਚ ਜਿਹੜੀਆਂ ਕੌਮਾਂ ਨੇ ਆਪਣੀ ਵਿਚਾਰਧਾਰਾ ਨੂੰ ਉਦਾਰਵਾਦੀ ਰੱਖਿਆ, ਉਹਨਾਂ ਨੇ ਕੱਟੜਵਾਦੀ ਕੌਮਾਂ ਦੇ ਮੁਕਾਬਲੇ ਵੱਧ ਤਰੱਕੀ ਕੀਤੀ। ਵਿਚਾਰਸ਼ੀਲ ਲੋਕ ਦੂਜਿਆਂ ਦੇ ਮੁਕਾਬਲੇ ਵਧੇਰੇ ਸ਼ਾਂਤ ਰਹਿੰਦੇ ਹਨ। ਚੀਨੀ ਫਿਲਾਸਫਰ ਕਨਫਿਊਸ਼ੀਅਸ ਦਾ ਕਥਨ ਹੈ -ਅਗਿਆਨਤਾ ਮਨ ਦੀ ਰਾਤ ਹੈ ਵਿਗਿਆਨਕ ਅਜਿਹੀ ਰਾਤ ਜਿਸ ਵਿੱਚ ਨਾ ਚੰਦ, ਨਾ ਤਾਰੇ ਹਨ। ਆਪਣੇ ਵਿਚਾਰਾਂ ਅਤੇ ਸੋਚਾਂ ਨੂੰ ਨਿਖਾਰਨ ਲਈ ਸਾਨੂੰ ਚਾਹੀਦਾ ਹੈ ਕਿ ਵੱਧ ਵੱਧ ਸਾਹਿਤ ਪੜ੍ਹਿਆ ਜਾਵੇ। ਕਿਤਾਬਾਂ ਇਸ ਵਿੱਚ ਸਾਡੀਆਂ ਸਭ ਤੋਂ ਵੱਧ ਸਹਾਇਕ ਹੋ ਸਕਦੀਆਂ ਹਨ। ਕਿਤਾਬਾਂ ਹੀ ਮਨੁੱਖ ਦੀਆਂ ਅਜਿਹੀਆਂ ਦੋਸਤ ਹਨ ਜੋ ਉਸ ਨੂੰ ਮਨੁੱਖ ਤੋਂ ਪਰਮ ਮਨੁੱਖ ਬਣਾ ਸਕਦੀਆਂ ਹਨ।

ਜੀਰਾ, 98550-51099

ਮੈਂ ਤਰਕਸ਼ੀਲ ਕਿਵੇਂ ਬਣਿਆ

ਜਾਗਨ ਸਿੰਘ ਗੌਤਮ



ਮੇਰੀ ਉਮਰ ਲਗਭਗ ਪੰਦਰਾਂ ਸਾਲ ਦੀ ਸੀ, ਇਹ ਸੰਨ 1975 ਦੀ ਗੱਲ ਹੈ। ਮੈਂ ਪਿੰਡ ਜਾਜਰੂ, ਤਹਿਸੀਲ ਅਮਰੋਹਾ, ਜ਼ਿਲ੍ਹਾ ਮੁਰਾਦਾਬਾਦ ਵਿੱਚ ਰਹਿੰਦਾ ਸੀ ਜੋ ਹੁਣ ਜ਼ਿਲ੍ਹਾ ਜੇ.ਪੀ. ਨਗਰ ਵਿੱਚ ਹੈ। ਮੈਂ ਦਲਿਤ ਵਰਗ ਨਾਲ ਸੰਬੰਧ ਰੱਖਦਾ ਹਾਂ। ਪਿੰਡ ਵਿੱਚ ਅਖੌਤੀ ਉੱਚ ਜਾਤੀਆਂ ਦੇ ਲੋਕ ਵੀ ਰਹਿੰਦੇ ਸਨ। ਮੈਂ ਵੇਖਦਾ, ਜਦੋਂ ਕੋਈ ਮਜ਼ਦੂਰ ਇੰਨ੍ਹਾਂ ਦੇ ਘਰਾਂ ਵਿੱਚ ਕੰਮ ਕਰਨ ਜਾਂਦਾ ਤਾਂ ਉਸਦਾ ਖਾਣੇ ਵਾਲਾ ਬਰਤਨ ਅੱਡ ਹੁੰਦਾ ਸੀ। ਮਜ਼ਦੂਰ ਨੂੰ ਰੋਟੀ ਖਾਣ ਬਾਅਦ ਭਾਂਡਾ ਆਪ ਧੋ ਕੇ ਨਿਸ਼ਚਿਤ ਥਾਂ ਤੇ ਰੱਖਣਾ ਪੈਂਦਾ। ਇਹ ਥਾਂ ਪਸ਼ੂ ਬੰਨ੍ਹਣ ਵਾਲੀ ਥਾਂ ਦੇ ਕੋਲ ਹੁੰਦੀ। ਉੱਚ ਵਰਗ ਦੇ ਇੰਨ੍ਹਾਂ ਲੋਕਾਂ ਦੇ ਮਨ ਵਿੱਚ ਇੰਨੀ ਤੰਗਦਿਲੀ ਹੁੰਦੀ ਕਿ ਚੁੱਲੇ ਚੌਂਕੇ ਕੋਲ ਕੁੱਤੇ ਬਿੱਲੀਆਂ ਤਾਂ ਘੁੰਮਦੇ ਰਹਿੰਦੇ ਪਰ ਜੇ ਕੋਈ ਦਲਿਤ ਚਲਾ ਜਾਂਦਾ ਤਾਂ ਉਸ ਥਾਂ ਨੂੰ ਗੋਹੇ ਨਾਲ ਸ਼ੁੱਧ ਕੀਤਾ ਜਾਂਦਾ।

ਮੇਰੀ ਮਾਂ ਵੀ ਦੂਜ, ਅਠਾਰਵੀਂ, ਪੂਜਾ, ਪੀਰ ਦੀ ਚਾਦਰ ਆਦਿ ਸਭ ਧਾਰਮਿਕ ਰਸਮਾਂ ਬਹੁਤ ਸ਼ਰਧਾ ਨਾਲ ਕਰਿਆ ਕਰਦੀ ਸੀ। ਮੈਂ ਮਾਂ ਨੂੰ ਪੁੱਛਦਾ, ਮਾਂ ਤੁਸੀਂ ਇੰਨੀ ਸ਼ਰਧਾ ਨਾਲ ਇਹ ਪੂਜਾ ਅਰਚਨਾ ਕਰਦੇ ਹੋ, ਫਿਰ ਵੀ ਇਹ ਲੋਕ ਸਾਡੇ ਨਾਲ ਇੰਨੀ ਨਫ਼ਰਤ ਕਿਉਂ ਕਰਦੇ ਹਨ? ਉਹ ਸਾਡੇ ਨਾਲ ਅਜਿਹਾ ਵਿਵਹਾਰ ਕਿਉਂ ਕਰਦੇ ਹਨ? ਤੁਸੀਂ ਮੰਦਿਰ ਵਿੱਚ ਪੂਜਾ ਕਰਨ ਜਾਂਦੇ ਹੋ, ਤਾਂ ਤੁਹਾਨੂੰ ਬਾਹਰ ਕਿਉਂ ਖੜ੍ਹਾ ਰਹਿਣਾ ਪੈਂਦਾ ਹੈ? ਤਾਂ ਮਾਂ ਆਖਦੀ ਕਿ ਬੇਟਾ, ਭਗਵਾਨ ਨੂੰ ਇਹੀ ਮੰਜ਼ੂਰ ਹੈ, ਅਸੀਂ ਛੋਟੇ ਲੋਕ ਹਾਂ। ਉਹ ਵੱਡੇ ਲੋਕ ਹਨ। ਸ਼ੁਰੂ ਵਿੱਚ ਸੀਲਮਪੁਰ, ਦਿੱਲੀ ਵਿੱਚ ਰਹਿੰਦੇ ਹੋਏ ਮੈਂ ਬੁੱਧਸੰਗ ਪ੍ਰੇਮੀ ਦੀਆਂ ਕੁੱਝ ਪੁਸਤਕਾਂ ਪੜ੍ਹੀਆਂ ਜੋ ਅੰਧ ਵਿਸ਼ਵਾਸ ਵਿਰੋਧੀ ਸਨ। ਉਨ੍ਹਾਂ ਨੂੰ ਪੜ੍ਹ ਕੇ ਮਨ ਵਿੱਚੋਂ ਅਗਿਆਨਤਾ ਦਾ ਹਨੇਰਾ ਦੂਰ ਹੋਣ ਲੱਗਿਆ। ਫਿਰ ਮੈਂ, 1989 ਵਿੱਚ ਪਟਿਆਲੇ ਆ ਗਿਆ। ਪਟਿਆਲੇ ਵਿੱਚ 1991 ਵਿੱਚ ਮੇਰਾ ਤਰਕਸ਼ੀਲ ਸੁਸਾਇਟੀ ਦੇ ਕਾਰਕੁੰਨਾਂ ਨਾਲ ਸੰਪਰਕ ਹੋਇਆ। ਉਨ੍ਹਾਂ ਤੋਂ ਮੈਨੂੰ 'ਤੇ ਦੇਵਪੁਰਸ਼ ਹਾਰ ਗਏ', 'ਜੋਤਿਸ਼ ਝੂਠ ਬੋਲਦਾ ਹੈ,' 'ਦੇਵ, ਦੈਂਤ ਅਤੇ ਰੂਹਾਂ' ਆਦਿ ਪੁਸਤਕਾਂ ਦੇ ਨਾਲ ਨਾਲ ਤਰਕਜੋਤੀ ਮੈਗਜ਼ੀਨ ਪੜ੍ਹਣ ਲਈ ਮਿਲਿਆ। ਫਿਰ ਮੈਂ ਤਰਕਸ਼ੀਲ ਸੁਸਾਇਟੀ ਦਾ ਇੱਕ ਕਾਰਕੁੰਨ, ਤਰਕਜੋਤੀ ਤੋਂ ਬਾਅਦ 'ਤਰਕਸ਼ੀਲ' ਦਾ ਪਾਠਕ ਬਣ ਗਿਆ। ਉਦੋਂ ਤੋਂ ਲੈ ਕੇ ਮੈਂ ਅੱਜ ਤੱਕ ਤਰਕਸ਼ੀਲ ਸੁਸਾਇਟੀ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਜੁੜਿਆ ਹੋਇਆ ਹਾਂ।

ਮੇਰੇ ਦਿਮਾਗ ਵਿੱਚ ਸਵਾਲ ਉੱਠਣੇ ਸ਼ੁਰੂ ਹੋਏ ਕਿ ਜੇ ਭਗਵਾਨ ਹੈ ਤਾਂ ਧਾਰਮਿਕ ਸਥਾਨਾਂ ਵਿੱਚ ਮਾਸੂਮਾਂ ਨਾਲ ਬਲਾਤਕਾਰਾਂ ਦੀਆ ਘਟਨਾਵਾਂ ਕਿਉਂ ਵਾਪਰਦੀਆਂ ਹਨ? ਇੰਨ੍ਹਾਂ ਧਾਰਮਿਕ ਸਥਾਨਾਂ ਵਿੱਚ ਭ੍ਰਿਸ਼ਟਾਚਾਰ ਕਿਉਂ ਹੁੰਦਾ ਹੈ? ਕੀ ਭਗਵਾਨ ਇਹ ਸਭ ਕੁੱਝ ਚੁੱਪਚਾਪ ਵੇਖਦਾ? ਮੇਰੀ ਭਗਵਾਨ ਵਿੱਚੋਂ ਆਸਥਾ ਖਤਮ ਹੋ ਗਈ।

ਇੱਕ ਵਾਰ ਕਲਕੱਤੇ ਵਿੱਚ ਇੱਕ ਲੜਕੀ ਨਾਲ ਬਲਾਤਕਾਰ ਹੋਇਆ। ਮੁੱਖ ਦੋਸ਼ੀ ਕਿਸੇ ਦੇਵੀ ਦਾ ਬਹੁਤ ਵੱਡਾ ਭਗਤ ਸੀ। ਰਾਤ ਦਿਨ ਪੂਜਾ ਵਿੱਚ ਲੀਨ ਰਹਿੰਦਾ ਸੀ। ਮੰਦਿਰ ਵਿੱਚ ਵੀ ਪੂਜਾ ਕਰਦਾ ਅਤੇ ਘਰੇ ਵੀ ਉਸਨੇ ਬਹੁਤ ਵੱਡੀ ਮੂਰਤੀ ਸਥਾਪਤ ਕੀਤੀ ਹੋਈ ਸੀ। ਇੱਕ ਫਿਲਮ ਨਿਰਮਾਤਾ ਨੂੰ ਮੰਦਿਰ ਵਿੱਚ ਹੀ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਜਿਸ ਸ਼ਕਤੀ ਦੀ ਉਹ ਪੂਜਾ ਕਰਦਾ ਸੀ, ਉਸਨੇ ਉਸਨੂੰ ਬਚਾਇਆ ਕਿਉਂ ਨਹੀਂ? ਲੋਕਾਂ ਦੀ ਇਹ ਧਾਰਨਾ ਗਲਤ ਹੈ ਕਿ ਆਦਮੀ ਨੂੰ ਭਗਵਾਨ ਨੇ ਬਣਾਇਆ ਹੈ। ਤਰਕਸ਼ੀਲ ਵਿਚਾਰਧਾਰਾ ਦੇ ਅਨੁਸਾਰ ਭਗਵਾਨ ਨੂੰ ਆਦਮੀ ਨੇ ਬਣਾਇਆ ਹੈ।

ਬਹੁਤ ਸਾਰੇ ਧਾਰਮਿਕ ਸਥਾਨਾਂ ਵਿੱਚੋਂ ਸਾਨੂੰ ਮੂਰਤੀਆਂ, ਸੋਨਾ, ਚਾਂਦੀ ਆਦਿ ਚੋਰੀ ਹੋਣ ਦੀਆਂ ਘਟਨਾਵਾਂ ਆਮ ਅਖਬਾਰਾਂ

ਵਿੱਚ ਪੜ੍ਹਣ ਨੂੰ ਮਿਲਦੀਆਂ ਹਨ, ਅੱਜ ਤੱਕ ਕਿਸੇ ਭਗਵਾਨ ਨੇ ਅਜਿਹੇ ਚੋਰਾਂ ਨੂੰ ਨਹੀਂ ਫੜ੍ਹਿਆ? ਦੁਨੀਆਂ ਵਿੱਚ ਜੇ ਕੋਈ ਮਹਾਨ ਹੈ ਤਾਂ ਉਹ ਹੈ – ਵਿਗਿਆਨ। ਵਿਗਿਆਨ, ਅਖੌਤੀ ਭਗਵਾਨ ਨੂੰ ਹਰ ਕਦਮ ਤੇ ਮਾਤ ਦੇ ਰਿਹਾ ਹੈ। ਮਨੁੱਖ ਨੂੰ ਸੁੱਖ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਸਾਰੀਆਂ ਚੀਜਾਂ ਵਿਗਿਆਨ ਦੀ ਮੱਦਦ ਨਾਲ ਇਨਸਾਨ ਨੇ ਬਣਾਈਆਂ ਹਨ, ਨਾ ਕਿ ਭਗਵਾਨ ਨੇ। ਧਰਮ ਦੇ ਨਾਮ ਤੇ ਦੇਸ਼ ਵਿੱਚ ਦੰਗੇ ਹੁੰਦੇ ਹਨ। ਜਾਨੀ-ਮਾਲੀ ਨੁਕਸਾਨ ਹੁੰਦਾ ਹੈ। ਰਾਜਨੀਤਿਕ ਰੋਟੀਆਂ ਸੇਕੀਆਂ ਜਾਂਦੀਆਂ ਹਨ। ਗਰੀਬ ਲੋਕ ਰੋਜੀ ਰੋਟੀ ਤੋਂ ਆਤੁਰ ਹੋ ਜਾਂਦੇ ਹਨ। ਧਰਮ ਨੇ ਮਨੁੱਖ ਦਾ ਕੋਈ ਫਾਇਦਾ ਨਹੀਂ, ਨੁਕਸਾਨ ਹੀ ਨੁਕਸਾਨ ਕੀਤਾ ਹੈ।

ਮੈਂ ਪਟਿਆਲਾ ਬਸ ਸਟੈਂਡ ਤੇ ਛੋਟੇ ਗੇਟ ਕੋਲ ਫਲਾਂ ਦੀ ਰੇੜ੍ਹੀ ਲਗਾਉਂਦਾ ਹਾਂ। ਆਉਂਦੇ ਜਾਂਦੇ ਧਾਰਮਿਕ ਪ੍ਰਵਿਰਤੀ ਵਾਲੇ ਗ੍ਰਾਹਕਾਂ ਤੋਂ ਦੇਵਤਿਆਂ ਦੇ ਅਖੌਤੀ ਚਮਤਕਾਰਾਂ ਬਾਰੇ ਵੀ ਸੁਣਦਾ ਰਹਿੰਦਾ ਹਾਂ। ਕਈ ਤਾਂ ਮੇਰੀ ਰੇੜ੍ਹੀ ਤੇ ਆ ਕੇ ਸੁਝਾਅ ਵੀ ਦਿੰਦੇ ਹਨ ਕਿ ਸਵੇਰੇ ਸਵੇਰੇ ਬੋਹਨੀ ਦਾ ਸਮਾਂ ਹੈ। ਸਸਤਾ ਲਗਾ ਲਵੋ, ਭਗਵਾਨ ਤੁਹਾਡੇ ਕਾਰੋਬਾਰ ਵਿੱਚ ਰੰਗ ਲਿਆਵੇਗਾ। ਭਾਵ ਵਾਧਾ ਕਰੇਗਾ। ਮੈਂ ਉਹਨਾ ਲੋਕਾਂ ਨੂੰ ਕਹਿੰਦਾ ਹਾਂ ਕਿ ਮੇਰਾ ਬੋਹਨੀ ਅਤੇ ਭਗਵਾਨ ਵਿੱਚ ਕੋਈ ਵਿਸ਼ਵਾਸ ਨਹੀਂ। ਮੇਰੀ ਰੇੜ੍ਹੀ ਤੇ ਸਮਾਨ ਹੋਵੇਗਾ ਤਾਂ ਤੁਸੀਂ ਆਵੋਗੇ। ਜੇਕਰ ਇਹ ਖਾਲੀ ਹੋਵੇ, ਤਾਂ ਕੀ ਤੁਸੀਂ ਮੇਰੀ ਬੋਹਨੀ ਕਰਾਵੋਗੇ?

ਕਰੋੜਿਆਂ ਦੇਵਤਿਆਂ ਦੇ ਇਸ ਦੇਸ਼ ਵਿੱਚ ਸੈਂਕੜਿਆਂ ਅਤੇ ਹਜ਼ਾਰਾਂ ਦੀ ਗਿਣਤੀ ਵਾਲੇ ਅੰਗਰੇਜਾਂ ਨੇ ਕਿੰਨੇ ਹੀ ਸਾਲ ਕਰੋੜਾਂ ਹੀ ਭਾਰਤੀਆਂ ਨੂੰ ਉਹਨਾਂ ਦੀ ਅਗਿਆਨਤਾ, ਅਸਲੀ ਕਾਰਣਾਂ ਨੂੰ ਨਾ ਸਮਝਣ ਕਾਰਣ ਆਪਣੇ ਅਧੀਨ ਰੱਖਿਆ। ਜਦੋਂ ਕੁੱਝ ਵਿਗਿਆਨਕ ਸੋਚ ਵਾਲੇ ਲੋਕ ਅੱਗੇ ਆ ਕੇ ਲੜੇ ਤਾਂ ਉਹਨਾਂ ਨੂੰ ਭੱਜਣਾ ਪਿਆ। ਕਿੰਨ੍ਹਾਂ ਮਹਾਨ ਹੈ, ਸਾਡਾ ਭਗਵਾਨਾਂ ਅਤੇ ਦੇਵਤਿਆਂ ਦਾ ਦੇਸ਼! ***ਰਸੂਲਪੁਰ ਸੈਦਾਂ, ਪਟਿਆਲਾ 96464-19014***

ਮਿੰਨੀ ਕਹਾਣੀ



ਅਡੰਬਰ

ਮੈਂ, ਮੇਰੇ ਦੋਸਤ ਕੁਲਵੰਤ ਸਿੰਘ ਦੇ ਘਰ ਅਕਸਰ ਚਲਾ ਜਾਂਦਾ। ਉਹ ਬਹੁਤ ਧਾਰਮਿਕ ਖਿਆਲਾਂ ਦਾ ਪ੍ਰੀਵਾਰ ਤੇ ਮੈਂ ਤਰਕਸ਼ੀਲ ਪਰ ਇਕੱਠੇ ਜਮਾਤੀ ਹੋਣ ਕਰਕੇ ਸਾਡੀ ਆਪਸੀ ਭਾਵਨਾਤਮਕ ਸਾਂਝ ਬਣੀ ਰਹੀ। ਉਹਨਾਂ ਦੇ ਘਰ ਵੜਦਿਆਂ ਹੀ ਕੁਲਵੰਤ ਦੇ ਬਿਮਾਰ ਬ੍ਰਿਧ ਪਿਤਾ ਦੀ ਖੰਘ ਧਿਆਨ ਆਪਣੇ ਵੱਲ ਖਿਚ ਲੈਂਦੀ। ਘਰ ਤੋਂ ਬਿਲਕੁਲ ਹੀ ਵੱਖ ਉਹਦੇ ਪਿਤਾ ਦਾ ਮੰਜਾ, ਉੱਪਰ ਘਸਿਆ ਪਿਟਿਆ ਜਿਹਾ ਪੁਰਾਣਾ ਕੰਬਲ ਤੇ ਉਹ ਘਰ ਆਉਂਦੇ ਜਾਂਦੇ ਬੰਦਿਆਂ ਵੱਲ ਦੇਖਦਾ ਰਹਿੰਦਾ। ਇਕ ਦਿਨ ਉਹਦੇ ਮੰਜੇ ਕੋਲ ਪਈ ਕੁਰਸੀ ਤੇ ਬੈਠ ਮੈਂ ਪੁੱਛਿਆ "ਬਜ਼ੁਰਗੋ ਠੀਕ ਔ.....?" ਬਜੁਰਗ ਦੇ ਮੂੰਹ ਵਿੱਚ ਰੋਟੀ ਦੀ ਬੁਰਕੀ ਸੀ।

"ਠੀਕ ਐ ਭਾਈ, ਹੁਣ ਬੱਸ....." ਖੰਘਦੇ ਬਜੁਰਗ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ। ਗਲੀਆਂ ਵਾਲਾ ਕੰਬਲ ਵੇਖ ਪੁੱਤ 'ਤੇ ਆਹ ਰੋਟੀ..... ਕਹਿ ਕੇ ਬਜੁਰਗ ਉਦਾਸ ਤੇ ਚੁੱਪ ਹੋ ਗਿਆ। ਉਹਦੀ ਬੇਬਸੀ ਤੇ ਮਾਯੂਸੀ ਦੇਖਕੇ ਮੈਂ ਭਾਵੁਕ ਹੋ ਕੇ ਉਠ ਖੜ੍ਹਾ ਹੋਇਆ "ਕੋਈ ਗੱਲ ਨੀ ਬਜੁਰਗੋ, ਹੌਂਸਲੇ ਨਾਲ ਰਿਹਾ ਕਰੋ..." ਕਹਿ ਕੇ ਮੈਂ ਆਪਣੇ ਘਰ ਵਲ ਚਾਲੇ ਪਾ ਦਿੱਤੇ।

ਸਾਰਾ ਦਿਨ ਭਜਨ ਬੰਦਗੀ ਤੇ ਧਰਮ ਦਾ ਰੌਲਾ ਪਾਉਣ ਵਾਲੇ ਪਰਿਵਾਰ ਦੀ ਬਜ਼ੁਰਗ ਪ੍ਰਤੀ ਬੇਰੁਖੀ ਤੋਂ ਖਿੱਝਿਆ, ਮੈਂ ਉਹਨਾਂ ਦੇ ਘਰ ਦੋ ਤਿੰਨ ਹਫਤੇ ਨਾ ਗਿਆ। ਫਿਰ ਇੱਕ ਦਿਨ ਕੁਲਵੰਤ ਨੇ ਆਪਣੇ ਪਿਤਾ ਜੀ ਦੀ ਮੌਤ ਦੀ ਫੋਨ ਤੇ ਸੂਚਨਾ ਦਿੱਤੀ ਤਾਂ ਮੈਂ ਚੱਕਵੇਂ ਪੈਰੀਂ ਉਹਨਾਂ ਦੇ ਘਰ ਗਿਆ। ਹੁਣ ਬਜ਼ੁਰਗ ਦੇ ਮ੍ਰਿਤਕ ਸ਼ਰੀਰ ਉੱਪਰ ਮਹਿੰਗੇ ਕੰਬਲ ਤੇ ਲੋਈਆਂ ਦਾ ਢੇਰ ਲੱਗਿਆ ਪਿਆ ਸੀ। ਮੇਰੀਆਂ ਅੱਖਾਂ ਜਿਉਂਦੇ ਬਜੁਰਗ ਦੇ ਸਰੀਰ ਤੇ ਗਲੀਆਂ ਵਾਲੇ ਘਸੇ ਕੰਬਲ ਵਿੱਚ ਘੁੰਮਣ ਲੱਗਾ।

ਫੇਰ ਭੋਗ ਪਾਇਆ ਗਿਆ, ਤਰ੍ਹਾਂ ਤਰ੍ਹਾਂ ਦੇ ਪਕਵਾਨ ਪਕਾਏ ਗਏ। ਸਾਰੇ ਲੋਕਾਂ ਨੂੰ ਕੀਰਤਨ ਕਰਨ ਵਾਲੇ ਭਾਈ ਵਾਰ ਵਾਰ ਭੋਜਨ ਛਕਣ ਦੀਆਂ ਬੇਨਤੀਆਂ ਕਰ ਰਹੇ ਸਨ.... ਸਾਰਾ ਪ੍ਰੀਵਾਰ ਧਾਰਮਿਕ ਹੋਣ ਦਾ ਅਡੰਬਰ ਕਰ ਰਿਹਾ ਸੀ। .... ਮੈਨੂੰ ਬਜ਼ੁਰਗ ਦੇ ਹੱਥ ਵਿੱਚ ਬੁਰਕੀ ਤੇ ਕੌਲੀ ਵਿੱਚ ਪਾਣੀ ਵਰਗੀ ਦਾਲ ਯਾਦ ਆਉਂਦੀ ਰਹੀ... ਲੰਗਰ ਅਤੁੱਟ ਵਰਤ ਰਿਹਾ ਸੀ। ਮੈਨੂੰ ਲੱਗਿਆ ਜਿਵੇਂ ਮੇਰਾ ਦਮ ਘੁੱਟ ਰਿਹਾ ਹੋਵੇ। ਬਿਨਾਂ ਕੁਝ ਖਾਧੇ ਮੈਂ ਉੱਥੋਂ ਆ ਗਿਆ। **ਇੰਜ. ਜੁਝਾਰ ਸਿੰਘ, 94654-30016**

ਸਰੀਰ ਬੇਢੰਗਾ ਲੱਗਣ ਸੰਬੰਧੀ ਭਰਮ ਭਰਪੂਰ ਰੋਗ

ਬਾਡੀ ਡਿਮੋਰਫਿਕ ਡਿਸਔਡਰ (ਬੀ.ਡੀ.ਡੀ.) Body Dimorphic Disorder

ਤਾਰੀ ਬਰਮਿੰਘਮ



ਆਮ ਤੌਰ ਤੇ ਬੀ.ਡੀ.ਡੀ. ਮਾਨਸਿਕ ਅਲਾਮਤ ਵਜੋਂ ਘੱਟ ਛਾਇਆ ਹੋਇਆ ਹੈ। 7-8 ਸਾਲ ਪਹਿਲਾਂ ਤਰਕਸ਼ੀਲ ਸਾਥੀ ਸੱਚਦੇਵ ਨੇ ਇੱਕ ਮੁੰਡੇ ਦੀ ਮਾਨਸਿਕ ਸਮੱਸਿਆ ਬਾਰੇ ਗੱਲ ਕੀਤੀ। ਮੁੰਡੇ ਨਾਲ ਗੱਲਬਾਤ ਕਰਨ ਤੇ ਪਤਾ ਲੱਗਿਆ ਕਿ ਉਹ ਬੀ.ਡੀ.ਡੀ. ਦੀ ਸਮੱਸਿਆ ਦਾ ਮਰੀਜ ਹੈ। ਉਸਨੂੰ ਆਪਣਾ ਸਿਰ ਬੇਢੰਗਾ ਲੱਗਦਾ ਹੈ। ਪਰ ਇਸੇ ਪਿੱਛੇ ਸ਼ੁਰੂ ਹੋਣ ਵਿੱਚ ਹੋਰ ਕਾਰਨ (Causative Factors) ਸਨ, ਜਿੰਨ੍ਹਾਂ ਨਾਲ ਉਹ ਸਿੱਝ (Cope) ਨਾ ਸਕਿਆ।

International Classification of Diseases (Psychiatric Disorders) ਮੁਤਾਬਿਕ ਬੀ.ਡੀ.ਡੀ. ਹਾਈਪੋਕੋਂਡਰੀਆਸਿਸ (Hypochondria sis) ਦਾ ਹੀ ਇੱਕ ਹਿੱਸਾ ਹੈ। ਇਸ ਅਲਾਮਤ ਦੇ ਸ਼ਿਕਾਰ ਵਿਅਕਤੀ ਨੂੰ ਇਹ ਵਿਸ਼ਵਾਸ ਜਾਂ ਡਰ ਹੁੰਦਾ ਹੈ ਕਿ ਉਸਨੂੰ ਕੋਈ ਗੰਭੀਰ ਬਿਮਾਰੀ ਹੈ। ਡਾਕਟਰੀ ਜਾਂਚ ਪੜਤਾਲ ਨਾਲ ਭਾਵੇਂ ਸਾਬਿਤ ਹੋ ਜਾਵੇ ਕਿ ਉਸ ਨੂੰ ਕੋਈ ਬਿਮਾਰੀ ਨਹੀਂ ਹੈ। ਇਸ ਦੇ ਬਾਵਜੂਦ ਉਹ ਡਾਕਟਰਾਂ ਅਤੇ ਹਸਪਤਾਲਾਂ ਦੇ ਦਰਵਾਜੇ ਖੜਕਾਉਂਦਾ ਰਹਿੰਦਾ ਅਤੇ ਪੈਸੇ ਤੇ ਸਮਾਂ ਬਰਬਾਦ ਕਰਦਾ ਰਹਿੰਦਾ ਹੈ।

ਬੀ.ਡੀ.ਡੀ. ਦੇ ਰੋਗੀ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਉਸ ਦੇ ਸਰੀਰ ਦਾ ਕੋਈ ਅੰਗ ਅਕਾਰ ਵਿੱਚ ਵੱਡਾ, ਛੋਟਾ ਜਾਂ ਬੇਢੰਗਾ ਹੈ। ਭਾਵੇਂ ਦੂਜਿਆਂ ਨੂੰ ਠੀਕ ਜਾਂ ਮਾਮੂਲੀ ਫਰਕ ਲੱਗਦਾ ਹੋਵੇ ਤਾਂ ਉਹਨਾਂ ਨੂੰ ਇਸ ਬਾਰੇ ਕੋਈ ਖਿਆਲ ਵੀ ਨਾ ਹੋਵੇ। ਆਮ ਤੌਰ ਤੇ ਉਸ ਵਿਅਕਤੀ ਨੂੰ ਆਪਣਾ ਨੱਕ, ਕੰਨ, ਮੂੰਹ ਆਦਿ ਜਾਂ ਸ਼ਰੀਰ ਦਾ ਕੋਈ ਵੀ ਅੰਗ ਬੇਢੰਗਾ ਲੱਗ ਸਕਦਾ ਹੈ। ਰੋਗੀ ਇਸ ਗਲਤ ਵਿਸ਼ਵਾਸ ਨਾਲ ਬਹੁਤ ਦੁਖੀ ਰਹਿੰਦਾ ਹੈ ਅਤੇ ਅਕਸਰ ਸੋਚਦਾ ਰਹਿੰਦਾ ਹੈ। ਉਸਦੇ ਕੰਮਾਂ ਕਾਰਾਂ ਵਿੱਚ ਕਾਫੀ ਰੁਕਾਵਟ ਜਾਂ ਅੜਚਨ ਵੀ ਰਹਿੰਦੀ ਹੈ। ਉਸਨੂੰ ਇਹ ਵੀ ਮਹਿਸੂਸ ਹੁੰਦਾ ਰਹਿੰਦਾ ਹੈ ਕਿ ਲੋਕੀ ਉਸਦੇ ਬਾਰੇ ਗੱਲਾਂ ਕਰਦੇ ਹਨ। ਵਿਅਕਤੀ ਦਾ ਬਹੁਤਾ ਸਮਾਂ, ਉਸ ਅੰਗ ਨੂੰ ਠੀਕ ਕਰਨ ਜਾਂ ਬਾਰ ਬਾਰ ਦੇਖਣ ਵਿੱਚ ਲੱਗ ਜਾਂਦਾ ਹੈ। ਲੋਕਾਂ ਨਾਲ ਮੇਲ ਜੋਲ ਵੀ ਘੱਟ ਜਾਂਦਾ ਹੈ। ਉਸਨੂੰ ਇਹ ਵੀ ਯਕੀਨ ਹੁੰਦਾ ਹੈ ਕਿ ਉਸ ਦੀਆਂ ਸਮਾਜਿਕ ਅਤੇ ਕਾਰੋਬਾਰੀ ਕਮੀਆਂ ਵੀ ਇਸੇ ਕਾਰਨ ਹਨ। ਇਹ ਸਭ ਮਿਲਕੇ ਵਿਅਕਤੀ ਦੀ ਚਿੰਤਾ ਅਤੇ ਉਦਾਸੀ ਦਾ ਕਾਰਨ ਬਣ ਜਾਂਦਾ ਹੈ। ਆਮ ਤੌਰ ਤੇ ਇਹ ਅਲਾਮਤ ਔਰਤਾਂ ਵਿੱਚ ਜਿਆਦਾ ਪਾਈ ਜਾਂਦੀ ਹੈ ਅਤੇ ਇਹ ਨੌਜਵਾਨੀ ਦਾ ਰੋਗ ਹੈ ਕਿ ਆਮ ਤੌਰ ਤੇ ਭਰ ਜਵਾਨੀ ਵਿੱਚ ਸ਼ੁਰੂ ਹੁੰਦਾ ਹੈ।

ਬਿਮਾਰੀ ਦੇ ਕਾਰਨ : ਇਸ ਪਿੱਛੇ ਮਾਨਸਿਕ ਕਾਰਨ ਹੁੰਦੇ ਹਨ। ਜਿਵੇਂ: Inadequacy, Inferiority, Insecurity ਅਤੇ Low Self-Esteem ਭਾਵ ਸਵੈ-ਸਵੀਕਰਤਾ (Self Acceptance) ਦੀ ਘਾਟ ਅਤੇ ਉਸ ਨਾਲ ਪੈਦਾ ਹੋਈ ਫਿਕਰ ਅਤੇ ਉਦਾਸੀ, ਅਸੁਰੱਖਿਅਤਾ ਅਤੇ ਸਵੈਮਾਣ ਦੀ ਭਾਵਨਾ ਦੀ ਘਾਟ ਆਦਿ। ਇਹ ਸਾਰਾ ਕੁੱਝ ਰੋਗੀ ਵਿੱਚ ਸਵੈ-ਅਸਵੀਕਾਰਤਾ (Self-Rejection) ਪੈਦਾ ਕਰ ਦਿੰਦਾ ਹੈ। ਇਸ ਦੇ ਨਤੀਜੇ ਵਜੋਂ ਵਿਅਕਤੀ ਦਾ ਰਵੱਈਆ ਚਿੜਚਿੜਾ, ਦੂਜਿਆਂ ਤੋਂ ਦੂਰ ਦੂਰ ਰਹਿਣ ਵਾਲਾ, ਗੁਸੈਲਾ, ਆਪੇ ਨੂੰ ਨਫ਼ਰਤ ਕਰਨ ਵਾਲਾ ਆਦਿ ਹੋ ਜਾਂਦਾ ਹੈ। ਇਕ ਬਾਲਗ ਕੁੜੀ ਨੇ ਦੱਸਿਆ ਮੇਰਾ ਕੰਮ ਤੇ ਆਪਣੇ ਸਾਥੀਆਂ ਨਾਲ ਕਰੋਧ ਵਾਲਾ ਰਵੱਈਆ ਹੈ ਤਾਂ ਮੈਨੂੰ ਸਮਝ ਨਹੀਂ ਆਉਂਦੀ ਕਿ ਅਜਿਹਾ ਕਿਉਂ ਹੈ?

ਮੇਰੀ ਉਸ ਨਾਲ ਗੱਲਬਾਤ ਰਾਹੀਂ ਉਸਦੀਆਂ ਦੱਬੀਆਂ ਹੋਈਆਂ ਬਚਪਨ ਦੀਆਂ ਭਾਵਨਾਵਾਂ ਬਾਰੇ ਪਤਾ ਲੱਗਿਆ। ਪਤਾ ਚੱਲਿਆ ਕਿ ਬਚਪਨ ਵਿੱਚ ਉਸਨੂੰ 'ਕਾਲੀ' ਦੇ ਨਾਂ ਨਾਲ ਬੁਲਾਇਆ ਜਾਂਦਾ ਸੀ। ਜਿਸ ਨਾਲ ਕਿ ਉਸਦੇ ਮਾਸੂਮ ਮਨ ਨੂੰ ਸੱਟ ਲੱਗਦੀ ਸੀ ਅਤੇ ਉਸਨੂੰ ਮਹਿਸੂਸ ਹੁੰਦਾ ਸੀ ਕਿ ਉਸਨੂੰ ਕੋਈ ਪਿਆਰ ਅਤੇ ਸਤਿਕਾਰ ਨਹੀਂ ਕਰਦਾ ਜਿਸ ਦੇ ਨਤੀਜੇ ਵਜੋਂ ਉਸ ਅੰਦਰ ਇਹ ਕਰੋਧ ਦੀ ਭਾਵਨਾ ਪੈਦਾ ਹੋ ਗਈ। ਉਸ ਦੁਆਰਾ ਇਹਨਾਂ ਭਾਵਨਾਵਾਂ ਨੂੰ ਦਬਾਈ ਰੱਖਿਆ ਗਿਆ, ਹੋਰ ਉਹ ਮਾਂ

ਬਾਪ ਅੱਗੇ ਕਰ ਵੀ ਕੀ ਸਕਦੀ ਸੀ। ਇਸ ਕਾਰਨ ਉਹ ਆਪਣੇ ਸਹਿਕਰਮੀਆਂ ਨਾਲ ਇਸ ਰੂਪ ਵਿੱਚ ਪੇਸ਼ ਆਉਂਦੀ ਸੀ। ਇਸ ਤੋਂ ਬਾਅਦ ਇਸ ਸਮੱਸਿਆ ਦੇ ਠੀਕ ਹੋਣ ਵਿੱਚ ਉਸਦਾ ਆਪਣਾ ਵੱਡਾ ਹਿੱਸਾ ਰਿਹਾ ਕਿਉਂਕਿ ਉਹ ਆਪ ਵੀ ਪੇਸ਼ੇ ਵਜੋਂ ਬਾਲਗਾਂ ਦੀ ਕਾਉਂਸਲਰ ਸੀ।

ਬੀ.ਡੀ.ਡੀ. ਨੂੰ ਉਤਸ਼ਾਹਿਤ ਕਰਨ ਦੇ ਕਾਰਨ : ਬਚਪਨ ਦੇ ਅਨੁਭਵ, ਆਲੇ ਦੁਆਲੇ ਦਾ ਵਾਤਾਵਰਣ, ਭਾਵ ਮਾਂ ਬਾਪ, ਭੈਣ ਭਰਾ, ਅਧਿਆਪਕ, ਹਮ ਜਮਾਤੀ, ਬਚਪਨ ਦੀਆਂ ਮੁਸ਼ਕਿਲਾਂ ਦੇ ਅਨਿਸ਼ਚਤ ਫੈਸਲੇ ਜਾਂ ਫੈਸਲੇ ਨਾ ਕਰ ਸਕਣਾ ਅਤੇ ਸੱਭਿਆਚਾਰ ਆਦਿ। ਇਸ ਖੰਡਾਰ ਨੂੰ ਉਤਸ਼ਾਹਿਤ ਕਰਨ ਵਿੱਚ ਸੱਭਿਆਚਾਰ ਦਾ ਖਾਸ ਥਾਂ ਹੈ। ਜਿਵੇਂ ਮੌਡਲਿੰਗ, ਮਸ਼ਹੂਰੀ ਦੇ ਇਸ਼ਤਿਹਾਰ, ਮੋਟੀ ਮਾਇਆ ਦੇ ਕੰਮ ਕਾਰ, ਆਪਣੇ ਦੋਸਤਾਂ ਦੇ ਪਿਆਰ ਵਿੱਚ ਕਾਮਯਾਬੀ, ਸੋਹਣੀ ਸ਼ਕਲ ਸੂਰਤ ਹੋਣੀ। ਇਹਨਾਂ ਤੋਂ ਨਾਜੁਕ ਸਖਸ਼ੀਅਤ ਵਾਲਾ ਇਸ ਪਰਛਾਵੇਂ ਦਾ ਸ਼ਿਕਾਰ ਬਣ ਜਾਂਦਾ ਹੈ। ਅਸਲੀਅਤ ਦੀ ਥਾਂ ਖਿਆਲੀ ਸਵੈ-ਸੰਕਲਪ ਬਣਾ ਬੈਠਦਾ ਹੈ। ਜਦੋਂ ਖਿਆਲੀ ਤੇ ਅਸਲੀ ਸੰਕਲਪ ਵਿੱਚ ਬਹੁਤ ਵੱਡਾ ਪਾੜਾ ਪੈ ਜਾਵੇ ਤਾਂ ਇਹ ਬੀ.ਡੀ.ਡੀ. ਅਤੇ ਤੰਗ ਸਖਸ਼ੀਅਤ ਦੇ ਕਾਰਨਾਂ ਵਿੱਚ ਇੱਕ ਕਾਰਨ ਬਣਦਾ ਹੈ। ਸਵੈ ਸੰਕਲਪ ਨੂੰ ਤਿੰਨਾ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ:

1. ਅਨੁਭਵਤਾ (Perceptual) ਭਾਵ ਆਪਣੇ ਸ਼ਰੀਰ ਦੀ ਦਿੱਖ।

2. ਮਨ ਖਿਆਲੀ (Conceptual) ਭਾਵ ਜ਼ਿੰਦਗੀ ਨੂੰ ਅਨੁਕੂਲਤਾ ਵਿੱਚ ਰੱਖਣ ਵਾਲੀਆਂ ਖੂਬੀਆਂ ਭਾਵ Psychological Self-Concept.

3. ਤੌਰ ਤਰੀਕੇ (Attitudinal) ਜਿਸ ਨੂੰ ਜ਼ਿੰਦਗੀ ਦਾ ਫਲਸਫਾ ਵੀ ਆਖਦੇ ਹਨ।

W. James ਸਵੈ-ਸੰਕਲਪ ਬਾਰੇ ਇਸ ਤਰ੍ਹਾਂ ਲਿਖਦੇ ਹਨ:

"It is the person's concept of what he really is. It includes his perception of his appearance, his recognitions of his abilities and disabilities and his role and status in life, and his values, beliefs and aspirations."

ਇਲਾਜ :

ਇਸ ਦੇ ਇਲਾਜ ਲਈ ਮਾਹਿਰ ਉਹ ਹੋਵੇ ਜੋ ਰੋਗੀ ਵਿੱਚ ਭਰੋਸਾ ਪੈਦਾ ਕਰ ਸਕੇ, ਹਮਦਰਦੀ ਅਤੇ ਮਰੀਜ ਦੇ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਮਝ ਸਕੇ। ਪਿਆਰ ਨਾਲ ਪਤਾ ਕਰ ਸਕੇ ਕਿ ਕਿਹੜੇ ਅੰਗ ਨਾਲ ਉਸਦੀ ਜ਼ਿੰਦਗੀ ਵਿੱਚ ਰੁਕਾਵਟਾਂ ਆ ਰਹੀਆਂ ਹਨ ਅਤੇ ਹੋਰ ਕਿਹੜੀਆਂ ਮਾਨਸਿਕ ਅੜਚਣਾਂ ਆ ਰਹੀਆਂ ਹਨ। ਬੀ.ਡੀ.ਡੀ. ਦਾ ਕਾਰਨ ਮਾਨਸਿਕ ਰੋਗ, ਉਦਾਸੀ ਆਦਿ ਤਾਂ ਨਹੀ. ਜਾਂ ਬੀ.ਡੀ.ਡੀ. ਕਰਕੇ ਹੋਰ ਕੋਈ ਮਾਨਸਿਕ ਰੋਗ ਤਾਂ ਨਹੀਂ ਪੈਦਾ ਹੋ ਗਿਆ।

ਇਹ ਵੀ ਪਤਾ ਲਾਉਣਾ ਜਰੂਰੀ ਹੈ ਕਿ ਮਰੀਜ ਅਚੇਤ ਜਾਂ ਚੇਤ ਮਨੋ-ਵਿਗਿਆਨਕ ਰਾਹਤ ਤਾਂ ਨਹੀਂ ਹਾਸਿਲ ਕਰ ਰਿਹਾ, ਜਿਵੇਂ ਘਰਦਿਆਂ ਅਤੇ ਸੰਗੀਆਂ ਸਾਥੀਆਂ ਦੀ ਹਮਦਰਦੀ ਅਤੇ ਪਿਆਰ ਹਾਸਿਲ ਕਰਨ ਦਾ ਬਹਾਨਾ ਜਾਂ ਇਸ ਖਿਆਲ ਦਾ ਹੋਣਾ ਕਿ ਜੇ ਇਹ ਨੁਕਸ ਨਾ ਹੁੰਦਾ ਤਾਂ ਮੈਂ ਆਪਣੇ ਕੰਮ ਕਾਰ ਜਾਂ ਸਮਾਜੀ ਜ਼ਿੰਦਗੀ ਵਿੱਚ ਕਾਫੀ ਉੱਚੀ ਥਾਂ ਹਾਸਲ ਕਰ ਲੈਣੀ ਸੀ। ਇਸਨੂੰ Brain Reward System ਕਹਿੰਦੇ ਨੇ। ਇਹ ਸਭ ਗੱਲਾਂ ਮਿਲ ਕੇ Psychological Pain Killer ਬਣ ਜਾਂਦਾ ਹੈ।

ਮਾਹਿਰ ਆਪਣੀ ਜਾਂਚ ਪੜਤਾਲ ਤੋਂ ਬਾਅਦ ਮਨੋ-ਵਿਗਿਆਨਕ ਇਲਾਜ ਦੇ ਨਾਲ ਦਵਾਈ ਵੀ ਵਰਤ ਸਕਦਾ ਹੈ। ਆਮ ਤੌਰ ਤੇ ਪਰ ਜਰੂਰੀ ਨਹੀਂ, ਪੱਛਮ ਵਿੱਚ SSRI ਨਾਮ ਦੀ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ। ਬਹੁਤੇ ਮਾਹਿਰਾਂ ਦਾ ਵਿਚਾਰ ਹੈ ਕਿ ਬੀ.ਡੀ.ਡੀ. ਦੇ ਸ਼ਿਕਾਰ ਵਿਅਕਤੀ ਲਈ ਇੰਟਰਪਰਸਨਲ ਸਾਇਕੋਥੈਰੇਪੀ ਅਤੇ ਕੋਗਨੇਟਿਵ ਬਿਹੇਇਵਿਅਰ ਥੈਰੇਪੀ (C.B.T.) ਭਾਵ ਮਨੋਵਿਗਿਆਨਕ ਢੰਗ ਨਾਲ ਵਿਵਹਾਰ ਵਿੱਚ ਤਬਦੀਲੀ ਲਿਆਉਣ ਵਾਲੀ ਵਿਧੀ ਢੁੱਕਵੀਂ ਹੈ। ਇਲਾਜ ਦੀ ਕਾਮਯਾਬੀ ਲਈ ਵਿਅਕਤੀ ਦਾ ਉਤਸ਼ਾਹ, ਵਿਸ਼ਵਾਸ ਅਤੇ ਸਾਥ (ਜਿਵੇਂ ਕਿ ਉੱਪਰ ਬਾਲਗ ਕੁੜੀ ਦੇ ਕੇਸ ਵਿੱਚ ਦੱਸਿਆ ਗਿਆ ਹੈ) ਜ਼ਰੂਰੀ ਹੈ। ਭਾਵ ਵਿਅਕਤੀ ਆਪਣੇ ਵਿਚਾਰ, ਭਾਵਨਾਵਾਂ, ਫਿਕਰ, ਡਰ ਆਦਿ ਮਾਹਿਰ ਨਾਲ ਸਾਂਝੇ ਕਰ ਸਕੇ ਤਾਂ ਕਿ ਮਾਹਿਰ ਇਸ ਵਰਤਾਰੇ ਤੋਂ ਰਾਹਤ ਦਵਾ ਸਕੇ। ਇਸ ਤਰ੍ਹਾਂ ਸੁਖਾਵਾਂ ਵਾਤਾਵਰਨ ਅਤੇ ਮਨੋ ਵਿਗਿਆਨਕ ਸਮਤੋਲ ਪੈਦਾ ਕਰ ਸਕੇ।

ਏਸ਼ੀਅਨ ਰੈਸ਼ਨਲਿਸਟ ਸੋਸਾਇਟੀ ਬਰਮਿੰਘਮ
+44 7929 601475

ਦਾਨ ਰਾਸ਼ੀ ਨੂੰ ਲੋਕ ਹਿਤਾਂ ਲਈ ਵਰਤਣ ਵਾਸਤੇ ਸਖ਼ਤ ਕਾਨੂੰਨ ਦੀ ਲੋੜ

ਬੀ.ਐੱਸ. ਭੁੱਲਰ

ਜ਼ਿੰਦਗੀ ਵਿੱਚ ਜਾਣੇ-ਅਣਜਾਣੇ ਹੋਏ ਕਥਿਤ ਪਾਪਾਂ ਨੂੰ ਬਖਸ਼ਾਉਣ, ਮੌਤ ਉਪਰੰਤ ਨਰਕ ਦੀ ਬਜਾਏ ਸਵਰਗ ਵਿੱਚ ਪਹੁੰਚਣ, ਦੁੱਖ-ਕਲੇਸਾਂ ਨੂੰ ਦੂਰ ਕਰਨ, ਖੁਸ਼ੀਆਂ ਪ੍ਰਾਪਤ ਕਰਨ, ਘੱਟ ਮਿਹਨਤ ਕਰ ਕੇ ਵੱਧ ਲਾਭ ਹਾਸਲ ਕਰਨ ਦੀ ਭਾਰਤ ਦੇ ਲੋਕਾਂ ਦੀ ਇੱਛਾ ਨੇ ਉਹਨਾਂ ਨੂੰ ਅੰਧ-ਵਿਸ਼ਵਾਸੀ ਅਤੇ ਪਿਛਾਂਹ ਖਿੱਚੂ ਸੋਚ ਵਾਲੇ ਬਣਾ ਦਿੱਤਾ ਹੈ। ਆਮ ਲੋਕਾਂ ਵਿੱਚ ਵਿਗਿਆਨਕ ਸੋਚ ਦੀ ਘਾਟ ਅਤੇ ਅੰਧ-ਵਿਸ਼ਵਾਸੀ ਪ੍ਰਵਿਰਤੀ ਨੂੰ ਦੇਖਦਿਆਂ ਚਲਾਕ ਲੋਕਾਂ ਨੇ ਧਰਮ ਦੇ ਨਾਂ ਹੇਠ ਉਹਨਾਂ ਦੀ ਲੁੱਟ-ਖਸੁੱਟ ਕਰਨ ਲਈ ਦੇਸ਼ ਭਰ ਵਿੱਚ ਲੱਖਾਂ ਹੀ ਅਖੌਤੀ ਧਾਰਮਿਕ ਸਥਾਨ ਬਣਾ ਲਏ ਹਨ।

ਬਹੁਤ ਘੱਟ ਅਜਿਹੇ ਧਾਰਮਿਕ ਸਥਾਨ ਹਨ ਜਿਹਨਾਂ ਦਾ ਇਤਿਹਾਸ ਨਾਲ ਸਬੰਧ ਹੈ। ਇਹਨਾਂ ਤੋਂ ਇਲਾਵਾ ਲੱਖਾਂ ਅਜਿਹੇ ਧਾਰਮਿਕ ਸਥਾਨ ਹਨ ਜਿਹਨਾਂ ਦੀ ਸਥਾਪਤੀ ਜ਼ਮੀਨ ਹੜੱਪਣ ਦੀ ਪ੍ਰਵਿਰਤੀ ਤੋਂ ਸ਼ੁਰੂ ਹੋਈ। ਸਭ ਤੋਂ ਪਹਿਲਾਂ ਕਿਸੇ ਸਥਾਨ 'ਤੇ ਛੋਟੀ ਜਿਹੀ ਮੂਰਤੀ ਰੱਖ ਕੇ ਜਾਂ ਧਾਰਮਿਕ ਝੰਡਾ ਗੱਡ ਕੇ ਸ਼ੁਰੂਆਤ ਕੀਤੀ ਅਤੇ ਫਿਰ ਉਸ ਜਗ੍ਹਾ 'ਤੇ ਵੱਡੇ-ਵੱਡੇ ਧਾਰਮਿਕ ਸਥਾਨ ਬਣ ਗਏ, ਜਿੱਥੇ ਰੋਜ਼ਾਨਾ ਦਾ ਲੱਖਾਂ ਰੁਪਏ ਦਾ ਚੜ੍ਹਾਵਾ ਚੜ੍ਹਨ ਲੱਗ ਗਿਆ ਅਤੇ ਅਜਿਹੇ ਅਨੇਕਾਂ ਹੋਰ ਸਥਾਨ ਹੋਂਦ ਵਿੱਚ ਆ ਰਹੇ ਹਨ।

ਅਜਿਹੇ ਧਾਰਮਿਕ ਸਥਾਨਾਂ ਦੀ ਪ੍ਰਫੁੱਲਤਾ ਵਿੱਚ ਸਿਆਸਤਦਾਨਾਂ ਦੀ ਵੀ ਅਹਿਮ ਭੂਮਿਕਾ ਹੈ, ਜਿਹਨਾਂ ਨੇ ਵੋਟਾਂ ਹਾਸਲ ਕਰਨ ਲਈ ਧਾਰਮਿਕ ਥਾਵਾਂ 'ਤੇ ਨੱਕ ਰਗੜ-ਰਗੜ ਕੇ ਇਹ ਸਾਬਤ ਕਰਨ ਦੀ ਕੋਸ਼ਿਸ ਕੀਤੀ ਕਿ ਇਹਨਾਂ ਥਾਵਾਂ ਦੀ ਸ਼ਕਤੀ ਅਪਰ-ਅਪਾਰ ਹੈ। ਸਮਾਂ ਪਾ ਕੇ ਅਜਿਹੇ ਸਥਾਨ ਮਸ਼ਹੂਰ ਹੋ ਗਏ ਅਤੇ ਇਹਨਾਂ ਦੀਆਂ ਜਾਇਦਾਦਾਂ ਵਿੱਚ ਕਈ-ਕਈ ਗੁਣਾ ਵਾਧਾ ਹੋ ਗਿਆ। ਰੋਜ਼ਾਨਾ ਚੜ੍ਹਾਵੇ ਵਿੱਚ ਹੋਣ ਵਾਲੇ ਵਾਧੇ ਕਾਰਨ ਇਹ ਸਥਾਨ ਖ਼ੂਨ-ਖਰਾਬੇ ਦੇ ਮੈਦਾਨ ਵੀ ਬਣਨ ਲੱਗੇ। ਕਬਜ਼ਾ ਜਮਾਈ ਰੱਖਣ ਜਾਂ ਦੂਜੀ ਧਿਰ ਵੱਲੋਂ ਕਬਜ਼ਾ ਖੋਹਣ ਲਈ ਗੁੰਡਿਆਂ ਅਤੇ ਗੈਰ ਇਖ਼ਲਾਕੀ ਲੋਕਾਂ ਦੀ ਮੱਦਦ ਲੈਣ ਦਾ ਸਿਲਸਿਲਾ ਚੱਲ ਪਿਆ, ਜਿਸ ਕਾਰਨ ਅਜਿਹੇ ਸਥਾਨਾਂ 'ਤੇ ਬਲਾਤਕਾਰ, ਕੁੱਟਮਾਰ, ਲੁੱਟਮਾਰ ਅਤੇ ਜਿਨਸੀ ਸ਼ੋਸਣ ਆਦਿ ਦੀਆਂ ਵਾਰਦਾਤਾਂ ਆਮ ਹੋਣ ਲੱਗ ਪਈਆਂ।

ਇੱਕ ਸਵਾਮੀ ਜੋ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੇ ਦੌਰ ਸਮੇਂ ਬਹੁਤ ਸਾਰੇ ਉੱਚਕੋਟੀ ਦੇ ਨੇਤਾਵਾਂ ਦਾ ਅਧਿਆਤਮਿਕ ਸਲਾਹਕਾਰ ਹੁੰਦਾ ਸੀ, ਨੂੰ ਜੇਲ੍ਹ ਦੀ ਦਾਲ ਪੀਣੀ ਪਈ ਜਦੋਂ ਇੰਡੀਅਨ ਰੈਸ਼ਨੇਲਿਸਟ ਐਸੋਸੀਏਸ਼ਨ ਵਰਗੇ ਸੰਗਠਨਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਇੱਕ ਚਕਲਾਘਰ ਚਲਾ ਰਿਹਾ ਹੈ। ਸਵਾਮੀ ਪ੍ਰੇਮਾਨੰਦ ਬਲਾਤਕਾਰਾਂ ਅਤੇ ਹੋਰ ਕਈ ਸੈਕਸ ਸਕੈਂਡਲਾਂ ਵਿੱਚ ਸ਼ਾਮਿਲ ਹੋਣ ਕਾਰਨ ਜੇਲ੍ਹ ਵਿੱਚ ਰਿਹਾ। ਸੱਤਿਆ ਸਾਈਂ ਬਾਬਾ ਵਿਰੁੱਧ ਵੀ ਬੱਚਿਆਂ ਦੇ ਸ਼ੋਸਣ ਅਤੇ ਛੋਟੀ ਉਮਰ ਦੇ ਚੇਲਿਆਂ ਨਾਲ ਗੈਰ ਕੁਦਰਤੀ ਯੌਨ ਸਬੰਧ ਬਣਾਉਣ ਦੇ ਦੋਸ਼ ਲਗਦੇ ਰਹੇ ਹਨ। ਲੰਡਨ ਦੇ ਇੱਕ ਅਖਬਾਰ ਡੇਲੀ ਟੈਲੀਗ੍ਰਾਫ ਵਿੱਚ 22 ਸਾਲਾ ਅਮਰੀਕੀ ਸੈਮ ਯੰਗ ਨਾਲ ਅਜਿਹੀ ਘਟਨਾ ਵਾਪਰਨ ਸਬੰਧੀ ਖਬਰਾਂ ਪ੍ਰਕਾਸ਼ਿਤ ਹੋਈਆਂ ਸਨ, ਜਿਸ ਦੇ ਬਾਅਦ ਵਿਦੇਸ਼ਾਂ ਵਿੱਚ ਉਸ ਦੇ ਕਈ ਆਸ਼ਰਮ ਵੀ ਬੰਦ ਹੋ ਗਏ।

ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਵਿਰੁੱਧ ਵੀ ਅਜਿਹਾ ਮੁਕੱਦਮਾ ਸੁਣਵਾਈ ਅਧੀਨ ਹੈ। ਨਿਤਿਆਨੰਦ ਵਰਗੇ ਹੋਰ ਬਹੁਤ ਸਾਰੇ ਅਜਿਹੇ ਧਾਰਮਿਕ ਗੁਰੂ ਅਖਵਾਉਣ ਵਾਲਿਆਂ ਵਿਰੁੱਧ ਚਰਚਾ ਹੁੰਦੀ ਰਹੀ ਹੈ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਸ ਨੂੰ ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਲਈ ਚੁਣਿਆ ਜਾਂਦਾ ਹੈ, ਉਸ ਦੇ ਇੱਕ ਅਹਿਮ ਅਹੁਦੇਦਾਰ ਵਿਰੁੱਧ ਇਹ ਦੋਸ਼ ਲੱਗ ਚੁੱਕੇ ਹਨ ਕਿ ਉਸ ਨੇ ਆਪਣੇ ਹੀ ਪਿੰਡ ਦੀ ਇੱਕ ਔਰਤ ਨੂੰ ਆਪਣੇ ਘਰ ਵਸਾਇਆ ਹੋਇਆ ਹੈ। ਇੱਕ ਹੋਰ ਕਮੇਟੀ ਮੈਂਬਰ ਨੇ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਵਾਲੇ ਨੇਤਰਹੀਣ ਕੀਰਤਨੀਏ ਦੇ ਘਰ ਵਿੱਚ ਦਾਖਲ ਹੋ ਕੇ ਉਸ ਦੀ ਧਰਮਪਤਨੀ ਨਾਲ ਛੇੜਛਾੜ ਕੀਤੀ। ਇਸ ਸੰਸਥਾ ਦੇ ਇੱਕ ਹੋਰ ਕਰਮਚਾਰੀ ਦੇ ਇੱਕ ਪਰਾਈ ਔਰਤ ਨਾਲ ਜਿਨਸੀ ਸਬੰਧਾਂ ਦੀ ਅਖਬਾਰਾਂ ਵਿੱਚ ਚਰਚਾ ਹੁੰਦੀ ਰਹੀ ਹੈ।

ਜੇਕਰ ਅਜਿਹੇ ਧਾਰਮਿਕ ਸਥਾਨਾਂ ਦੀ ਆਮਦਨ ਅਤੇ ਇਕੱਠੀ ਕੀਤੀ ਜਾ ਰਹੀ ਮਾਇਆ ਬਾਰੇ ਵਿਚਾਰ ਕਰੀਏ ਤਾਂ ਪੜ੍ਹਦੇ ਹਾਂ ਕਿ ਸੈਂਕੜੇ ਸਾਲ ਪਹਿਲਾਂ ਵਿਦੇਸੀ ਧਾੜਵੀਆਂ ਨੇ ਹਮਲਾ ਕਰ ਕੇ ਸੋਮਨਾਥ ਦੇ ਮੰਦਿਰ ਵਿੱਚ ਲੁੱਟਮਾਰ ਕੀਤੀ ।ਇਸ ਮੰਦਿਰ ਦੇ ਸੋਨੇ ਦੇ ਤਖ਼ਤੇ ਲੱਗੇ ਹੋਏ ਸਨ ਜੋ ਉਹ ਪੁੱਟ ਕੇ ਲੈ ਗਏ ਸਨ ।ਅੰਗਰੇਜ ਇਤਿਹਾਸਕਾਰ ਅਲਫ਼ਿਨਸਟਨ ਦੀ ਲਿਖਤ ਅਨੁਸਾਰ ਸੈਂਕੜੇ ਸਾਲ ਪਹਿਲਾਂ ਨਗਰਕੋਟ ਦੇ ਇੱਕ ਮੰਦਿਰ ਵਿੱਚੋਂ ਇੱਕ ਇਸਲਾਮੀ ਬਾਦਸ਼ਾਹ ਨੇ 7 ਲੱਖ ਸੁਨਹਿਰੀ ਮੋਹਰਾਂ, 9 ਮਣ ਸੋਨਾ, 2000 ਮਣ ਚਾਂਦੀ ਅਤੇ ਵੀਹ ਮਣ ਜਵਾਹਰਾਤ ਲੁੱਟੇ ਸਨ । ਇਸ ਤੋਂ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਉਸ ਸਮੇਂ ਇਹਨਾਂ ਮੰਦਿਰਾਂ ਦੀ ਕਿੰਨੀ ਆਮਦਨ ਹੋਵੇਗੀ ।

ਅੱਜ ਵੀ ਤਿਰੁਪਤੀ ਮੰਦਿਰ (ਵੈਂਕਟੇਸਵਰ ਮੰਦਿਰ) ਵਿਖੇ ਇੱਕ ਸੋਨੇ ਦਾ ਰਥ ਖੜ੍ਹਾ ਹੈ ।ਇਸ ਮੰਦਿਰ ਦੇ ਦਰਸ਼ਨਾਂ ਲਈ ਰੋਜਾਨਾ 2 ਲੱਖ ਤੋਂ 5 ਲੱਖ ਸ਼ਰਧਾਲੂ ਪਹੁੰਚਦੇ ਹਨ, ਜੋ ਉਥੇ ਰੱਖੇ ਇੱਕ ਵੱਡੇ ਬਰਤਨ ਵਿੱਚ ਨਕਦੀ ਅਤੇ ਗਹਿਣੇ ਆਦਿ ਦਾਨ ਵਜੋਂ ਭੇਂਟ ਕਰਦੇ ਹਨ ।ਇਸ ਮੰਦਿਰ ਦੀ ਸਾਲਾਨਾ ਆਮਦਨ ਕਰੀਬ 600 ਕਰੋੜ ਰੁਪਏ ਹੈ । ਕੇਰਲਾ ਦੇ ਇੱਕ ਪ੍ਰਸਿੱਧ ਸਾਬਰੀਮਾਲ ਮੰਦਿਰ ਵਿੱਚ ਹਰ ਸਾਲ ਮੱਕਰਜੋਤੀ ਉਤਸਵ ਲੱਗਦਾ ਹੈ, ਜੋ 41 ਦਿਨ ਚਲਦਾ ਹੈ । ਇਸ ਉਤਸਵ ਵਿੱਚ ਮੱਕਰਜੋਤੀ ਦੇ ਪ੍ਰਗਟ ਹੋਣ ਦੇ ਦਰਸ਼ਨ ਕਰਨ ਲਈ ਕਰੀਬ 30 ਲੱਖ ਸ਼ਰਧਾਲੂ ਪਹੁੰਚਦੇ ਹਨ ਜਿਹਨਾਂ ਵੱਲੋਂ ਦਿੱਤੇ ਦਾਨ ਨਾਲ ਕਰੋੜਾਂ ਰੁਪਏ ਇਕੱਤਰ ਹੋ ਜਾਂਦੇ ਹਨ।ਦੱਖਣੀ ਭਾਰਤ ਦੇ ਇੱਕ ਹੋਰ ਮੱਠ ਵਰਦਰਾਜਾ ਪੇਰੂਮੱਲ ਮੰਦਿਰ ਦੀ ਜਾਇਦਾਦ 2000 ਕਰੋੜ ਤੋਂ ਉੱਪਰ ਹੈ ਅਤੇ ਇਸ ਦੇ ਮੁਖੀ ਜੈਇੰਦਰ ਸਰਸਵਤੀ ਜਿਸ ਵਿਰੁੱਧ ਛੇੜਛਾੜ ਅਤੇ ਬਲਾਤਕਾਰ ਦੇ ਦੋਸ਼ ਲਗਦੇ ਰਹੇ ਹਨ, ਤੇ ਦੋਸ਼ ਹੈ ਕਿ ਉਸਨੇ ਆਪਣੇ ਭੇਤ ਛੁਪੇ ਰੱਖਣ ਲਈ ਆਪਣੇ ਇੱਕ ਚੇਲੇ ਨੂੰ ਕਤਲ ਕਰਨ ਲਈ ਗੁੰਡਿਆਂ ਨਾਲ 2 ਕਰੋੜ ਰੁਪਏ 'ਚ ਸੌਦਾ ਤੈਅ ਕੀਤਾ ਸੀ । ਗੁਰਦੁਆਰਿਆਂ ਦਾ ਪ੍ਰਬੰਧ ਚਲਾ ਰਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਲਾਨਾ ਆਮਦਨ ਵੀ ਢਾਈ ਅਰਬ ਦੇ ਕਰੀਬ ਹੈ ।ਲੱਖਾਂ ਗੁਰਦੁਆਰੇ ਇਸ ਸੰਸਥਾ ਦੇ ਕੰਟਰੋਲ ਤੋਂ ਅਜੇ ਬਾਹਰ ਹਨ ।ਪਿਛਲੇ ਸਮੇਂ ਆਂਧਰਾ ਪ੍ਰਦੇਸ ਦੇ ਅਨੰਤਪੁਰ ਜਿਲ੍ਹੇ ਵਿੱਚ ਪੁਟਾਪਰਥੀ ਸਥਾਨ ਤੇ ਸੱਤਿਆ ਸਾਈਂ ਦੇ ਮੰਦਿਰ ਕੰਪਲੈਕਸ 'ਚ ਪ੍ਰਸ਼ਾਂਤ ਨਿਲਾਯਮ ਸਾਈਂ ਦੀ ਰਿਹਾਇਸ ਤੋਂ 34 ਕਿੱਲੋ ਸੋਨਾ, 340 ਕਿੱਲੋ ਚਾਂਦੀ ਅਤੇ 1.90 ਕਰੋੜ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ, ਜਦ ਕਿ ਇਸ ਤੋਂ ਕੁਝ ਦਿਨ ਪਹਿਲਾਂ ਇਸੇ ਮੰਦਿਰ ਦੇ ਇੱਕ ਹੋਰ ਕਮਰੇ ਵਿੱਚੋਂ 98 ਕਿੱਲੋ ਸੋਨਾ, 300 ਕਿੱਲੋ ਚਾਂਦੀ ਅਤੇ 11.56 ਕਰੋੜ ਰੁਪਏ ਨਕਦ ਬਰਾਮਦ ਕੀਤੇ ਗਏ ਸਨ ।ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਹਿਮਾਚਲ ਪ੍ਰਦੇਸ 'ਚ ਸਥਿਤ ਇੱਕ ਬੋਧੀ ਮੱਠ ਵਿੱਚੋਂ ਵੱਡੀ ਮਾਤਰਾ ਵਿੱਚ ਦੇਸੀ ਅਤੇ ਵਿਦੇਸੀ ਰਕਮ ਬਰਾਮਦ ਕੀਤੀ ਗਈ ਸੀ ।ਯੋਗਾ ਗੁਰੂ ਬਾਬਾ ਰਾਮਦੇਵ ਦੇ ਆਸ਼ਰਮ ਦੀ ਅਰਬਾਂ ਰੁਪਏ ਦੀ ਆਮਦਨ ਵੀ ਜੱਗ ਜਾਹਰ ਹੋ ਚੁੱਕੀ ਹੈ ।

ਵਿਚਾਰ ਕਰਨ ਵਾਲੀ ਗੱਲ ਇਹ ਹੈ ਕਿ ਦੇਸ਼ ਦੇ ਕਰੋੜਾਂ ਲੋਕ ਅਜੇ ਗਰੀਬੀ ਰੇਖਾ ਤੋਂ ਹੇਠਾਂ ਦਾ ਜੀਵਨ ਬਸਰ ਕਰ ਰਹੇ ਹਨ ਅਤੇ ਕਰੋੜਾਂ ਨੌਜਵਾਨ ਰੋਜ਼ਗਾਰ ਦੀ ਭਾਲ ਵਿੱਚ ਭਟਕਦੇ ਫਿਰ ਰਹੇ ਹਨ, ਦੂਜੇ ਪਾਸੇ ਧਾਰਮਿਕ ਸਥਾਨਾਂ ਦੀ ਅਰਬਾਂ-ਖਰਬਾਂ ਰੁਪਏ ਦੀ ਰਾਸ਼ੀ ਅਤੇ ਸੋਨਾ-ਚਾਂਦੀ ਬੰਦ ਕਮਰਿਆਂ ਵਿੱਚ ਪਈ ਹੈ ਜਾਂ ਉਹਨਾਂ ਵੱਲੋਂ ਆਮਦਨ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ । ਇਹ ਰਾਸ਼ੀ ਲੋਕਾਂ ਵੱਲੋਂ ਦਿੱਤੇ ਦਾਨ ਦੀ ਹੈ, ਫਿਰ ਇਸ ਨੂੰ ਲੋਕਾਂ ਲਈ ਕਿਉਂ ਨਹੀਂ ਵਰਤਿਆ ਜਾ ਰਿਹਾ?

ਧਾਰਮਿਕ ਸਥਾਨਾਂ ਦੇ ਮੁਖੀ ਹਕੂਮਤਾਂ ਦੇ ਸੰਦ ਬਣੇ ਹੋਏ ਹਨ ।ਸਿਆਸਤਦਾਨ ਉਹਨਾਂ ਦੇ ਡੇਰਿਆਂ ਦੀ ਪ੍ਰਫੁੱਲਤਾ ਜਾਂ ਸੁਰੱਖਿਆ ਦਾ ਭਰੋਸਾ ਦੇ ਕੇ ਉਹਨਾਂ ਨੂੰ ਆਪਣੇ ਹਿਤਾਂ ਲਈ ਵਰਤਦੇ ਹਨ ਅਤੇ ਅਜਿਹੇ ਸਾਧ ਸੰਤ ਲਾਈਲੱਗ ਲੋਕਾਂ ਨੂੰ ਗੁੰਮਰਾਹ ਕਰ ਕੇ ਸਿਆਸਤਦਾਨਾਂ ਦੇ ਹੱਕ ਵਿੱਚ ਭੁਗਤਾ ਦਿੰਦੇ ਹਨ ।ਇਹੋ ਕਾਰਨ ਹੈ ਕਿ ਕਿਸੇ ਵੀ ਸਰਕਾਰ ਨੇ ਧਾਰਮਿਕ ਸਥਾਨਾਂ ਵਿੱਚ ਹੋ ਰਹੇ ਕੁਕਰਮਾਂ ਜਾਂ ਨਾਜਾਇਜ਼ ਖ਼ਰਚਿਆਂ ਨੂੰ ਰੋਕਣ ਦੀ ਜੁਅੱਰਤ ਨਹੀਂ ਕੀਤੀ, ਸਗੋਂ ਦਾਨ ਵਜੋਂ ਦਿੱਤੀ ਜਾਣ ਵਾਲੀ ਰਾਸ਼ੀ 'ਤੇ ਆਮਦਨ ਟੈਕਸ ਤੋਂ ਛੋਟ ਦਿੱਤੀ ਜਾਂਦੀ ਹੈ ।ਅੱਜ ਸਮੇਂ ਦੀ ਲੋੜ ਹੈ ਕਿ ਜਨਤਾ ਨੂੰ ਧਾਰਮਿਕ ਸਥਾਨਾਂ 'ਤੇ ਜਾ ਕੇ ਪੁਣਛਾਣ ਕਰਨ ਅਤੇ ਆਡਿਟ ਕਰਨ ਦੇ ਪੂਰੇ ਅਧਿਕਾਰ ਦਿੱਤੇ ਜਾਣ ।ਧਾਰਮਿਕ ਸਥਾਨਾਂ ਦੀ ਆਮਦਨ ਨੂੰ ਲੋਕ ਹਿਤਾਂ ਲਈ ਵਰਤਣ ਵਾਸਤੇ ਕੋਈ ਸਖ਼ਤ ਕਾਨੂੰਨ ਹੋਂਦ ਵਿੱਚ ਲਿਆਂਦਾ ਜਾਵੇ ।

ਬਠਿੰਡਾ, 98882-75913

ਕਦੀ ਜੁਗਨੂੰ, ਚਿਰਾਗ਼, ਕਦੀ ਬਣ ਕੇ ਮਸ਼ਾਲ,

ਰਲ-ਮਿਲ ਗਾਈਏ,
ਧਰਤੀ ਨੂੰ ਰੁਸ਼ਨਾਈਏ,
ਮੈਂ ਆਪਣੀ ਥਾਂ ਚਾਨਣ ਵੰਡਾਂ,
ਤੂੰ ਕਵਿਤਾ ਦੀ ਦੌਲਤ ਵੰਡੀਂ।
ਨ੍ਹੇਰੀਆਂ ਕੰਧਾਂ, ਗਲੀਆਂ, ਜੇਲ੍ਹਾਂ।
ਸਾਡਾ ਏਕਾ ਢਾਹ ਦੇਵੇਗਾ।
ਕਵਿਤਾ, ਚਾਨਣ ਦੋਵੇਂ ਮਿਲਕੇ,
ਕਰੀਏ ਕੋਈ ਹੰਗਾਮਾ।



ਮਾਈਕੋਵਸਕੀ

ਜ਼ਿੰਦਗੀ ਪੈਰਾਂ ਸਿਰ ਹੋ ਕੇ ਜੀਣਾ ਲੋਚਦੀ ਹੈ ਪਰ ਉਸ ਦੇ ਰਾਹ 'ਚ ਅਨੇਕਾਂ ਕੰਡੇ ਬਿਖ਼ਰੇ ਹਨ। ਅਗਿਆਨਤਾ, ਅਨਪੜ੍ਹਤਾ ਤੇ ਸਮਾਜਕ ਬੰਧਨ ਜ਼ਿੰਦਗੀ ਦਾ ਰਾਹ ਰੋਕਦੇ ਹਨ। ਜ਼ਿੰਦਗੀ ਕਲਪਦੀ ਹੈ, ਤਰਸਦੀ ਤੇ ਤੜਫ਼ਦੀ ਹੈ। ਆਪਣੇ ਆਪ ਨੂੰ ਕੋਸਦੀ ਜ਼ਿੰਦਗੀ ਅੰਧਵਿਸ਼ਵਾਸਾਂ ਦਾ ਸਹਾਰਾ ਲੈਣ ਲਈ ਅਹੁਲਦੀ ਹੈ। ਮਨਾਂ 'ਚ ਅਗਿਆਨਤਾ ਦਾ ਹਨੇਰਾ ਵਸਾਈ ਜਿਉਂਦੇ ਲੋਕ ਅੰਧਵਿਸ਼ਵਾਸਾਂ ਦੀ ਪੀਡੀ ਪਕੜ 'ਚ ਸਾਰੇ ਬੰਧਨਾਂ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਦੀ ਤੋਰ ਦੀ ਮੜ੍ਹਕ ਨਹੀਂ ਬਲਕਿ ਡਰੂ ਮਾਨਸਿਕਤਾ ਦੀ ਬੇੜੀਆਂ ਸਾਫ਼ ਨਜ਼ਰ ਆਉਂਦੀਆਂ ਹਨ। ਆਰਥਿਕ ਕਾਣੀ ਵੰਡ ਦੇ ਚਲਦਿਆਂ ਤੰਗੀਆਂ-ਤੁਰਛੀਆਂ ਜ਼ਿੰਦਗੀ ਨੂੰ ਅਗਿਆਨਤਾ ਨਾਲ ਜੋੜਦੀਆਂ ਹਨ। ਜਿਵੇਂ ਹੀ ਗਿਆਨ ਤੇ ਵਿੱਦਿਆ ਦੀ ਰੁਸ਼ਨਾਈ ਹੁੰਦੀ ਹੈ ਜ਼ਿੰਦਗੀ ਆਪਣੇ ਆਪ 'ਚ ਸਕੂਨ ਮਹਿਸੂਸ ਕਰਦੀ ਹੈ। ਉਸ ਨੂੰ ਜੀਣ ਦੇ ਮਾਣ-ਮੱਤੇ ਪਲ ਨਸੀਬ ਹੁੰਦੇ ਹਨ। ਜਦ ਕਦੇ ਬੇਵਸੀ ਤੇ ਸਮਾਜਕ ਕਦਰਾਂ ਜ਼ਿੰਦਗੀ ਦੇ ਆੜੇ ਆਉਣ ਤਾਂ ਉਹ ਭਰਮ ਭੁਲੇਖਿਆਂ ਦਾ ਸੰਸਾਰ ਸਿਰਜਦੀ ਹੈ। ਇਹ ਸੰਸਾਰ ਜਿਸ ਦਾ ਅਮਲੀ ਰੂਪ ਸਾਡੇ ਸਮਿਆਂ 'ਚ ਅਕਸਰ ਹੀ ਸਾਹਵੇਂ ਆਉਂਦਾ ਹੈ।

ਮੌਸਮ ਵਾਰ-ਵਾਰ ਰੰਗ ਆਪਣੇ ਬਦਲਦੇ ਹੀ ਰਹੇ।
ਕਾਫ਼ਲੇ ਜ਼ਿੰਦਗੀ ਦੇ ਨਿਰੰਤਰ ਚਲਦੇ ਹੀ ਰਹੇ,

✵✵

ਤੇਜ਼ ਹਵਾ ਵਿੱਚ ਚਿਰਾਗ਼ ਘਰੀਂ ਬਲਦੇ ਹੀ ਰਹੇ,
ਸਿਲਸਿਲੇ ਰੌਸ਼ਨੀ ਦੇ ਹਮੇਸ਼ਾ ਚਲਦੇ ਹੀ ਰਹੇ।

ਨਿਰਪਾਲ ਸਿੰਘ 0164-2445108

ਹਿੰਦੀ ਮਿੰਨੀ ਕਹਾਣੀ

ਗੁਰੂ ਜੀ ਦਾ 'ਪ੍ਰਤਾਪ'

ਸ਼ੀਲ ਕੌਸ਼ਿਕ (ਡਾ.)

ਗਰੀਸ਼ ਤੇ ਅੰਕਿਤ ਗਹਿਰੇ ਦੋਸਤ ਸਨ। ਅੰਕਿਤ ਦਾ ਛੋਟਾ ਜਿਹਾ ਕਾਰੋਬਾਰ ਸੀ ਪਰ ਉਹ ਸੰਤੁਸ਼ਟ ਸੀ। ਗਰੀਸ਼ ਵੱਡੇ-ਵੱਡੇ ਸੁਪਨੇ ਵੇਖਦਾ ਹੁੰਦਾ ਸੀ। ਉਹ ਅਕਸਰ ਆਖਦਾ, 'ਕਾਸ਼! ਮੇਰੇ ਕੋਲ ਇੱਕ ਵਧੀਆ ਕਾਰ ਤੇ ਵੱਡੀ ਸਾਰੀ ਕੋਠੀ ਹੁੰਦੀ।' ਉਸ ਦਿਨ ਗਰੀਸ਼ ਨਵੀਂ ਚਮਚਮਾਉਂਦੀ ਲਗਜ਼ਰੀ ਕਾਰ ਵਿੱਚ ਆਇਆ ਤਾਂ ਅੰਕਿਤ ਨੇ ਚੌਂਕ ਕੇ ਕਿਹਾ, 'ਯਾਰ ਬੜੀ ਮਹਿੰਗੀ ਕਾਰ ਲਈ ਐ, ਕੋਈ ਲਾਟਰੀ ਲੱਗ ਗਈ ਕਿ?' 'ਨਹੀਂ ਅਜੇ ਸੌਦਾ ਪੱਕਾ ਨਹੀਂ ਹੋਇਆ ਪ੍ਰੰਤੂ ਤੂੰ ਕਿਉਂ ਪੁੱਛ ਰਿਹੈਂ?' ਅੰਕਿਤ ਦੇ ਮਨ ਵਿੱਚ ਸ਼ੰਕਾ ਹੋਈ।

'ਦਰਅਸਲ ਉਹ ਕੋਠੀ ਤੇਰੀ ਭਾਬੀ ਨੂੰ ਬਹੁਤ ਪਸੰਦ ਐ, ਸੋਚਦਾ ਹਾਂ ਖਰੀਦ ਲਵਾਂ।' ਗਰੀਸ਼ ਮੁਸਕੁਰਾਇਆ।

'ਪਰ...' ਅੰਕਿਤ ਕੁਝ ਕਹਿ ਪਾਉਂਦਾ, ਇਸ ਤੋਂ ਪਹਿਲਾਂ ਹੀ ਗਰੀਸ਼ ਨੇ ਕਿਹਾ, 'ਸਭ ਗੁਰੂ ਜੀ ਦਾ ਪ੍ਰਤਾਪ ਐ...।'

ਅੰਕਿਤ ਨੂੰ ਸਭ ਸਮਝ ਆ ਗਿਆ। ਗਰੀਸ਼ ਪਿਛਲੇ ਤਿੰਨ ਮਹੀਨਿਆਂ ਤੋਂ ਗੁਰੂ ਜੀ ਦੇ ਪ੍ਰਵਚਨਾਂ ਦੇ ਵਿਸ਼ਾਲ ਆਯੋਜਨ ਲਈ ਸ਼ਹਿਰ ਦੇ ਵਪਾਰੀਆਂ ਤੋਂ ਮੋਟੀ ਰਕਮ ਬਟੋਰ ਚੁੱਕਾ ਸੀ। ਹਿਸਾਬ ਪੁੱਛਣ ਵਾਲਾ ਕੋਈ ਨਹੀਂ ਸੀ।

ਰੁੱਖੀ ਜ਼ਿੰਦਗੀ 'ਚ ਗੂੜ੍ਹੇ ਰੰਗ ਭਰੀਏ,
ਫਿੱਕੇ ਰੰਗ ਜ਼ਿੰਦਗੀ ਦੇ...

✵✵

ਅਸੀਂ ਚਾਦਰਾਂ ਚੜ੍ਹਾਉਂਦੇ ਰਹੇ ਮਜ਼ਾਰ ਤੇ,
ਜ਼ਿੰਦਗੀ ਲੰਗਾਰ ਹੋ ਗਈ।

✵✵

ਸਾਡੇ ਡੇਰੇ ਦਾ ਡਰਾਈਵਰ ਬਾਬਾ,
ਵੋਟਾਂ ਵੇਲੇ ਵੰਡੇ ਝੰਡੀਆਂ।


✵✵

ਠੇਕੇ ਖੋਲ੍ਹਾਂਗੇ ਸਕੂਲ ਬੰਦ ਕਰਕੇ,
ਰੰਗਲਾ ਪੰਜਾਬ ਬੁੱਕੂਗਾ।



ਜਗਸੀਰ ਜੀਦਾ 94173-33203

ਨਸ਼ਤਰਾਂ





ਵਾਤਾਵਰਨ ਨਿਆਂ

ਜਿਸ ਸਮਾਜ ਵਿੱਚ ਅਸੀਂ ਰਹਿ ਰਹੇ ਹਾਂ, ਉਹ ਕਾਰਪੋਰੇਟ ਅਮੀਰੀ ਅਤੇ ਸਿਆਸੀ ਕਾਬਜ਼ ਵਰਗ ਦੀ ਭਾਈਵਾਲੀ ਵਾਲਾ ਹੈ। ਇਸ ਤਰ੍ਹਾਂ ਦੇ ਸਮਾਜ ਵਿੱਚ ਸੰਗਠਿਤ ਗੈਰ ਜ਼ਿੰਮੇਵਾਰੀ ਦਾ ਬੋਲਬਾਲਾ ਹੁੰਦਾ ਹੈ। ਇਸ ਸਮਾਜ ਵਿੱਚ ਕਾਮਯਾਬੀ ਤੇ ਨੈਤਿਕਤਾ ਦੋ ਅਲੱਗ-ਅਲੱਗ ਗੱਲਾਂ ਹਨ। ਸਾਰਾ ਕਮਿਊਨੀਕੇਸ਼ਨ ਤੰਤਰ 'ਕਾਮਯਾਬੀ' ਦੇ ਸੋਹਲੇ ਗਾ ਰਿਹਾ ਹੈ। ਉੱਚੇ ਵਰਗ ਦੀ ਅਨੈਤਿਕਤਾ ਸਮਾਜ ਵਿੱਚੋਂ ਉਤਸ਼ਾਹ, ਉਮੰਗ, ਜ਼ਿੰਦਗੀ ਦੇ ਅਰਥ ਵਰਗੀਆਂ ਗੱਲਾਂ ਕੱਢ ਕੇ ਨੀਰਸਤਾ, ਬੇਵਸੀ ਤੇ ਉਕਤਾਹਟ ਪੈਦਾ ਕਰ ਰਹੀ ਹੈ। ਮੰਡੀ ਨੂੰ ਹੀ ਕੁਦਰਤੀ ਹੱਲ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ। ਪੈਦਾਵਾਰ ਤੋਂ ਬਾਅਦ ਮਾਰਕੀਟਿੰਗ ਇਸ ਦਾ ਸਭ ਤੋਂ ਅਹਿਮ ਅਦਾਰਾ ਹੈ। ਪੈਸਾ ਮਾਰਕਿਟ ਦੀ ਕੇਂਦਰੀ ਕਦਰ ਹੈ। ਜ਼ਿੰਦਗੀ, ਪੈਦਾਵਾਰ, ਮਾਰਕੀਟ, ਉਪਭੋਗ ਅਤੇ ਬਚਖੁਚ ਦੁਆਲੇ ਕੇਂਦ੍ਰਿਤ ਹੋ ਗਈ ਹੈ। ਅਸਲੀਅਤ ਇਹ ਨਹੀਂ ਕਿ ਲੋਕ ਪੈਸੇ ਦੀ ਵੱਧ ਕਦਰ ਕਰਨ ਲੱਗ ਪਏ ਹਨ। ਬਲਕਿ ਅਸਲੀਅਤ ਇਹ ਹੈ ਕਿ ਲੋਕ ਕਿਸੇ ਵੀ ਹੋਰ ਚੀਜ਼ ਦੀ ਕਦਰ ਘੱਟ ਕਰਨ ਲੱਗ ਪਏ ਹਨ। ਅਜਿਹੇ ਸਮਾਜ ਵਿੱਚ ਅਤੇ ਅਜਿਹੇ ਦੌਰ ਵਿੱਚ 'ਨਿੱਜ ਨੂੰ ਸੁਧਾਰੋ' ਵਰਗੇ ਨਾਅਰੇ ਨੂੰ ਥੋੜ੍ਹਾ ਚੁਕੰਨੇ ਹੋ ਕੇ ਸੁਣਨਾ ਚਾਹੀਦਾ ਹੈ ਕਿਉਂਕਿ ਇਸ ਵਿੱਚ ਅਸਲੀ ਦੋਸ਼ੀ ਨੂੰ ਲੁਕਾਉਣ ਦੀ ਪ੍ਰਵਿਰਤੀ ਲੁਕੀ ਹੁੰਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਆਮ ਆਦਮੀਂ ਨੂੰ ਸੰਜਮੀਂ ਨਹੀਂ ਹੋਣਾ ਚਾਹੀਦਾ ਜਾਂ ਆਲੇ ਦੁਆਲੇ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਪਰ ਵੱਡੇ ਸਵਾਲ ਨੂੰ ਉਸੇ ਸਕੇਲ ਤੇ ਸੋਚਣਾ ਚਾਹੀਦਾ ਹੈ ਜਿਸ ਸਕੇਲ ਦੀ ਗੁੰਝਲ ਉਹ ਖੜ੍ਹੀ ਕਰ ਰਿਹਾ ਹੈ। ਵਾਤਾਵਰਣ ਨਿਆਂ, ਸਮਾਜਕ ਨਿਆਂ ਦਾ ਹੀ ਦੂਜਾ ਪਾਸਾ ਹੈ।

...ਪ੍ਰੋ. ਸ਼ੁਭ ਪ੍ਰੇਮ

ਤਕਦੀਰ ਸਿਰਜੋ...

ਨ੍ਹੇਰ ਅੰਧਵਿਸ਼ਵਾਸ ਦਾ ਫੈਲਿਆ ਹੈ,
ਬਣ ਕੇ ਚਾਨਣ ਦੇ ਬੀਜ ਨਿਧੱੜਕ ਕਿਰ ਜੋ।
ਇਸੇ ਧਰਤ ਨੂੰ ਸਵਰਗ ਬਣਾਓ ਮਿੱਤਰੋ,
ਅਗਲੇ ਜਨਮ ਦੀ ਆਸ ਤੇ ਨਾ ਵਿਰਜੋ।
ਜਿੱਥੇ ਰੌਸ਼ਨੀ ਦੀ ਕਿਰਨ ਨਹੀਂ ਅੱਪੜੀ,
ਚਾਨਣ-ਕਾਫ਼ਲਾ ਬਣ ਤੁਰੰਤ ਫ਼ਿਰ ਜੋ।
ਕਿਸਮਤ ਕਰਮਾਂ ਦੇ ਨ੍ਹੇਰ ਵਿੱਚੋਂ ਬਾਹਰ ਨਿਕਲੋ,
ਦਸਾਂ ਨੌਹੁਆਂ ਦੇ ਨਾਲ ਤਕਦੀਰ ਸਿਰਜੋ।

ਬਲਦੇਵ ਸਿੰਘ ਆਜ਼ਾਦ
94176-71364

ਸਰਘੀ ਦਾ ਸਿਰਨਾਵਾਂ

ਜਦ ਵੀ ਕਿਧਰੇ ਦਿਸੇ ਹਨੇਰਾ
ਮੈਂ ਦੀਵਾ ਬਣ ਜਾਵਾਂ
ਲਟ-ਲਟ ਕਰਦਾ ਨੂਰ ਬਖ਼ੇਰਾਂ
ਦਿਸ਼ਾ-ਦਿਸ਼ਾ ਰੁਸ਼ਨਾਵਾਂ
ਮੇਰੇ ਹੱਥ ਵਿੱਚ ਨੂਰੀ ਨਗਮੇਂ
ਨ੍ਹੇਰ ਚੀਰਦੇ ਜਾਂਦੇ
ਮੈਂ ਗੀਤਾਂ ਦੇ ਮੱਥੇ ਲਿਖਿਆ
ਸਰਘੀ ਦਾ ਸਿਰਨਾਵਾਂ


ਸੱਜਣ ਗਰੇਵਾਲ

ਖਿਡਾਰੀਆਂ ਦੇ ਵਹਿਮ



ਵਹਿਮਾਂ ਭਰਮਾਂ ਤੋਂ ਖਿਡਾਰੀ ਵੀ ਨਹੀਂ ਬਚੇ। ਪੱਛਮ ਵਿੱਚ 13 ਦਾ ਹਿੰਦਸਾ 'ਮਨਹੂਸ' ਗਿਣਿਆ ਜਾਂਦਾ ਹੈ। ਕਈ ਥਾਈਂ ਇਸ ਦੀ ਵਰਤੋਂ ਹੀ ਨਹੀਂ ਹੁੰਦੀ। ਚੰਡੀਗੜ੍ਹ ਵਿੱਚ ਕਿਸੇ ਸੈਕਟਰ ਦਾ ਨੰਬਰ 13 ਨਹੀਂ ਪਰ ਪ੍ਰਸਿੱਧ ਹਾਕੀ ਖਿਡਾਰੀ ਬਲਵੀਰ ਸਿੰਘ ਲਈ ਅਜਿਹਾ ਨਹੀਂ ਹੈ। ਭਾਰਤੀ ਹਾਕੀ ਟੀਮ ਨੂੰ ਸਦਾ ਇਹ ਵਹਿਮ ਰਿਹਾ ਹੈ ਕਿ ਉਹ ਸ਼ੁੱਕਰਵਾਰ ਦੇ ਦਿਨ ਪਾਕਿਸਤਾਨ ਦੀ ਟੀਮ ਨੂੰ ਨਹੀਂ ਹਰਾ ਸਕਦੀ। ਇਹ ਦਿਨ ਉਹ ਪਾਕਿਸਤਾਨੀ ਖਿਡਾਰੀਆਂ ਦਾ ਮੰਨਦੇ ਹਨ। ਬਲਵੀਰ ਸਿੰਘ ਤੇ ਉਸ ਦੇ ਸਾਥੀ ਹਾਕੀ ਖਿਡਾਰੀਆਂ ਦਾ ਵਿਸ਼ਵਾਸ ਹੈ ਕਿ ਜਿਹੜੀ ਟੀਮ ਘਰੋਂ ਤੁਰਦਿਆਂ ਹੀ ਗਲਾਂ 'ਚ ਹਾਰ ਪੁਆ ਬਹੇ, ਉਹ ਟੂਰਨਾਮੈਂਟ ਜਿੱਤ ਕੇ ਘਰ ਨਹੀਂ ਪਰਤਦੀ। ਕਈਆਂ ਦਾ ਇਹ ਵਹਿਮ ਹੈ ਕਿ ਜੇਕਰ ਕੋਈ ਖੇਡਣ ਤੋਂ ਪਹਿਲਾਂ ਉਨ੍ਹਾਂ ਨੂੰ ਥਾਪੀ ਦੇ ਦੇਵੇ ਤਾਂ ਉਹ ਜਿੱਤ ਨਹੀਂ ਸਕਦੇ। ਅਨੇਕਾਂ ਖਿਡਾਰੀ ਹਨ, ਜਿਨ੍ਹਾਂ ਨੂੰ ਇਹ ਵਹਿਮ ਹੁੰਦਾ ਹੈ ਕਿ ਉਹ ਖਾਸ ਪੁਸ਼ਾਕ ਵਿੱਚ ਹੀ ਵਧੀਆ ਖੇਡ ਸਕਦੇ ਹਨ। ਕਈਆਂ ਨੂੰ ਵਹਿਮ ਹੁੰਦਾ ਹੈ ਕਿ ਉਨ੍ਹਾਂ ਦੀਆਂ ਹਾਕੀਆਂ, ਬੱਲੇ ਜਾਂ ਖੇਡਾਂ ਦਾ ਹੋਰ ਸਮਾਨ 'ਕਰਾਮਾਤੀ' ਹੈ। ਪਾਕਿਸਤਾਨ ਦੇ ਕਈ ਖਿਡਾਰੀ ਪੀਰਾਂ-ਫਕੀਰਾਂ ਦੇ ਧੂਣਿਆਂ ਦੀ ਰਾਖ਼ ਆਪਣੇ ਨਾਲ ਲੈ ਕੇ ਪ੍ਰਦੇਸ ਖੇਡਣ ਜਾਂਦੇ ਹਨ। ਕਈਆਂ ਨੇ ਤਵੀਤ ਕਰਵਾਏ ਹੁੰਦੇ ਹਨ। ਅਸਲ ਵਿੱਚ ਵਹਿਮ ਦਾ ਸਬੰਧ ਬੰਦੇ ਦੀ ਮਾਨਸਿਕ ਹਾਲਤ ਨਾਲ ਹੁੰਦਾ ਹੈ ਤੇ ਮਾਨਸਿਕ ਹਾਲਤ ਸਰੀਰ ਦੀ ਸਮਰੱਥਾ ਉੱਤੇ ਅਸਰ ਅੰਦਾਜ਼ ਰਹਿੰਦੀ ਹੈ। **ਸਰਵਣ ਸਿੰਘ**

ਕੈਂਚੀ ਦੀ ਮੱਦਦ ਨਾਲ ਸੀਸ਼ਾ ਕੱਟਣਾ



ਲੋੜੀਂਦੀ ਸਮੱਗਰੀ – ਕੈਂਚੀ, ਸੀਸੇ ਦੀ ਸੀਟ (2 ਐਮ.ਐਮ. ਮੋਟੀ), ਕੱਚ ਦਾ ਜਾਰ, ਪਾਣੀ।

ਪੇਸ਼ਕਾਰੀ :
1. ਕੱਚ ਦੇ ਜਾਰ ਵਿੱਚ ਪਾਣੀ ਭਰੋ।
1. ਸੀਸੇ ਦੀ ਸੀਟ ਪਾਣੀ ਵਿੱਚ ਡੋਬੋ।
3. ਕੈਂਚੀ ਨਾਲ ਇਸਨੂੰ ਕੱਟੋ।
4. ਮਨ ਇੱਛਤ ਥਾਂ ਤੋਂ ਇਹ ਸੀਸੇ ਦੀ ਸੀਟ, ਟੁਕੜਿਆਂ ਵਿੱਚ ਟੁੱਟਣ ਤੋਂ ਬਿਨਾਂ, ਕੱਟੀ ਜਾਵੇਗੀ।

ਵਿਆਖਿਆ : ਤਰਲ ਵਿੱਚ ਸੀਸ਼ਾ ਟੁੱਟਦਾ ਨਹੀਂ ਅਤੇ ਕੈਂਚੀ, ਜਦੋਂ ਸੀਸੇ ਨੂੰ ਤਰਲ ਵਿੱਚ ਕੱਟਿਆ ਜਾਂਦਾ ਹੈ, ਸਲਿੱਪ ਨਹੀਂ ਕਰਦੀ।

ਸਾਵਧਾਨੀਆਂ :
1. ਸੀਸੇ ਦੀ ਸੀਟ ਨੂੰ ਕੱਟਦੇ ਹੋਏ, ਦੋਵੇਂ ਸੀਸੇ ਦੀ ਸੀਟ ਅਤੇ ਕੈਂਚੀ ਪਾਣੀ ਵਿੱਚ ਡੁੱਬੇ ਹੋਣੇ ਚਾਹੀਦੇ ਹਨ।
2. ਪਾਣੀ ਵਾਲਾ ਕੱਚ ਦਾ ਜਾਰ ਢੁਕਵੇਂ ਆਕਾਰ ਦਾ ਹੋਣਾ ਚਾਹੀਦਾ ਹੈ ਤਾਂ ਜੋ ਇਸ ਵਿੱਚ ਸੀਸੇ ਦੀ ਸੀਟ ਅਤੇ ਕੈਂਚੀ ਡੁਬੋਈ ਜਾ ਸਕੇ।

ਤਰਕਸ਼ੀਲ ਪਰਿਵਾਰ ਨੇ ਤੋੜੀਆਂ ਸਾਰੀਆਂ ਰਸਮਾਂ

ਇਕਾਈ ਫ਼ਰੀਦਕੋਟ ਦੇ ਸਾਬਕਾ ਜੱਥੇਬੰਦਕ ਮੁਖੀ ਨਿਰਮਲ ਪਟਵਾਰੀ ਨੇ ਆਪਣੀ ਸਤਿਕਾਰਯੋਗ ਮਾਤਾ ਸ਼੍ਰੀਮਤੀ ਹਰਬੰਸ ਕੌਰ (66) ਦੀ ਅਚਾਨਕ ਮੌਤ ਉਪਰੰਤ ਉਹਨਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਖੋਜਾਂ ਲਈ ਦਾਨ ਕਰਕੇ ਅਤੇ ਮੌਤ ਉਪਰੰਤ ਹੋਣ ਵਾਲੀਆਂ ਸਾਰੀਆਂ ਰਸਮਾਂ ਰੱਦ ਕਰਕੇ ਸਮਾਜ ਲਈ ਨਵੀਂ ਮਿਸਾਲ ਪੈਦਾ ਕੀਤੀ ਹੈ। ਨਿਰਮਲ ਪਟਵਾਰੀ ਸਮਾਜਵਾਦੀ ਪਰਿਵਾਰ ਦਾ ਜਿੰਮੇਵਾਰ ਨੌਜਵਾਨ ਹੈ ਅਤੇ ਉਹਨਾਂ ਦਾ ਸਮੁੱਚਾ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਤਰਕਸ਼ੀਲ ਕਾਫ਼ਲੇ ਵਿੱਚ ਅਗਾਂਹ ਵਧੂ ਯੋਗਦਾਨ ਪਾ ਰਿਹਾ ਹੈ। ਨਿਰਮਲ ਪਟਵਾਰੀ, ਤਰਕਸ਼ੀਲ ਮੈਂਬਰ ਭੁਪਿੰਦਰ ਸਿੰਘ, ਜਗਸੀਰ ਸਿੰਘ ਅਤੇ ਰਘਬੀਰ ਸਿੰਘ ਵੀ ਇਸੇ ਹੀ ਪਿੰਡ ਦੇ ਨੌਜਵਾਨ ਹਨ ਜਿੰਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸ਼੍ਰੀਮਤੀ ਹਰਬੰਸ ਕੌਰ ਦੀ ਮੌਤ ਉਪਰੰਤ ਸਾਰੀਆਂ ਵਾਧੂ ਰਸਮਾਂ ਰੱਦ ਕਰਨ ਵਿੱਚ ਉਹਨਾਂ ਨੇ ਸਫ਼ਲਤਾ ਹਾਸਲ ਕੀਤੀ ਹੈ। ਅਨਾਟਮੀ ਵਿਭਾਗ ਦੇ ਮੁਖੀ ਡਾ. ਜੋਰਾ ਸਿੰਘ ਨੇ ਇਸ ਪਰਿਵਾਰ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਅਜਿਹੇ ਪਰਿਵਾਰਾਂ ਦੀਆਂ ਵਿਲੱਖਣ ਕੋਸ਼ਿਸ਼ਾਂ ਸਦਕਾ ਮੈਡੀਕਲ ਖੋਜਾਂ ਰਾਹੀਂ ਡਾਕਟਰਾਂ ਨੇ ਮਨੁੱਖੀ ਜੀਵਨ ਬੇਹੱਦ ਸੁਖਾਲਾ ਬਣਾਇਆ ਹੈ। ਇਸ ਮੌਕੇ ਫ਼ਰੀਦਕੋਟ ਯੂਨਿਟ ਦੇ ਮੁਖੀ ਕੁਲਵਿੰਦਰ ਸਿੰਘ, ਗਿੰਦਰ ਸਿੰਘ ਕਿਲਾ ਨੌਂ ਨੇ ਸਰੀਰ ਦਾਨ ਕਰਨ ਅਤੇ ਮਰਨ ਉਪਰੰਤ ਹੋਣ ਵਾਲੀਆਂ ਰਸਮਾਂ ਨੂੰ ਰੱਦ ਕਰਨ ਦੀ ਦੇ ਕਾਰਨ ਦੱਸੇ ਅਤੇ ਕਿਹਾ ਕਿ ਨਿਰਮਲ ਪਟਵਾਰੀ ਅਤੇ ਉਸ ਦੇ ਪਰਿਵਾਰ ਵੱਲੋਂ ਸ਼ੁਰੂ ਕੀਤੀ ਇਹ ਵਿਲੱਖਣ ਪ੍ਰਿਤ ਸਮੁੱਚੇ ਸਮਾਜ ਲਈ ਮਿਸਾਲ ਹੈ।

ਰਘਬੀਰ ਸਿੰਘ, ਇਕਾਈ ਫ਼ਰੀਦਕੋਟ

ਕੇਸ ਰਿਪੋਰਟ

ਜਦੋਂ ਭੂਤ ਨੇ ਤਰਕਸ਼ੀਲਾਂ ਦਾ ਧੰਨਵਾਦ ਕੀਤਾ

ਸੁਖਦੇਵ ਫਗਵਾੜਾ

ਸਾਡੇ ਸਮਾਜ ਦੀ ਅਸਾਵੀਂ ਬਣਤਰ ਅਤੇ ਔਰਤ ਵਿਰੋਧੀ ਦ੍ਰਿਸ਼ਟੀਕੋਣ ਹੋਣ ਕਾਰਨ ਰੋਜ਼ਾਨਾ ਜ਼ਿੰਦਗੀ ਵਿੱਚ ਅਨੇਕਾਂ ਸਮੱਸਿਆਵਾਂ ਨਾਲ ਆਮ ਲੋਕਾਂ ਨੂੰ ਦੋ ਚਾਰ ਹੋਣਾ ਪੈਂਦਾ ਹੈ। ਆਪਣੀ ਜ਼ਿੰਦਗੀ ਬਸਰ ਕਰਦਿਆਂ ਲਗਭਗ ਹਰ ਪਰਿਵਾਰ ਨੂੰ ਇੰਨ੍ਹਾਂ ਘਰੇਲੂ, ਸਮਾਜਿਕ, ਮਾਨਸਿਕ ਅਤੇ ਆਰਥਿਕ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ ਪਰ ਵਿਗਿਆਨਕ ਸੂਝ ਵਾਲੇ ਇੰਨ੍ਹਾਂ ਸਮੱਸਿਆਵਾਂ ਦਾ ਹੱਲ ਤਰਕਮਈ ਢੰਗ ਨਾਲ ਕੱਢਣ ਦੀ ਕੋਸ਼ਿਸ਼ ਵਿੱਚ ਰਹਿੰਦੇ ਹਨ। ਜਦੋਂਕਿ ਪ੍ਰਚਲਿਤ ਤੇ ਰੂੜੀਵਾਦੀ ਸੋਚ ਰੱਖਣ ਵਾਲੇ ਬਹੁਗਿਣਤੀ ਲੋਕ ਇੰਨ੍ਹਾਂ ਮਸਲਿਆਂ ਨੂੰ ਗੈਰ ਵਿਗਿਆਨਕ ਤੇ ਅੰਧਵਿਸ਼ਵਾਸੀ ਢੰਗ ਤਰੀਕਿਆਂ ਰਾਹੀਂ, ਸੁਲਝਾਉਣ ਦੀ ਬਜਾਏ ਉਲਝਾ ਲੈਂਦੇ ਹਨ। ਤਰਕਸ਼ੀਲ ਸੁਸਾਇਟੀ ਵੱਲੋਂ ਪ੍ਰਚਾਰੇ ਜਾਂਦੇ ਵਿਗਿਆਨਕ ਵਿਚਾਰਾਂ ਵਾਲੇ ਨਜਰੀਏ ਕਾਰਨ ਹੀ ਸਮਾਜ ਦੇ ਅੰਧਵਿਸ਼ਵਾਸੀ ਤੇ ਵਹਿਮਾਂ ਭਰਮਾਂ ਦੀ ਦਿਖ ਵਾਲੇ ਕੇਸ ਸੁਸਾਇਟੀ ਕਾਰਕੁੰਨਾਂ ਕੋਲ ਆਉਂਦੇ ਹਨ। ਅਜਿਹਾ ਹੀ ਉਲਝਿਆ ਜਾਂ ਉਲਝਾਇਆ ਹੋਇਆ ਕੇਸ ਕੁਝ ਮਹੀਨੇ ਪਹਿਲਾਂ ਸਾਡੇ ਕੋਲ ਆਇਆ। ਜਿਸ ਬਾਰੇ ਇਸ ਕਰਕੇ ਜਿਕਰ ਕਰਨ ਲੱਗਾ ਹਾਂ ਕਿ ਸਮਾਜ ਦੇ ਹੋਰ ਪ੍ਰਵਾਰ ਅਜਿਹੀ ਦਿਖ ਵਾਲੇ ਕੇਸਾਂ ਨੂੰ ਵਿਗਿਆਨਕ ਢੰਗ ਨਾਲ ਆਪ ਹੀ ਨਜਿੱਠਣ ਦੇ ਕਾਬਲ ਹੋ ਸਕਣ।

ਪਰਿਵਾਰਕ ਪਿਛੋਕੜ : ਮੱਧਵਰਗੀ ਇਸ ਪ੍ਰਵਾਰ ਵਿੱਚ ਸੱਤ ਮੈਂਬਰ ਹਨ। ਛੋਟੇ ਬੱਚੇ ਨੂੰ ਛੱਡ ਕੇ ਸਾਰੇ ਹੀ ਗ੍ਰੈਜੂਏਟ ਜਾਂ ਪੋਸਟ ਗ੍ਰੈਜੂਏਟ ਹਨ। ਇੱਥੇ ਹੀ ਬਸ ਨਹੀਂ ਪ੍ਰਵਾਰ ਦਾ ਮੁਖੀ ਇਕ ਸਰਕਾਰੀ ਸਕੂਲ ਵਿੱਚ ਗਜਟਿਡ ਅਫਸਰ ਹੈ। ਅਕਸਰ ਸਮਾਜ ਵਿੱਚ ਇਹ ਭਰਮ ਵੀ ਪਾਇਆ ਜਾਂਦਾ ਹੈ ਕਿ ਵਹਿਮ ਭਰਮ ਤਾਂ ਅਨਪੜ੍ਹ ਲੋਕਾਂ ਵਿੱਚ ਜਿਆਦਾ ਹੁੰਦਾ ਹੈ। ਗੱਲ ਇਸਤੋਂ ਬਿਲਕੁਲ ਉਲਟ ਹੈ ਕਿ ਅੱਜ ਕੱਲ ਪੜ੍ਹੇ ਲਿਖੇ ਹੀ ਨਹੀਂ ਸਗੋਂ ਗਜਟਿਡ ਪੋਸਟਾਂ ਤੇ ਬਿਰਾਜਮਾਨ ਲੋਕ ਵੀ ਅੰਧ-ਵਿਸ਼ਵਾਸੀ ਹਨ। ਦੇਖਣ ਨੂੰ ਸਾਨੂੰ ਭਾਵੇਂ ਬਹੁਤ ਬੁੱਧੀਮਾਨ ਲੱਗਦੇ ਹਨ ਪਰ ਇੰਨ੍ਹਾਂ ਦੀ ਅਸਲੀ ਜਿੰਦਗੀ ਅੰਧਵਿਸ਼ਵਾਸੀ ਪੈਂਤੜੇ ਤੋਂ ਆਮ ਆਦਮੀ ਨਾਲੋਂ ਬਹੁਤੀ ਅਲੱਗ ਨਹੀਂ ਹੈ। ਜਿੰਨ੍ਹਾਂ ਵੱਡਾ ਅਫਸਰ ਉਨ੍ਹਾਂ ਵੱਡਾ ਉਸ ਦਾ ਕਰਾਮਾਤੀ ਬਾਬਾ ਹੁੰਦਾ ਹੈ। ਕਹਿਣ ਨੂੰ ਹਰ ਕੋਈ ਕਹਿੰਦਾ ਹੈ ਕਿ ਅਸੀਂ ਤਾਂ ਜੀ ਵਹਿਮਾਂ ਭਰਮਾਂ ਵਿੱਚ ਯਕੀਨ ਹੀ ਨਹੀਂ ਰੱਖਦੇ, ਪਰ ਜਦੋਂ ਘਰ ਵਿੱਚ ਅਜਿਹਾ ਮਸਲਾ ਪੈਦਾ ਹੋ ਜਾਂਦਾ ਹੈ ਤਾਂ ਲਗਭਗ ਸਾਰੇ ਹੀ ਉਹੀ ਢੰਗ ਤਰੀਕੇ ਅਖਤਿਆਰ ਕਰਦੇ ਹਨ ਜੋ ਸਮਾਜ ਵਿੱਚ ਸਦੀਆਂ ਤੋਂ ਸਾਡੇ ਪੁਰਖੇ ਕਰਦੇ ਆਏ ਹਨ। (ਭਾਵ, ਜੰਤਰ-ਮੰਤਰ, ਜੋਤਿਸ਼, ਧਾਗੇ, ਤਵੀਤ, ਝਾੜ-ਫੂਕ, ਟੇਵੇ ਅਤੇ ਟੂਣਿਆਂ ਦੇ ਦੌਰ ਵਾਲਾ)। ਜਦੋਂ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਂਦੇ ਹਨ ਅਤੇ ਆਰਥਿਕ ਲੁੱਟ ਕਰਵਾ ਬੈਠਦੇ ਹਨ। ਫਿਰ ਤਰਕਸ਼ੀਲਾਂ ਦੀ ਲੋੜ ਮਹਿਸੂਸ ਕੀਤੀ ਜਾਂਦੀ ਹੈ। ਚੱਲੋ ਖੈਰ ਦੇਰ ਆਏ ਦਰੁਸਤ ਆਏ ਦੀ ਕਹਾਵਤ ਅਨੁਸਾਰ ਆਖਰ ਠੀਕ ਟਿਕਾਣੇ ਤੇ ਆ ਜਾਂਦੇ ਹਨ।

ਘਟਨਾਵਾਂ : ਲਗਭਗ ਇਕ ਸਾਲ ਤੋਂ ਘਰ ਵਿੱਚ, ਕੱਪੜੇ ਪਾਟਣ, ਕੱਪੜਿਆਂ ਨੂੰ ਅੱਗ ਲੱਗਣ, ਘਰ ਵਿੱਚ ਟੂਣੇ ਡਿੱਗਣ, ਖੂਨ ਦੇ ਛਿੱਟੇ ਪੈਣ ਅਤੇ ਵਾਲ ਕੱਟਣ ਦੀਆ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਸਨ।

ਸਮੱਸਿਆ ਕੀ ਸੀ? : ਘਰ ਵਿੱਚ ਵੱਡਾ ਲੜਕਾ ਵਿਆਹਿਆ ਹੋਇਆ ਸੀ ਜੋ ਸਰਕਾਰੀ ਨੌਕਰੀ ਕਰਦਾ ਸੀ। ਛੋਟਾ ਵੀ ਵਿਆਹਿਆ ਸੀ ਪਰ ਕਿਸੇ ਕਾਰਨ ਇਸਦਾ ਤਲਾਕ ਹੋ ਗਿਆ ਸੀ। ਵੱਡੀ ਨੂੰਹ ਦੀ ਛੋਟੀ ਭੈਣ ਕਿਸੇ ਯੂਰਪੀਨ ਦੇਸ਼ ਵਿੱਚ ਸਟੱਡੀ ਬੇਸ ਤੇ ਪੱਕੀ ਰਹਿੰਦੀ ਸੀ। ਇਸ ਪ੍ਰਕਾਰ ਦੀ ਇੱਛਾ ਸੀ ਕਿ ਵੱਡੀ ਨੂੰਹ ਕਾਂਤਾ ਆਪਣੀ ਭੈਣ ਦਾ ਰਿਸ਼ਤਾ ਆਪਣੇ ਦਿਉਰ ਨੂੰ ਕਰਾਵੇ ਪਰ ਕਾਂਤਾ ਅਤੇ ਉਸਦੇ ਮਾਂ ਪਿਉ ਇਸ ਰਿਸ਼ਤੇ ਲਈ ਰਾਜੀ ਨਹੀਂ ਸਨ। ਜਿਸ ਕਰਕੇ ਘਰ ਵਿੱਚ ਕਾਟੋ-ਕਲੇਸ਼ ਰਹਿਣ ਲੱਗ ਪਿਆ। ਦੁਆਬੇ ਦੇ ਖੇਤਰ ਵਿੱਚ ਬਾਹਰਲੇ ਦੇਸ਼ਾਂ ਨੂੰ ਜਾਣ ਦੀ ਦੌੜ ਬਾਕੀ ਪੰਜਾਬ ਨਾਲੋਂ ਕੁਝ ਜਿਆਦਾ ਹੀ ਹੈ। ਹੁਣ ਛੋਟਾ ਲੜਕਾ ਕੋਈ ਕੰਮ ਵੀ ਨਹੀਂ ਕਰਦਾ ਸੀ। ਉਮਰ ਵਿੱਚ ਵੀ ਕਾਂਤਾ ਦੀ ਭੈਣ ਨਾਲੋਂ 15 ਸਾਲ ਵੱਡਾ ਸੀ। ਘਰ ਦੇ ਇਸ ਕਾਟੋ ਕਲੇਸ਼ ਨੇ ਘਰ ਵਿੱਚ ਕੱਪੜੇ ਕੱਟਣ, ਕੱਪੜਿਆਂ ਨੂੰ ਅੱਗਾਂ ਲੱਗਣ ਆਦਿ ਦੀਆਂ ਘਟਨਾਵਾਂ ਨੂੰ ਜਨਮ ਦਿੱਤਾ। ਇੰਨ੍ਹਾਂ ਘਟਨਾਵਾਂ ਦੇ ਕਾਰਨ ਜਾਨਣ ਦੀ ਬਜਾਏ ਪੂਰੇ

ਪ੍ਰਵਾਰ ਦੀ ਜਮਾਤਾਂ ਪਾਸ ਕਰਨ ਦੀ ਪੜ੍ਹਾਈ ਉਨ੍ਹਾਂ ਨੂੰ ਜਟਾਧਾਰੀ ਬਾਬਿਆਂ ਦੇ ਡੇਰਿਆਂ ਤੱਕ ਲੈ ਗਈ। ਜਿਨ੍ਹਾਂ ਬਾਬਿਆਂ ਨੇ ਪ੍ਰਵਾਰ ਦੀ ਆਰਥਿਕ ਲੁੱਟ ਤਾਂ ਕੀਤੀ। ਨਾਲ ਹੀ ਘਰ ਵਿੱਚ ਦਹਿਸ਼ਤ ਪਾ ਦਿੱਤੀ ਕਿ ਜੇਕਰ ਡੇਰੇ ਨਾ ਆਏ ਤਾਂ ਘਰ ਤਬਾਹ ਹੋ ਜਾਵੇਗਾ।

ਹੱਲ : ਤਰਕਸ਼ੀਲ ਸੁਸਾਇਟੀ ਦੀ ਵਿਗਿਆਨਕ ਵਿਧੀ ਅਨੁਸਾਰ ਪ੍ਰਵਾਰਕ ਮੈਂਬਰਾਂ ਦੀ ਪੁੱਛ ਗਿੱਛ ਤੋਂ ਬਾਅਦ ਘਟਨਾਵਾਂ ਲਈ ਜਿੰਮੇਵਾਰ ਮੈਂਬਰ ਨੂੰ ਵਿਸ਼ਵਾਸ ਵਿੱਚ ਲਿਆ। ਉਸ ਦੀ ਸਮੱਸਿਆ ਨੂੰ ਬਾਕੀ ਪ੍ਰਵਾਰ ਅਤੇ ਪ੍ਰਵਾਰ ਦੇ ਮੁਖੀ ਨਾਲ ਸਾਂਝਾ ਕੀਤਾ। ਸਮੁੱਚੇ ਪ੍ਰਵਾਰ ਨੂੰ ਘਰ ਵਿੱਚ ਆਪਣਾ ਵਿਵਹਾਰ ਇੱਕ ਦੂਜੇ ਨਾਲ ਹਮਦਰਦੀ ਵਾਲਾ ਅਪਣਾਉਣ ਲਈ ਕਿਹਾ ਗਿਆ। ਕਿਸੇ ਤੇ ਦੋਸ਼ ਦੇਣ ਦੀ ਬਜਾਏ ਆਪਣੀਆਂ ਕਮੀਆਂ ਨੂੰ ਦੂਰ ਕਰਨ ਦੀ ਸਲਾਹ ਦਿੱਤੀ। ਪ੍ਰਵਾਰ ਦੇ ਹਰ ਮਸਲੇ ਨੂੰ ਤਰਕ ਸੰਗਤ ਤਰੀਕੇ ਨਾਲ ਹੱਲ ਕਰਨ ਅਤੇ ਇੱਕ ਦੂਜੇ ਨਾਲ ਸਾਂਝਾ ਕਰਨ ਦੀ ਰਾਏ ਦਿੱਤੀ। ਜਦੋਂ ਪ੍ਰਵਾਰ ਦਾ ਮਾਹੌਲ ਬਦਲ ਗਿਆ, ਘਟਨਾਵਾਂ ਬੰਦ ਹੋ ਗਈਆਂ। ਘਰ ਵਿੱਚ ਪੈਦਾ ਹੋਇਆ ਤਣਾਅ ਖਤਮ ਹੋ ਗਿਆ। ਫਿਰ ਕੁੱਝ ਮਹੀਨਿਆਂ ਬਾਅਦ ਪ੍ਰਵਾਰ ਵੱਲੋਂ 'ਭੂਤ' ਬਣਾਏ ਮੈਂਬਰ ਦਾ ਸਾਨੂੰ ਫੋਨ ਆਇਆ ਕਿ ਤੁਹਾਡਾ ਬਹੁਤ ਧੰਨਵਾਦ। ਤੁਸੀਂ ਮੇਰੀ ਜ਼ਿੰਦਗੀ ਬਚਾਅ ਲਈ ਹੈ। ਕੇਸ ਹੱਲ ਕਰਨ ਵਾਲੀ ਟੀਮ ਵਿੱਚ ਮੇਰੇ ਤੋਂ ਬਿਨਾ ਜਸਵਿੰਦਰ ਪਟਵਾਰੀ, ਹੈਡਮਾਸਟਰ ਗਿਆਨ ਚੰਦ ਅਤੇ ਚਰਨਦਾਸ ਵੀ ਸਨ। ਕੇਸ ਤਾਂ ਭਾਵੇਂ ਇਹ ਹੱਲ ਹੋ ਗਿਆ। ਪਰ ਇਸ ਤਰ੍ਹਾਂ ਦੇ ਕੇਸਾਂ ਦਾ ਵਰਤਾਰਾ ਉਦੋਂ ਤੱਕ ਖਤਮ ਨਹੀਂ ਹੋਵੇਗਾ ਜਦੋਂ ਤੱਕ ਅੰਧ ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦੀ ਜੰਮਣ-ਭੋਇੰ ਇਹ ਸਮਾਜਿਕ-ਤਾਣਾ ਬਾਣਾ ਅਧਾਰ ਰੂਪ ਵਿੱਚ ਤਬਦੀਲ ਨਹੀਂ ਕੀਤਾ ਜਾਂਦਾ। ਇਸ ਨੂੰ ਬਦਲਣ ਲਈ ਸਾਨੂੰ ਵਿਗਿਆਨਕ ਦ੍ਰਿਸ਼ਟੀਕੋਣ ਹਰ ਮਸਲੇ ਦੇ ਹੱਲ ਕਰਨ ਲਈ ਅਪਣਾਉਣਾ ਚਾਹੀਦਾ ਹੈ ਤਾਂ ਸਭ ਕਿਸਮ ਦੇ ਮਸਲਿਆਂ ਦੀ ਤਹਿ ਵਿੱਚ ਜਾ ਕੇ ਕੱਢਿਆ ਹੱਲ ਹੀ ਸਥਾਈ ਹੱਲ ਹੋ ਸਕੇਗਾ। ਆਉ ਤਰਕਮਈ ਜੀਵਨ ਜਾਂਚ ਨੂੰ ਅਪਣਾਈਏ ਅਤੇ ਵਹਿਮਾਂ ਭਰਮਾਂ ਨੂੰ ਦਫਨਾਈਏ।

99159-60380

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸਬੰਧੀ ਅਪੀਲ

ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਵੱਲੋਂ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ । ਇਹ ਹਾਲ 300 ਕੁਰਸੀਆਂ ਦਾ ਹੋਵੇਗਾ । ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ । ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ-ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ । ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾ ਰਹੀ ਹੈ । ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰਬਰ 0044000100282234, ਪੰਜਾਬ ਨੈਸ਼ਨਲ ਬੈਂਕ ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫੋਨ 'ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ ।

ਵੱਲੋਂ : ਸੂਬਾ ਕਮੇਟੀ

ਪੰਨਾ 42 ਦਾ ਬਾਕੀ ਹੋਇਆ। ਇਸ ਸਬੰਧੀ ਹੇਮ ਰਾਜ ਸਟੈਨੋ ਨੇ ਸੰਖੇਪ ਤੇ ਭਾਵਪੂਰਨ ਪਰਚਾ ਪੜਿਆ ਜਿਸਤੇ ਡੈਲੀਗੇਟਾਂ ਨੇ ਚਰਚਾ ਕੀਤੀ। ਡੈਲੀਗੇਟ ਇਜਲਾਸ ਦਾ ਚੋਣ ਦਾ ਮਹੱਤਵਪੂਰਨ ਸੈਸ਼ਨ ਜਸਵਿੰਦਰ ਪਟਵਾਰੀ, ਜਸਵੰਤ ਜੀਰਖ, ਹੇਮ ਰਾਜ ਸਟੈਨੋ ਤੇ ਆਧਾਰਿਤ ਪ੍ਰਧਾਨਗੀ ਮੰਡਲ ਦੀ ਦੇਖ਼ ਰੇਖ ਹੋਇਆ। ਇਸ ਸੈਸ਼ਨ ਦਾ ਮੰਚ ਸੰਚਾਲਨ ਹਰਿੰਦਰ ਲਾਲੀ ਨੇ ਕੀਤਾ। ਚੋਣ ਸੈਸ਼ਨ ਦੌਰਾਨ ਰਜਿੰਦਰ ਭਦੌੜ ਨੂੰ ਜਥੇਬੰਦਕ ਮੁਖੀ, ਸੁਖਦੇਵ ਫਗਵਾੜਾ ਨੂੰ ਸੱਭਿਆਚਾਰਕ ਵਿਭਾਗ ਦਾ ਮੁਖੀ, ਵਿੱਤ ਵਿਭਾਗ ਮੁਖੀ ਲਈ ਹੇਮ ਰਾਜ ਸਟੈਨੋ, ਮੀਡੀਆ ਵਿਭਾਗ ਮੁਖੀ ਲਈ ਰਾਮ ਸਵਰਨ ਲੱਖੇਵਾਲੀ, ਸਾਹਿਤ ਵਿਭਾਗ ਮੁਖੀ ਲਈ ਭੂਰਾ ਸਿੰਘ ਮਹਿਮਾ ਸਰਜਾ, ਮੈਗਜ਼ੀਨ ਵਿਭਾਗ ਮੁਖੀ ਲਈ ਬਲਵੀਰ ਲੌਂਗੋਵਾਲ, ਪ੍ਰਕਾਸ਼ਨ ਵਿਭਾਗ ਮੁਖੀ ਲਈ ਸੁਖਵਿੰਦਰ ਬਾਗਪੁਰ, ਕੌਮੀ ਤੇ ਕੌਮਾਂਤਰੀ ਵਿਭਾਗ ਮੁਖੀ ਲਈ ਬਲਵਿੰਦਰ ਬਰਨਾਲਾ, ਮਾਨਸਿਕ ਸਿਹਤ ਵਿਭਾਗ ਮੁਖੀ ਲਈ ਚੰਨਣ ਵਾਂਦਰ ਅਤੇ ਕਾਨੂੰਨ ਵਿਭਾਗ ਦੇ ਮੁਖੀ ਵਜੋਂ ਐਡਵੋਕੇਟ ਹਰਿੰਦਰ ਲਾਲੀ ਦੀ ਚੋਣ ਕੀਤੀ ਗਈ।


- ਰਾਮ ਸਵਰਨ ਲੱਖੇਵਾਲੀ, ਸੂਬਾਈ ਮੀਡੀਆ ਇੰਚਾਰਜ

ਪਿਛਲੇ ਅੰਕ ਤੋਂ ਅੱਗੇ

ਲੜੀਵਾਰ ਪੁਸਤਕ

ਭੱਜੋ ਨਾ, ਦੁਨੀਆਂ ਨੂੰ ਬਦਲੋ

ਰਾਹੁਲ ਸਾਂਕ੍ਰਿਤਆਇਨ



ਦੁਖਰਾਮ – ਦੇਵਫੋਫੀ-ਸਮਾਜ ਕੀ ਐ ਭਰਾ?

ਸੰਤੋਖੀ – ਓਏ ਸਖੀ ਸਮਾਜ ਦੀ ਤਰ੍ਹਾਂ ਕੋਈ ਹੋਊਗਾ?

ਦੁਖਰਾਮ – ਇਹ ਸਖੀ ਸਮਾਜ ਕੀ ਐ ਸੰਤੋਖੀ ਭਰਾ?

ਸੰਤੋਖੀ – ਓਏ ਤੂੰ ਤਾਂ ਪਿੰਡ ਤੋਂ ਬਾਹਰ ਕਿਤੇ ਜਾਂਦਾ ਨੀਂ।

ਦੁਖਰਾਮ – ਉਹ ਵੀ ਇਕ ਵਾਰ ਕਲਕੱਤੇ ਗਿਆ ਸੀ, ਸਾਲ ਭਰ ਪਟਸਨ ਦੇ ਕਾਰਖਾਨੇ ਵਿੱਚ ਕੰਮ ਕੀਤਾ, ਬੀਮਾਰ ਹੋ ਕੇ ਘਰ ਆ ਗਿਆ, ਬਚਣ ਦੀ ਉਮੀਦ ਨੀਂ ਸੀ। ਹੁਣ ਇੱਥੇ ਪੁਰਖਿਆਂ ਦੇ ਪਿੰਡ ਵਿੱਚ ਦਹੀਂ ਰਿੜ੍ਹਕ ਰਿੜ੍ਹਕ ਚਾਹੇ ਅੱਧਾ ਢਿੱਡ ਭਰੇ, ਚਾਹੇ ਭੁੱਖੇ ਰਹੀਏ।

ਸੰਤੋਖੀ – ਅਯੋਧਿਆ ਵਿੱਚ ਇੱਕ ਵਾਰ ਅਸੀਂ ਗਏ ਸੀ, ਸਾਡੇ ਬਨਾਰਸ ਦੇ ਰਿਸ਼ਤੇਦਾਰ ਸੀ, ਮਹਾਤਮਾ ਦੇ ਦਰਸ਼ਨ ਕਰਾਉਣ ਨੂੰ ਲੈ-ਗੇ। ਪਰ ਮਹਾਤਮਾ ਨੂੰ ਦੇਖ ਕੇ ਦੇਹ ਵਿੱਚ ਅੱਗ ਲੱਗ ਗਈ। ਔਰਤਾਂ ਦੀ ਤਰ੍ਹਾਂ ਸਿੰਗਾਰ ਕਰਕੇ ਬੈਠੇ ਸੀ। ਅੱਖਾਂ ਵਿੱਚ ਮੋਟਾ ਮੋਟਾ ਕਾਜਲ, ਸਿਰ ਤੇ ਟਿੱਕਾ, ਮਟਕ ਮਟਕ ਚਲਨਾ, ਮਿੱਠਾ ਮਿੱਠਾ ਬੋਲਣਾ। ਮੈਂ ਉਹਨਾਂ ਤੋਂ ਪੁੱਛਿਆ, ਇਹ ਮਹਾਤਮਾ ਕਿਥੇ ਐ? ਉਹਨਾਂ ਨੇ ਮੇਰਾ ਹੱਥ ਫੜ ਕੇ ਕੰਨ ਵਿੱਚ ਕਿਹਾ, ਚੁਪ, ਇਹੀ ਤਾਂ ਮਹਾਤਮਾ। ਪਿੱਛੋ. ਦੱਸਿਆ ਕਿ ਇਹ ਮਹਾਤਮਾ ਰਾਮ ਜੀ ਨੂੰ ਮਿਲ ਚੁੱਕੇ ਨੇ। ਰਾਮ ਜੀ ਰੋਜ ਇਹਨਾਂ ਕੋਲ ਆਉਂਦੇ ਨੇ।

ਦੁਖਰਾਮ – ਧੱਤ ਤੇਰੇ ਦੀ! ਮੈਂ ਹੁੰਦਾ ਤਾਂ ਸੰਤੋਖੀ ਭਰਾ। ਤਾਂ ਕੁਝ ਜਰੂਰ ਬੋਲ ਬੈਠਦਾ।

ਸੰਤੋਖੀ – ਗੁੱਸਾ ਤਾਂ ਮੈਨੂੰ ਵੀ ਆ ਰਿਹਾ ਸੀ, ਕੀ ਕਰਦਾ ਰਿਸ਼ਤੇਦਾਰ ਦਾ ਖਿਆਲ ਕਰਕੇ ਚੁਪ ਈ ਰਿਹਾ। ਇਹ ਲੋਕ ਆਪਣੇ ਆਪ ਨੂੰ ਸਖੀ ਕਹਿੰਦੇ ਨੇ।

ਦੁਖਰਾਮ – ਤਾਂ ਇਹ ਐ ਸਖੀ ਸਮਾਜ, ਤੇ ਦੇਵਫੋਫੀ-ਸਮਾਜ ਵੀ ਇਸੇ ਤਰ੍ਹਾਂ ਦਾ ਈ ਕੋਈ ਐ ਭਰਾ?

ਭਰਾ – ਕੁੱਝ ਫਰਕ ਐ, ਸਖੀ ਸਮਾਜ ਕਾਲੇ ਲੋਕਾਂ ਦੀ ਕਰਤੂਤ ਐ ਤੇ ਦੇਵਫੋਫੀ ਸਮਾਜ ਗੋਰੇ ਲੋਕਾਂ ਦੀ।

ਸੰਤੋਖੀ – ਕਿਰਿਸਤਾਨ ਦਾ ਧਰਮ ਤਾਂ ਨੀ ਐ?

ਭਰਾ – ਨਹੀਂ ਸੰਤੋਖੀ ਭਰਾ! ਉਹ ਸਤਨਾਜਾ ਐ ਸਤਨਾਜਾ। ਕੁੱਝ ਹਿੰਦੂ ਧਰਮ ਤੋਂ ਲਿਆ, ਕੁਝ ਕਿਰਿਸਤਾਨ ਤੋਂ ਲਿਆ, ਕੁਝ ਮੁਸਲਮਾਨ ਤੋਂ ਲਿਆ। ਪਰ ਇੰਨ੍ਹਾਂ ਈ ਰਹਿੰਦਾ ਤਾਂ ਕੰਮ ਚੱਲ ਜਾਂਦਾ।

ਸੰਤੋਖੀ – ਫੇਰ ਤਿੰਨਜਾ ਹੀ ਨਾ ਰਹਿ ਜਾਂਦਾ। ਸਤਨਾਜਾ ਕਿਵੇਂ ਬਣਿਆ ਭਰਾ?

ਭਰਾ – ਓਏ ਇਹਨਾਂ ਨੇ ਤੰਤਰ ਮੰਤਰ, ਭੂਤ-ਪਰੇਤ, ਚੁੜੇਲ-ਡਾਇਨ ਸਭ ਮਿਲਾ ਕੇ ਬਹੁਤ ਵੱਡਾ ਧਰਮ ਖੜ੍ਹਾ ਕਰ ਦਿੱਤਾ।

ਦੁਖਰਾਮ – ਬਹੁਤ ਵੱਡਾ ਧਰਮ, ਉਹ ਤਾਂ ਤਾੜ ਤੋਂ ਵੀ ਵੱਡਾ ਧਰਮ ਹੋਊਂ। ਤੇ ਪੜ੍ਹੇ ਲਿਖੇ ਲੋਕ ਇਹ ਤੰਤਰ-ਮੰਤਰ, ਭੂਤ ਪਰੇਤ ਵਾਲੀ ਗੱਲ ਮੰਨਦੇ ਐਂ?

ਸੰਤੋਖੀ – ਦੇਵਫੋਫੀ ਸੁਣਿਆ ਨੀਂ, ਦੇਵਤਾ ਲੋਕਾਂ ਨਾਲ ਗੱਲ ਕਰਨੀ ਦੀ ਫੋਫੀ ਐ, ਇਸੇ ਲਈ ਭਰਾ! ਨਾਂ ਦੇਵਫੋਫੀ ਪਿਆ ਐ?

ਭਰਾ – ਨਾ ਤਾਂ ਉਹ ਲੋਕ ਥੇਓਸੋਫੀ ਕਹਿੰਦੇ ਨੇ, ਪਰ ਮਤਲਬ ਉਹੀ ਦੇਵ-ਫੋਫੀਕਾ।

ਸੰਤੋਖੀ – ਦੇਵਫੋਫੀ ਦਾ ਵੀ ਆਪਣਾ ਸਕੂਲ ਐ ਭਰਾ?

ਭਰਾ – ਦੇਵਫੋਫੀ ਦੇ ਸਕੂਲ ਵਿੱਚ ਮਾਮੂਲੀ ਘਰਾਂ ਦੇ ਮੁੰਡੇ ਥੋੜ੍ਹਾ ਈ ਪੜ੍ਹ ਸਕਦੇ ਐਂ, ਵੱਡੇ ਘਰਾਂ ਦੇ ਮੁੰਡੇ ਜਾਂਦੇ ਐਂ। ਸਰਦੀ-ਗਰਮੀ, ਮੀਂਹ ਹਨੇਰੀ ਤੋਂ ਬਚਾ ਕੇ ਉਹਨਾਂ ਨੂੰ ਰੱਖਿਆ ਜਾਂਦਾ।

ਦੁਖਰਾਮ – ਫੇਰ ਤਾਂ ਇਹ ਈ ਹਵਾ ਦੇ ਝੋਂਕੇ ਵਿੱਚ ਮੁਰਝਾ ਜਾਣਗੇ।

ਭਰਾ – ਮੁਰਝਾ ਤਾਂ ਜਾਂਦੇ ਈ ਨੇ। ਹਾਕਿਮ ਦੇ ਮੁੰਡੇ ਹੋਏ ਤਾਂ ਹਾਕਮ ਵੀ ਤਾਂ ਹਜਾਰਾਂ ਨੇ ਤੇ ਸਾਰਿਆਂ ਦੇ ਘਰਾਂ ਵਿੱਚ ਦੋ-ਦੋ ਚਾਰ-ਚਾਰ ਮੁੰਡੇ। ਐਮ.ਏ., ਬੀ.ਏ. ਤਾਂ

ਕਿਸੇ ਤਰ੍ਹਾਂ ਲੜ ਝਗੜ ਕੇ, ਖੁਸ਼ਾਮਦ ਕਰਕੇ ਕਰਾ ਲਏ ਜਾਂਦੇ ਐ, ਪਰ ਸਾਰਿਆਂ ਨੂੰ ਨੌਕਰੀਆਂ ਕਿੱਥੋਂ ਮਿਲਣ?

ਸੰਤੋਖੀ – ਫੇਰ ਬੈਠੇ-ਬੈਠੇ ਮੱਖੀਆਂ ਮਾਰਦੇ ਹੋਣਗੇ।

ਭਰਾ – ਮੱਖੀਆਂ ਮਾਰਨੀਆਂ ਵੀ ਤਾਂ ਉਹਨਾਂ ਨੇ ਨਹੀਂ ਸਿੱਖੀਆਂ। ਰਾਜਕੁਮਾਰਾਂ ਦੀ ਤਰ੍ਹਾਂ ਪਾਲੇ ਪੋਸੇ ਗਏ, ਮਿਜਾਜ ਆਸਮਾਨ ਤੇ ਐ। ਪੜ੍ਹ ਲਿਖ ਕੇ ਤਿਆਰ ਹੋਏ, ਤੇ ਵੱਡੀ ਨੌਕਰੀ ਮਿਲੀ ਨਹੀਂ।

ਸੰਤੋਖੀ – ਤਾਂ ਲੱਗਦੈ ਕਿ ਸਾਰੀਆਂ ਥਾਵਾਂ ਤੇ ਇਹੀ ਹਾਲ ਐ।

ਦੁਖਰਾਮ – ਆਪਾਂ ਤਾ ਆਪਣਾ ਈ ਦੁੱਖ ਦੇਖ ਕੇ ਦੁਨੀਆਂ ਨੂੰ ਬਦਤਰ ਕਹਿੰਦੇ ਸੀ।

ਭਰਾ – ਨਹੀਂ ਦੁਖੀ ਭਰਾ। ਇਹ ਅੱਗ ਤਾਂ ਘਰ ਘਰ ਬਲ ਰਹੀ ਐ, ਕਿਸੇ ਦਾ ਘਰ ਅੱਜ ਤੱਕ ਬਚਿਆ ਤਾਂ ਕੱਲ ਨਹੀਂ ਬਚ ਸਕਦਾ।

ਦੁਖਰਾਮ – ਕਲਕੱਤੇ ਵਿੱਚ ਸੁਣਿਆ ਸੀ ਕਿ ਟੋਪ ਪੋਟ ਸਾਰੇ ਇੱਕ ਜਾਤੀ ਹੁੰਦੇ ਐ।

ਭਰਾ – ਵਿਲਾਇਤ ਵਿੱਚ ਰਾਜੇ ਦਾ ਖ਼ੂਨ ਦੂਜਾ ਹੁੰਦਾ ਤੇ ਪਰਜਾ ਦਾ ਦੂਜਾ।

ਦੁਖਰਾਮ – ਤਾਂ ਰਾਜੇ ਦਾ ਖ਼ੂਨ ਲਾਲ ਨਹੀਂ, ਸੁਨਹਿਰੇ ਰੰਗ ਦਾ ਹੁੰਦਾ?

ਭਰਾ – ਖ਼ੂਨ ਤਾਂ ਸਾਰਿਆਂ ਦਾ ਲਾਲ ਈ ਹੁੰਦਾ ਪਰ ਕੋਈ ਸਮਝਦਾ ਹੈ ਸਾਨੂੰ ਅਖੌਤੀ ਭਗਵਾਨ ਨੇ ਸੱਜੇ ਹੱਥ ਨਾਲ ਬਣਾਇਆ ਤੇ ਦੂਜਿਆਂ ਨੂੰ ਖੱਬੇ ਹੱਥ ਨਾਲ।ਉਹ ਇਸੇ ਭਰਮ ਵਿੱਚ ਜਿਉਂਦੇ ਨੇ।

ਸੰਤੋਖੀ – ਤਾਂ ਸਾਹਬ ਲੋਕਾਂ ਵਿੱਚ ਵੀ ਬੇਵਕੂਫਾਂ ਦੀ ਘਾਟ ਨੀਂ?

ਭਰਾ – ਚਲਾਕਾਂ ਦੀ ਘਾਟ ਨਹੀਂ ਕਹਿ, ਇਹ ਗੱਲ ਮੈਂ ਫੇਰ ਦੱਸੂਗਾ। ਜਿਵੇਂ ਆਪਣੇ ਘਰ-ਘਰ ਵਿੱਚ ਬਦਤਰ ਹਾਲਤ ਹੈ, ਉਵੇਂ ਈ ਵਿਲਾਇਤ ਵਿੱਚ ਵੀ ਐ।

ਸੰਤੋਖੀ – ਸੁਣਦੇ ਆਂ ਕਿ ਅਰਬਾਂ ਰੁਪਈਆਂ ਹਰ ਸਾਲ ਹਿੰਦੁਸਤਾਨ ਤੋਂ ਦੂਰ ਵਿਲਾਇਤ ਜਾਂਦਾ ਸੀ, ਫੇਰ ਉੱਥੋਂ ਦੇ ਲੋਕ ਤਕਲੀਫ ਵਿੱਚ ਕਿਉਂ?

ਭਰਾ – ਉਹ ਸਾਰੇ ਰੁਪਏ ਵਿਲਾਇਤ ਦੇ ਚਾਰ ਕਰੋੜ ਆਦਮੀਆਂ ਵਿੱਚ ਨਹੀਂ ਵੰਡੇ ਜਾਂਦੇ। ਉੱਥੇ ਪੰਜ-ਛੇ ਸੌ ਪਰਿਵਾਰ ਜੋ ਕਰੋੜਪਤੀ, ਅਰਬਪਤੀ ਐਂ। ਤਲਾ-ਛੱਪੜ, ਨਦੀ-ਨਾਲੇ, ਸਾਰਿਆਂ ਦਾ ਪਾਣੀ ਬਹਿ ਕੇ ਸਮੁੰਦਰ ਵਿੱਚ ਜਾਂਦੈ, ਉਵੇਂ ਈ ਦੁਨੀਆਂ ਦੇ ਬਹੁਤ ਸਾਰੇ ਹਿੱਸਿਆਂ ਦਾ ਤੇ ਹਿੰਦੁਸਤਾਨ ਦਾ ਵੀ ਧਨ ਪੰਜ ਛੇ ਸੌ ਪਰਿਵਾਰਾਂ ਕੋਲ ਜਾਂਦਾ। ਵਿਲਾਇਤ ਵਿੱਚ ਤਾਂ ਗਰੀਬੀ ਹੋਰ ਅਸਹਿ ਹੋ ਜਾਂਦੀ ਐ। 1930-31 ਵਿੱਚ ਤੀਹ-ਤੀਹ, ਚਾਲੀ-ਚਾਲੀ ਲੱਖ ਆਦਮੀ ਬੇਰੋਜਗਾਰ ਹੋ ਗਏ ਸੀ, ਪੰਜ ਦਸ ਲੱਖ ਆਦਮੀ ਤਾਂ ਉਥੇ ਲਗਾਤਾਰ ਈ ਬੇਰੋਜਗਾਰ ਰਹਿੰਦੇ ਨੇ। ਉੱਥੇ ਬੇਰੋਜਗਾਰ ਰਹਿਣ ਦਾ ਮਤਲਬ ਹੋਰ ਵੀ ਦੁਖੀ। ਬਾਹਰ ਆਉਣ ਤੇ ਜਿੱਥੇ ਇੱਕ ਪਿਆਲੀ ਚਾਹ ਤੇ ਇੱਕ ਟੁਕੜਾ ਰੋਟੀ ਮਿਲਦੀ ਐ, ਉਥੇ ਰਿਸ਼ਤੇਦਾਰ ਵੀ ਕਿਵੇਂ ਕਿਸੇ ਦੀ ਖਾਤਰ ਕਰ ਸਕਦੇ ਐਂ। ਲੋਕ ਬੁਰੀ ਤਰ੍ਹਾਂ ਮਰਦੇ ਐਂ।

ਦੁਖਰਾਮ – ਜਿਵੇਂ ਬੰਗਾਲ ਵਿੱਚ ਸੱਠ ਲੱਖ ਆਦਮੀ ਮਰ ਗਏ।

ਭਰਾ – ਨਹੀਂ, ਉਵੇਂ ਹੁੰਦਾ ਤਾਂ ਦੂਜੇ ਦਿਨ ਉਹਨਾਂ ਛੇ ਸੌ ਪਰਿਵਾਰਾਂ ਦੇ ਮਹਿਲਾਂ-ਦਰਬਾਰਾਂ ਨੂੰ ਲੋਕ ਜਮੀਨ ਤੋਂ ਪੱਟ ਸੁੱਟਦੇ। ਇੱਕ ਦੋ ਕਰਕੇ ਹਜਾਰਾਂ ਆਦਮੀ ਮਰਦੇ ਐ। ਕੋਈ ਰੇਲ ਦੇ ਥੱਲੇ ਆ ਕੇ ਮਰਦਾ, ਕੋਈ ਗੈਸ ਪਾਈਪ ਖੋਲ ਕੇ ਨੱਕ ਨਾਲ ਲਾ ਕੇ ਮਰਦਾ, ਕੋਈ ਟੇਂਸ ਨਦੀ ਜਾਂ ਸਮੁੰਦਰ ਵਿੱਚ ਛਾਲ ਮਾਰ ਕੇ ਮਰਦਾ। ਛੇ ਸੌ ਪਰਿਵਾਰ ਤੇ ਉਹਨਾਂ ਦੇ ਸਾਥੀ ਸੰਗੀ ਘਬਰਾ ਕੇ ਖੈਰਾਤ ਵੰਡਣ ਲਗਦੇ ਨੇ।

ਦੁਖਰਾਮ – ਖੈਰਾਤ ਖਾ ਕੇ ਜਿਉਣਾ ਤਾਂ ਹੋਰ ਵੀ ਬੁਰੀ ਗੱਲ ਐ।

ਭਰਾ – ਬੁਰਾ ਐ, ਉਹ ਵੀ ਬਦਤਰ ਜੀਵਨ ਐ।

ਦੁਖਰਾਮ – ਤਾਂ ਮੈਂ ਠੀਕ ਕਿਹਾ ਨਾ ਦੁਨੀਆ ਬਦਤਰ ਐ?

ਭਰਾ – ਬਦਤਰ ਐ ਪਰ ਬਣਾਉਣ ਨਾਲ ਬਦਤਰ ਬਣੀ ਐ।

(ਚਲਦਾ)

ਅਨੁਵਾਦਕ : ਰਵਿੰਦਰ ਰਾਹੀ ਜੈਤੋਂ

? ਦਸ ਸਵਾਲ ?

ਕਾਲਮ "ਦਸ ਸਵਾਲ" ਨੂੰ ਬੱਚਿਆਂ ਦਾ ਵਧੀਆ ਹੁੰਗਾਰਾ ਮਿਲਿਆ ਹੈ।ਜਿਨ੍ਹਾਂ ਬੱਚਿਆਂ ਨੇ ਇਸ ਕਾਲਮ ਵਿੱਚ ਹਿੱਸਾ ਲਿਆ ਅਤੇ ਜਿਹੜੇ ਅਧਿਆਪਕ-ਪਾਠਕਾਂ ਨੇ ਵਿਦਿਆਰਥੀਆਂ ਨੂੰ ਇਸ ਕਾਲਮ ਵਿੱਚ ਹਿੱਸਾ ਲੈਣ ਲਈ ਪ੍ਰੇਰਿਆ, ਅਦਾਰਾ ਤਰਕਸ਼ੀਲ ਉਨ੍ਹਾਂ ਦਾ ਧੰਨਵਾਦੀ ਹੈ। ਅਧਿਆਪਕ-ਪਾਠਕ ਹੋਰ ਬੱਚਿਆਂ ਨੂੰ ਇਸ ਮੁਕਾਬਲੇ ਵਿੱਚ ਭਾਗ ਲੈਣ ਲਈ ਪ੍ਰੇਰਤ ਕਰਦੇ ਰਹਿਣਗੇ, ਇਸਦੀ ਸਾਨੂੰ ਆਸ ਹੈ।

ਮਾਰਚ-ਅਪ੍ਰੈਲ ਅੰਕ ਵਿੱਚ ਪੁੱਛੇ ਗਏ ਸੁਆਲਾਂ ਦੇ ਸਬੰਧ ਵਿੱਚ ਜਿਨ੍ਹਾਂ ਬੱਚਿਆਂ ਦੇ ਉੱਤਰ ਸਾਨੂੰ ਪ੍ਰਾਪਤ ਹੋਏ ਉਨ੍ਹਾਂ ਵਿਚੋਂ ਸਾਰੇ ਉੱਤਰ ਤਾਂ ਕਿਸੇ ਵੀ ਬੱਚੇ ਦੇ ਸਹੀ ਨਹੀਂ ਸਨ। ਅਸੀਂ ਇਕ ਵਾਰ ਫੇਰ ਦੱਸ ਦੇਈਏ ਕਿ ਬੱਚੇ ਆਪਣੇ ਉੱਤਰ ਲੱਭਣ ਲਈ ਦਸਵੀਂ ਤੱਕ ਦੀਆਂ ਕਿਤਾਬਾਂ, ਇੰਟਰਨੈੱਟ ਅਤੇ ਅਧਿਆਪਕਾਂ ਦੀ ਸਹਾਇਤਾ ਲੈ ਸਕਦੇ ਹਨ।

ਅਸੀਂ ਏਥੇ 6 ਤੋਂ ਵੱਧ ਠੀਕ ਉੱਤਰ ਦੇਣ ਵਾਲੇ ਵਿਦਿਆਰਥੀਆਂ ਦੇ ਨਾਮ ਛਾਪ ਰਹੇ ਹਾਂ। ਪਹਿਲੇ ਚਾਰ ਬੱਚਿਆਂ ਨੂੰ ਕਿਤਾਬਾਂ ਦੇ ਰੂਪ ਵਿੱਚ ਢੁਕਵੇਂ ਇਨਾਮ ਡਾਕ ਰਾਹੀਂ ਭੇਜ ਦਿੱਤੇ ਜਾਣਗੇ।

1. ਪੁਨੀਤ ਕੌਰ, ਨੌਵੀਂ, ਸ਼ਿਵਾਲਿਕ ਪਬਲਿਕ ਸਕੂਲ, ਮੋਹਾਲੀ
2. ਰਵਿੰਦਰ ਸਿੰਘ, ਨੌਵੀਂ, ਸ.ਸ.ਸ.ਸਕੂਲ, ਅਮਰਾਲਾ, ਫਤਿਹਗੜ੍ਹ ਸਾਹਿਬ
3. ਦਮਨਜੋਤ ਸਿੰਘ, ਦਸਵੀਂ, ਕੈਂਟਲ ਪਬਲਿਕ ਸਕੂਲ, ਪਟਿਆਲਾ
4. ਮੁਸਕਾਨ, ਸ.ਹਾਈ ਸਕੂਲ, ਬੂੜੇਵਾਲਾ, ਕਪੂਰਥਲਾ
5. ਪਰਦੀਪ ਕੌਰ, ਨੌਵੀਂ, ਸ.ਸ.ਸ.ਸਕੂਲ, ਅਮਰਾਲਾ, ਫਤਿਹਗੜ੍ਹ ਸਾਹਿਬ
6. ਸਿਮਰਨਜੀਤ ਕੌਰ, ਬਾਰ੍ਹਵੀਂ, ਸ. ਮਾਡਲ ਸ.ਸ. ਸਕੂਲ, ਖਰੜ
7. ਕਿਰਨਜੀਤ ਕੌਰ, ਬਾਰ੍ਹਵੀਂ, ਸ. ਮਾਡਲ ਸ.ਸ.ਸਕੂਲ, ਖਰੜ
8. ਰਵੀ, ਗਿਆਰਵੀਂ, ਡੀ. ਏ. ਵੀ. ਪਬਲਿਕ ਸਕੂਲ, ਪਟਿਆਲਾ
9. ਅਕਰਮ ਖਾਨ, ਸ. ਸ. ਸ. ਸਕੂਲ, ਰੂੜੇ ਕੇ ਕਲਾਂ, ਬਰਨਾਲਾ

ਪਿਛਲੇ ਅੰਕ ਦੇ ਸੁਆਲਾਂ ਦੇ ਠੀਕ ਉੱਤਰ ਇਹ ਹਨ-

1. ਪਦਾਰਥ ਦਾ ਚੌਥਾ ਰੂਪ ਹੈ- ਪਲਾਜ਼ਮਾ।
2. ਭਾਰ ਦੀ ਇਕਾਈ ਨਿਊਟਨ ਹੁੰਦੀ ਹੈ।ਬਹੁਤ ਸਾਰੇ ਬੱਚਿਆਂ ਨੇ ਉੱਤਰ ਕਿਲੋਗ੍ਰਾਮ ਦਿੱਤਾ ਹੈ, ਪਰ ਕਿਲੋਗ੍ਰਾਮ ਭਾਰ ਦੀ ਨਹੀਂ ਸਗੋਂ ਪੁੰਜ (Mass) ਦੀ ਇਕਾਈ ਹੁੰਦੀ ਹੈ।
3. ਚੰਦਰਮਾ ਉੱਪਰ ਕਿਸੇ ਵਿਅਕਤੀ ਦਾ ਭਾਰ ਧਰਤੀ ਉਪਰਲੇ ਉਸਦੇ ਭਾਰ ਨਾਲੋਂ 6 ਗੁਣਾ ਘੱਟ ਹੋਵੇਗਾ।
4. ਸੂਰਜ ਗ੍ਰਹਿਣ ਸਮੇਂ ਸੂਰਜ ਵਿਚੋਂ ਖਾਸ ਤਰ੍ਹਾਂ ਦੀਆਂ ਕਿਰਣਾਂ ਨਹੀਂ ਨਿੱਕਲਦੀਆਂ ਹਨ ਜੋ ਸਿਹਤ ਲਈ ਨੁਕਸਾਨਦਾਇਕ ਹੋਣ।
5. ਹੁਣ ਤੱਕ 118 ਤੱਤ ਲੱਭੇ ਜਾ ਚੁੱਕੇ ਹਨ।
6. ਲੇਖ "ਮੈਂ ਨਾਸਤਿਕ ਕਿਉਂ ਹਾਂ?" ਸ਼. ਭਗਤ ਸਿੰਘ ਦੀ ਰਚਨਾ ਹੈ।
7. ਤਾਰਿਆਂ ਤੇ ਗ੍ਰਹਿਆਂ ਬਾਰੇ ਜਾਨਣ ਲਈ ਪਹਿਲੀ ਵਾਰ ਦੂਰਬੀਨ ਦੀ ਵਰਤੋਂ ਗੈਲੀਲੀਓ ਗੈਲੀਲੀ ਨੇ ਕੀਤੀ।
8. ਤਸਲੀਮਾ ਨਸਰੀਨ ਦੇ ਨਾਵਲ "ਲੱਜਾ" ਤੇ ਪਬੰਦੀ ਲਾਈ ਗਈ ਸੀ।
9. ਧਰਤੀ ਦਾ ਪੁੰਜ 6.0×10^{24} ਕਿਲੋਗ੍ਰਾਮ ਹੈ। ਇਹ 1798 ਈ. ਵਿੱਚ ਹੈਨਰੀ ਕਵੈਂਡਿਸ਼ ਨੇ ਮਾਪਿਆ ਸੀ।
10. ਦਿੱਤਾ ਗਿਆ ਚਿੱਤਰ ਸੈਂਟਰਲ ਅਸੰਬਲੀ ਹਾਲ ਦਿੱਲੀ ਦਾ ਹੈ। ਜਿਥੇ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਨੁਕਸਾਨ-ਰਹਿਤ ਬੰਬ ਸੁੱਟਿਆ ਸੀ।

ਅਗਲੇ ਦਸ ਸੁਆਲ


ਜੁਆਬ ਭੇਜਣ ਦਾ ਪਤਾ ਬਦਲ ਗਿਆ ਹੈ। ਜੁਆਬ ਤੁਸੀਂ ਕਿਸੇ ਵੀ ਸਧਾਰਣ ਪੋਸਟ ਕਾਰਡ ਜਾਂ ਲਿਫਾਫੇ ਰਾਹੀਂ ਭੇਜ ਸਕਦੇ

ਹੋ।ਇਨ੍ਹਾਂ ਸੁਆਲਾਂ ਦੇ ਉਤਰ 31 ਮਈ ਤਕ ਹੇਠ ਲਿਖੇ ਪਤੇ ਤੇ ਪਹੁੰਚ ਜਾਣੇ ਚਾਹੀਦੇ ਹਨ-

ਜਸਵੰਤ ਸਿੰਘ, ਮਕਾਨ ਨੰਬਰ-ਐਚ.ਐਲ.107, ਫੇਜ਼-1, ਮੋਹਾਲੀ


1. ਇਕ ਮਹਾਨ ਵਿਗਿਆਨੀ ਨੂੰ ਬ੍ਰਹਿਮੰਡ ਬਾਰੇ ਧਾਰਮਿਕ ਮਾਨਤਾਵਾਂ ਦਾ ਵਿਰੋਧ ਕਰਨ ਦੇ ਇਲਜ਼ਾਮ ਵਿਚ ਜਿਉਂਦਾ ਸਾੜ ਦਿੱਤਾ ਗਿਆ ਸੀ।ਉਸ ਵਿਗਿਆਨੀ ਦਾ ਨਾਂ ਕੀ ਸੀ?
2 .ਪੋਲੀਓ ਵੈਕਸੀਨੀਸ਼ਨ ਦੀ ਕਾਢ ਕਿਸ ਵਿਗਿਆਨੀ ਨੇ ਕੱਢੀ?
3 .ਹਿੰਦੀ ਦੀ ਮਸ਼ਹੂਰ ਕਿਤਾਬ "ਵੋਲਗਾ ਸੇ ਗੰਗਾ" ਕਿਸ ਦੀ ਰਚਨਾ ਹੈ?
4. ਲੋਕਤੰਤਰ ਨੂੰ "ਲੋਕਾਂ ਲਈ, ਲੋਕਾਂ ਦੁਆਰਾ ਅਤੇ ਲੋਕਾਂ ਦੀ ਸਰਕਾਰ" ਦੇ ਤੌਰ ਤੇ ਕਿਸਨੇ ਪ੍ਰੀਭਾਸ਼ਤ ਕੀਤਾ?
5. DNA ਦਾ ਪੂਰਾ ਨਾਮ ਕੀ ਬਣਦਾ ਹੈ?
6 ਰਸੋਈ ਗੈਸ (LPG) ਦੀ ਕੋਈ ਗੰਧ ਨਹੀਂ ਹੁੰਦੀ।ਇਸਦੇ ਰਿਸਣ ਦਾ ਪਤਾ ਲਗਾ ਸਕਣ ਲਈ ਇਸ ਵਿਚ ਇਕ ਹੋਰ ਗੈਸ ਮਿਲਾ ਦਿੱਤੀ ਜਾਂਦੀ ਹੈ।ਉਸ ਗੈਸ ਦਾ ਨਾਂ ਕੀ ਹੈ?
7. ਪ੍ਰਮਾਣੂ ਦਾ ਅਰਧ ਵਿਆਸ ਕਿੰਨਾ ਹੈ?
8. ਪੌਦਿਆਂ ਦੇ ਪੱਤਿਆਂ ਦਾ ਹਰਾ ਰੰਗ ਕਿਸ ਪਦਾਰਥ ਕਾਰਣ ਹੁੰਦਾ ਹੈ?
9. ਧਰਤੀ ਦੀ ਸੂਰਜ ਦੁਆਲੇ ਘੁੰਮਣ ਦੀ ਗਤੀ ਦੀ ਔਸਤ ਦਰ ਕੀ ਹੈ?
10.  ਇਹ ਤਸਵੀਰ ਕਿਸ ਮਹਾਨ ਸ਼ਖਸ਼ੀਅਤ ਦੀ ਹੈ?

ਜਦੋਂ ਸਰੋਂ ਦੀਆਂ ਭਰੀਆਂ 'ਚੋਂ ਪ੍ਰੇਤ ਫੜਿਆਂ



ਸਾਡੇ ਸਮਾਜ ਵਿੱਚ ਹਰ ਰੋਜ ਕੁੱਝ ਐਸੀਆਂ ਘਟਨਾਵਾਂ ਵਾਪਰਦੀਆਂ ਹਨ, ਜਿੰਨ੍ਹਾ ਪਿੱਛੇ ਛੁੱਪੇ ਵਿਗਿਆਨਕ ਕਾਰਨ ਦੀ ਪੜਤਾਲ ਕਰਨ ਦੀ ਬਜਾਏ ਲੋਕ ਇਸਨੂੰ ਕਿਸੇ ਕਰਾਮਤ ਜਾਂ ਜਿੰਨ ਪ੍ਰੇਤ ਨਾਲ ਜੋੜ ਕੇ ਵੇਖਣ ਲੱਗਦੇ ਹਨ। ਕੁੱਝ ਐਸੀ ਘਟਨਾ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਛਾਜਲੀ ਦੇ ਧਿਆਨ ਵਿੱਚ ਲਿਆਂਦੀ ਗਈ। ਘਰ ਵਾਲਿਆਂ ਨੇ ਨਾਮ ਨਾ ਛਾਪਣ ਦੀ ਬੇਨਤੀ ਕੀਤੀ ਹੈ। ਪਰਿਵਾਰ ਦੇ ਘਰ ਦੇ ਦੋ ਹਿੱਸੇ ਹਨ ਇੱਕ ਵਿੱਚ ਪਰਿਵਾਰ ਰਹਿੰਦਾ ਹੈ ਅਤੇ ਇੱਕ ਹਿੱਸੇ ਵਿੱਚ ਸਰੋਂ ਦੀਆਂ ਭਰੀਆਂ ਪਈਆਂ ਹਨ। ਵਿਹੜੇ 'ਚ ਡੰਗਰ ਬੰਨੇ ਹੁੰਦੇ ਹਨ। ਸਰੋਂ ਦੇ ਕੋਲ ਹੀ ਵਰਾਂਡੇ ਵਿੱਚ ਨੌਕਰ ਸੁੱਤਾ ਪਿਆ ਸੀ, ਅਚਾਨਕ ਸਰੋਂ ਦੀਆਂ ਭਰੀਆਂ ਕਦੇ ਉੱਪਰ ਉੱਠ ਜਾਂਦੀਆਂ ਅਤੇ ਕਦੇ ਹੇਠ ਆ ਜਾਂਦੀਆਂ ਸਨ, ਖੜ੍ਹਕਾ ਸੁਣ ਕੇ ਨੌਕਰ ਦੀ ਜਾਗ ਖੁੱਲ ਗਈ ਜਦੋਂ ਉਸਨੇ ਵਰਤਾਰਾ ਦੇਖਿਆ ਤਾਂ ਉਹ ਇੰਨਾਂ ਡਰ ਗਿਆ ਕਿ ਉਸ ਦੀ ਅਵਾਜ ਹੀ ਬੰਦ ਹੋ ਗਈ ਤਾਂ ਕਿਸੇ ਹੀਲੇ ਉਸ ਨੇ ਕੰਧ ਟੱਪ ਕੇ ਮਾਲਕਾਂ ਨੂੰ ਜਗਾਇਆ, ਜਦੋਂ ਮਾਲਕਾਂ ਨੇ ਸਾਰਾ ਕੁਝ ਦੇਖਿਆ ਤਾਂ ਉਹ ਵੀ ਸਹਿਮ ਗਏ। ਰਾਤ ਦਾ ਇੱਕ ਵਜਿਆ ਹੋਇਆ ਸੀ ਤਾਂ ਉਨ੍ਹਾਂ ਬਰਨਾਲਾ ਜੋਨ ਦੇ ਮਾਨਸਿਕ ਸਿਹਤ ਚੇਤਨਾ ਵਿਭਾਗ ਦੇ ਮੁਖੀ ਗੁਰਦੇਵ ਛਾਜਲੀ ਨੂੰ ਫੋਨ ਕਰਕੇ ਬੁਲਾ ਲਿਆ, ਜਦੋਂ ਪੜਤਾਲ ਕੀਤੀ ਤਾਂ ਗੱਲ ਕੁੱਝ ਇਸ ਤਰ੍ਹਾਂ ਦੀ ਨਿਕਲੀ ਕਿ ਵਿਹੜੇ ਵਿੱਚ ਮੱਝ ਖੁੱਲ੍ਹ ਕੇ ਸਰੋਂ ਦੀਆਂ ਭਰੀਆਂ ਨਾਲ ਖਹਿਣ ਲੱਗ ਪਈ, ਜਿਸ ਰੱਸੀ ਨਾਲ ਸਰੋਂ ਦੀਆਂ ਭਰੀਆਂ ਬੰਨੀਆਂ ਹੋਈਆਂ ਸਨ, ਉਹ ਮੱਝ ਦੇ ਕੁੰਢੇ ਸਿੰਗਾਂ ਵਿੱਚ ਫਸ ਗਈ, ਸਰੋਂ ਦੀਆਂ ਭਰੀਆਂ ਗਿੱਲੀਆਂ ਸਨ ਅਤੇ ਰੱਸੀ ਨਵੀਂ ਸੀ-ਮੱਝ ਘਬਰਾ ਗਈ ਜਿਸ ਕਰਕੇ ਮੱਝ ਛੇਤੀ ਛੇਤੀ ਸਿਰ ਹੇਠਾ ਉੱਪਰ ਕਰਨ ਲੱਗੀ। ਜਿਸ ਕਰਕੇ ਸਿੰਗਾਂ ਵਿੱਚ ਭਰੀਆਂ ਵਾਲੀ ਰੱਸੀ ਫਸੀ ਹੋਣ ਕਰਕੇ ਭਰੀਆਂ ਜਦੋਂ ਮੱਝ ਸਿਰ ਉੱਪਰ ਮਾਰਦੀ ਤਾਂ ਉੱਪਰ ਜਾਂਦੀਆਂ ਜਦੋਂ ਹੇਠ ਕਰਦੀ ਤਾਂ ਹੇਠ ਆ ਜਾਂਦੀਆਂ, ਰੱਸੀ ਨਾ ਟੁੱਟਣ ਕਰਕੇ ਇਹ ਵਰਤਾਰਾ ਕਾਫੀ ਦੇਰ ਚਲਦਾ ਰਿਹਾ।

ਘਟਨਾ ਤੋਂ ਜਾਣੂ ਕਰਾਉਂਦਿਆਂ ਗੁਰਸੇਵ ਛਾਜਲੀ ਨੇ ਪਰਿਵਾਰ ਨੂੰ ਦੱਸਿਆ ਕਿ ਜਿੰਨ-ਪ੍ਰੇਤ ਸਿਰਫ ਵਹਿਮ ਹਨ ਇਸ ਤੋਂ ਵੱਧ ਹੋਰ ਕੁੱਝ ਨਹੀਂ। ਇਸ ਤਰ੍ਹਾਂ ਤਰਕਸ਼ੀਲਾਂ ਨੇ ਇੱਕ ਹੋਰ ਪਰਿਵਾਰ ਅੰਧ ਵਿਸ਼ਵਾਸਾਂ ਦੇ ਹਨੇਰੇ ਵਿੱਚ ਜਾਣ ਤੋਂ ਬਚਾ ਲਿਆ। **ਗੁਰਸੇਵ ਛਾਜਲੀ, ਸੁਭਾਸ਼ ਕੁਮਾਰ, ਇਕਾਈ ਛਾਜਲੀ**



ਮੈਂ ਕਿਉਂ ਛੱਡਿਆ ਇਸਲਾਮ-ਵਾਲਿਦ ਹੁਸੈਨ

ਜਸਵੰਤ ਮੋਹਾਲੀ

"ਤਕਰੀਬਨ 20 ਹਜ਼ਾਰ ਲੋਕ ਦੁਨੀਆਂ ਵਿੱਚ ਹਰ ਰੋਜ਼ ਕੈਂਸਰ ਨਾਲ ਮਰਦੇ ਹਨ। ਜੇਕਰ ਇਹ ਸਾਰੇ ਲੋਕ ਕੈਂਸਰ ਦੇ ਖਾਤਮੇ ਲਈ ਲੱਖਾਂ ਵਾਰ ਰੱਬ ਅੱਗੇ ਦੁਆਵਾਂ ਕਰਨ ਤਾਂ ਤਕਰੀਬਨ 20 ਹਜ਼ਾਰ ਲੋਕ ਹੀ ਪ੍ਰਤੀਦਿਨ ਮਰਨੇ ਜਾਰੀ ਰਹਿਣਗੇ।"

"ਅਸੀਂ ਸਾਰੇ ਨਾਸਤਿਕ ਹੀ ਪੈਦਾ ਹੋਏ ਸਾਂ ਅਤੇ ਉਦੋਂ ਤੱਕ ਨਾਸਤਿਕ ਹੀ ਰਹੇ ਜਦੋਂ ਤੱਕ ਕਿਸੇ ਨੇ ਸਾਡੇ ਨਾਲ ਝੂਠ ਬੋਲਣਾ ਸ਼ੁਰੂ ਨਹੀਂ ਕਰ ਦਿੱਤਾ।"

ਉਪਰੋਕਤ ਵਿਚਾਰ ਫੇਸਬੁੱਕ ਤੋਂ ਲਏ ਹਨ। "I am proud to be an Atheist" ਨਾਂ ਦੇ ਅਕਾਊਂਟ ਤੋਂ। ਇਸਨੂੰ ਵਾਲਿਦ ਅਲ ਹੁਸੈਨ ਨਾਂ ਦਾ ਇੱਕ ਪੱਚੀ ਸਾਲਾ ਨੌਜੁਆਨ ਚਲਾ ਰਿਹਾ ਹੈ। ਉਸਨੇ ਇਕ ਬਲੌਗ 'ਨੂਰ-ਅਲ-ਅਕੀਲ' (Enlightment of Reason) ਵੀ ਅਰਬੀ ਭਾਸ਼ਾ ਵਿੱਚ ਸ਼ੁਰੂ ਕੀਤਾ। ਬਾਅਦ ਵਿੱਚ ਇਸਨੂੰ ਅੰਗਰੇਜੀ ਵਿੱਚ ਕਰ ਦਿੱਤਾ Proud Atheist। 2010 ਵਿੱਚ ਉਸਨੂੰ ਇਸਲਾਮ ਵਿਰੁੱਧ ਪ੍ਰਚਾਰ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। ਉਸਦੀ ਗ੍ਰਿਫਤਾਰੀ ਨੇ ਅੰਤਰਰਾਸ਼ਟਰੀ ਪੱਧਰ ਤੇ ਲੋਕਾਂ ਦਾ ਧਿਆਨ ਖਿੱਚਿਆ। 'ਦ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਫਲਸਤੀਨ ਵਿੱਚ ਧਰਮ ਵਿਰੁੱਧ ਲਿਖਣਾ ਗੈਰ ਕਾਨੂੰਨੀ ਮੰਨਿਆ ਜਾਂਦਾ ਹੈ। ਇਹ ਗ੍ਰਿਫਤਾਰੀ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਦਾ ਹੱਕ ਖੋਹਣ ਦੇ ਸਮਾਨ ਹੈ।

ਵਾਲਿਦ ਹੁਸੈਨ ਫਸਲਤੀਨ ਦੇ ਪੱਛਮੀ ਤੱਟ ਦੇ ਸ਼ਹਿਰ ਕਲਕਿਲਆ ਦਾ ਵਾਸੀ ਹੈ। ਕੰਪਿਊਟਰ ਸਾਇੰਸ ਦੀ ਪੜ੍ਹਾਈ ਕਰਕੇ ਉਹ ਕੁੱਝ ਚਿਰ ਬੇਰੁਜ਼ਗਾਰ ਰਿਹਾ। ਫੇਰ ਉਸਨੇ ਆਪਣੇ ਪਿਤਾ ਦੀ ਹਜ਼ਾਮਤ ਦੀ ਛੋਟੀ ਜਿਹੀ ਦੁਕਾਨ ਤੇ ਕੁੱਝ ਘੰਟੇ ਬੈਠਣਾ ਸ਼ੁਰੂ ਕੀਤਾ। ਉਹ ਸਾਧਾਰਨ ਨੌਜੁਆਨ ਸੀ ਜੋ ਹਰ ਸ਼ੁੱਕਰਵਾਰ ਨਮਾਜ਼ ਅਦਾ ਕਰਨ ਮਸਜਿਦ ਜਾਂਦਾ।

ਉਹ ਕਾਫੀ ਸਾਰਾ ਸਮਾਂ ਇੰਟਰਨੈੱਟ ਤੇ ਬਿਤਾਉਂਦਾ। ਜਦੋਂ ਉਸਦੀ ਮਾਂ ਨੂੰ ਉਸਦੇ ਨਾਸਤਿਕ ਵਿਚਾਰਾਂ ਦਾ ਪਤਾ ਲੱਗਿਆ ਤਾਂ ਉਸਦਾ ਇੰਟਰਨੈੱਟ ਕਨੈਕਸ਼ਨ ਕਟਾ ਦਿੱਤਾ। ਉਸਨੇ ਇੰਟਰਨੈੱਟ ਕੈਫੇ ਜਾਣਾ ਸ਼ੁਰੂ ਕਰ ਦਿੱਤਾ। ਉਹ ਆਪਣੇ ਬਲੌਗ ਤੇ ਲਿਖੇ ਲੇਖ 'ਮੈਂ ਕਿਉਂ ਛੱਡਿਆ ਇਸਲਾਮ' ਵਿੱਚ ਲਿਖਦਾ ਹੈ, "ਜੋ ਇਸਲਾਮ ਨੂੰ ਛੱਡ ਦਿੰਦਾ ਹੈ ਮੁਸਲਮਾਨ ਉਸਨੂੰ ਪੱਛਮੀ ਦੇਸ਼ਾਂ ਦਾ ਜਸੂਸ ਸਮਝ ਲੈਂਦੇ ਹਨ। ਉਹ ਇਹ ਨਹੀਂ ਸਮਝਦੇ ਕਿ ਇਨਸਾਨ ਆਪਣੀ ਮਰਜ਼ੀ ਨਾਲ ਸੋਚਣ ਲਈ ਆਜ਼ਾਦ ਹਨ। ਇਸਦਾ ਮਤਲਬ ਇਹ ਵੀ ਨਹੀਂ ਕਿ ਮੈਂ ਇਸਾਈਆਂ ਜਾਂ ਯਹੂਦੀਆਂ ਨੂੰ ਮੁਸਲਮਾਨਾਂ ਤੋਂ ਬਿਹਤਰ ਸਮਝਦਾ ਹਾਂ। ਸਾਰੇ ਧਰਮ ਬੇਸਮਝੀ ਦਾ ਢੇਰ ਹਨ ਅਤੇ ਉਨ੍ਹਾਂ ਦਾ ਮੂਰਖਤਾ ਵਿੱਚ ਇਕ ਦੂਜੇ ਤੋਂ ਅੱਗੇ ਲੰਘਣ ਦਾ ਮੁਕਾਬਲਾ ਹੈ।" ਉਸਨੇ ਇਸਲਾਮ ਨੂੰ ਸਹਿਣਸ਼ੀਲਤਾ, ਬਰਾਬਰੀ ਤੇ ਸਮਾਜਿਕ ਨਿਆਂ ਵਾਲਾ ਧਰਮ ਮੰਨਣ ਤੋਂ ਇਨਕਾਰ ਕਰ ਦਿੱਤਾ। ਉਹ ਲਿਖਦਾ ਹੈ, "ਇਸਲਾਮ ਵਿੱਚ ਮਹਾਂਵਾਰੀ ਦੇ ਦਿਨਾਂ ਵਿੱਚ ਔਰਤ ਨੂੰ ਅਪਵਿੱਤਰ ਸਮਝਿਆ ਜਾਂਦਾ ਹੈ। ਮਰਦਾਂ ਦੇ ਮੁਕਾਬਲੇ ਉਸਦੀ ਗਵਾਹੀ ਅੱਧੀ ਗਿਣੀ ਜਾਂਦੀ ਹੈ। ਔਰਤ ਨੂੰ ਠੀਕ ਕਰਨ ਲਈ ਮਰਦ ਉਸਨੂੰ ਕੁੱਟਣ ਦਾ ਹੱਕ ਰੱਖਦਾ ਹੈ। ਮੈਂ ਤੁਹਾਨੂੰ ਇਸ ਬਾਰੇ ਗੋਸ਼ਟੀ ਰਚਾਉਣ ਦਾ ਖੁੱਲ੍ਹਾ ਸੱਦਾ ਦਿੰਦਾ ਹਾਂ। ....ਮੈਂ ਇਸਲਾਮ ਕਿਉਂ ਛੱਡਿਆ, ਇਸ ਬਾਰੇ ਪੂਰਾ ਖੁਲਾਸਾ ਤਾਂ ਕਿਸੇ ਪੂਰੀ ਕਿਤਾਬ ਵਿੱਚ ਹੀ ਆ ਸਕਦਾ ਹੈ ਪਰ ਫਿਲਹਾਲ ਮੈਂ ਉਹ ਮਹੱਤਵਪੂਰਣ ਨੁਕਤੇ ਤੁਹਾਡੇ ਨਾਲ ਸਾਂਝੇ ਕੀਤੇ ਹਨ ਜਿੰਨ੍ਹਾਂ ਨੇ ਮੈਨੂੰ ਇਸਲਾਮ ਦੇ ਖੋਖਲੇ ਵਿਸ਼ਵਾਸ਼ਾਂ ਬਾਰੇ ਦੁਬਾਰਾ ਸੋਚਣ ਲਾਇਆ। ਬਾਕੀ ਧਰਮਾਂ ਵਾਂਗ ਹੀ ਇਹ ਖੋਖਲੇ ਵਿਸ਼ਵਾਸ਼ ਸਿਰਫ ਸਿਆਸਤਦਾਨਾਂ ਦੀ ਹੀ ਸੇਵਾ ਕਰ ਰਹੇ ਹਨ।" ਆਪਣੇ ਬਲੌਗ ਤੇ ਪਾਏ ਅਜਿਹੇ ਵਿਚਾਰਾਂ ਕਰਕੇ ਉਸਨੂੰ ਗੁੱਸੇ ਭਰੇ ਕੁਮੈਂਟ ਤੇ ਮਾਰ ਦੇਣ ਦੀਆਂ ਧਮਕੀਆਂ

ਮਿਲੀਆਂ। ਉਸਦੇ ਅਰਬੀ ਭਾਸ਼ਾ ਵਿੱਚ ਸ਼ੁਰੂ ਕੀਤੇ ਬਲੌਗ ਨੂੰ ਖੋਲ੍ਹਣ ਤੇ ਵਾਚਣ ਵਾਲਿਆਂ ਦੀ ਗਿਣਤੀ 70 ਹਜ਼ਾਰ ਤੋਂ ਵੱਧ ਹੈ।

ਹੁਸੈਨ ਜਿਸ ਇੰਟਰਨੈੱਟ ਕੈਫੇ ਵਿੱਚ ਬੈਠ ਕੇ ਕੰਮ ਕਰਦਾ ਸੀ, ਉਸਦੇ ਮਾਲਿਕ ਅਹਿਮਦ ਅਬੂ ਅਸਾਬ ਨੇ ਨਿਊਯਾਰਕ ਟਾਈਮਜ਼ ਨਾਲ ਬੜੀ ਦਿਲਚਸਪ ਗੱਲਬਾਤ ਕੀਤੀ। "ਸ਼ੁਰੂ ਵਿੱਚ ਮੈਨੂੰ ਲੱਗਿਆ ਕਿ ਉਹ ਅਸ਼ਲੀਲ ਸਾਈਟਸ ਦੇਖਦਾ ਹੋਵੇਗਾ ਜਾਂ ਕੁੜੀਆਂ ਨਾਲ ਚੈਟਿੰਗ ਕਰਦਾ ਹੋਏਗਾ। ਇਹ ਆਮ ਗੱਲ ਸੀ ਤੇ ਮੈਨੂੰ ਇਸ ਨਾਲ ਕੋਈ ਮਤਲਬ ਨਹੀਂ ਸੀ। ... ਪਰ ਫਿਰ ਮੈਨੂੰ ਉਸਦੀਆਂ ਹਰਕਤਾਂ ਤੇ ਸ਼ੱਕ ਹੋ ਗਿਆ। ਉਹ ਇੱਕ ਕੋਨੇ ਵਿੱਚ ਬੜੇ ਗੁਪਤ ਢੰਗ ਨਾਲ ਬੈਠਦਾ। ...ਇੱਕ ਸਾਫਟਵੇਅਰ ਦੀ ਮਦਦ ਨਾਲ ਮੈਨੂੰ ਉਸਦੇ ਕੰਮ ਦਾ ਪਤਾ ਲੱਗਿਆ।"

ਫਲਸਤੀਨ ਅਥਾਰਿਟੀ ਨੇ ਉਸਦੀ ਸੂਹ ਰੱਖਣੀ ਸ਼ੁਰੂ ਕਰ ਦਿੱਤੀ। 31 ਅਕਤੂਬਰ 2010 ਨੂੰ ਉਸਨੂੰ ਇੱਕ ਕੈਫੇ ਵਿੱਚ ਬੈਠੇ ਨੂੰ ਗ੍ਰਿਫਤਾਰ ਕਰ ਲਿਆ। ਫਲਸਤੀਨ ਵਿੱਚ ਮਨੁੱਖੀ ਅਧਿਕਾਰਾਂ ਦੇ ਆਗੂ ਮੁਤਾਬਕ ਉਸਤੇ ਸ਼ਾਇਦ ਧਰਮ ਦੀ ਬਦਨਾਮੀ ਕਰਨ ਦਾ ਮੁਕੱਦਮਾ ਚਲਾਇਆ ਜਾਏਗਾ। "ਹਿਊਮਨ ਰਾਈਟਸ ਵਾਚ" ਨੇ ਉਸਨੂੰ ਬਿਨਾਂ ਕਾਰਣ ਦੱਸੇ 72 ਘੰਟੇ ਤੋਂ ਵੱਧ ਜੇਲ੍ਹ ਵਿੱਚ ਰੱਖਣ ਦੀ ਆਲੋਚਨਾ ਕੀਤੀ। ਉੱਧਰ ਫਲਸਤੀਨ ਅਥਾਰਿਟੀ ਦਾ ਕਹਿਣਾ ਹੈ ਕਿ ਉਸਨੂੰ ਉਸਦੀ ਆਪਣੀ ਹੀ ਰੱਖਿਆ ਲਈ ਜੇਲ੍ਹ ਵਿੱਚ ਰੱਖਿਆ ਜਾ ਰਿਹਾ ਹੈ। "ਸਾਨੂੰ ਡਰ ਹੈ ਕਿ ਉਸਨੂੰ ਉਸਦੇ ਘਰ ਵਾਲੇ ਹੀ ਨਾ ਮਾਰ ਦੇਣ।"

ਦੇਸ਼ ਵਿਦੇਸ਼ ਵਿੱਚ ਉਸਦੀ ਰਿਹਾਈ ਲਈ ਯਤਨ ਹੋਏ। ਆਪਣੇ ਵਿਚਾਰ ਰੱਖਣ ਦੇ ਹੱਕ ਦੀ ਆਜ਼ਾਦੀ ਲਈ ਜਾਰਡਨ ਅਧਾਰਤ ਅਰਬੀ ਭਾਸ਼ੀਆਂ ਦੀ ਗੈਰ ਧਾਰਮਿਕ ਕੋਲੀਸ਼ਨ ਨੇ "ਆਨ ਲਾਈਨ ਪਟੀਸ਼ਨ" ਪਾਈ।

ਦਸ ਮਹੀਨੇ ਬਾਅਦ ਉਸਨੂੰ ਜਮਾਨਤ ਤੇ ਰਿਹਾ ਕਰ ਦਿੱਤਾ ਗਿਆ। ਫਲਸਤੀਨ ਅਥਾਰਿਟੀ ਚਾਹੁੰਦੀ ਹੈ ਕਿ ਉਹ ਇੰਟਰਨੈੱਟ ਤੇ ਆਪਣੇ ਵਿਚਾਰ ਪੋਸਟ ਕਰਨਾ ਬੰਦ ਕਰ ਦੇਵੇ। ਉਸਦੀ ਮਾਂ ਚਾਹੁੰਦੀ ਹੈ ਕਿ ਉਸਨੂੰ ਉਮਰ ਕੈਦ ਕੀਤੀ ਜਾਵੇ ਤਾਂ ਕਿ ਉਨ੍ਹਾਂ ਦਾ ਮਾਣ ਬਹਾਲ ਹੋ ਸਕੇ। ਉਸਦੇ ਸ਼ਹਿਰ ਕਲਕਿਲਆ ਵਿਚਲੇ ਕੱਟੜ ਲੋਕ ਵੀ ਉਸ ਨਾਲ ਨਰਾਜ਼ ਹਨ। ਕੁੱਝ ਸਹਿਰੀ ਚਾਹੁੰਦੇ ਹਨ ਕਿ "ਉਸਨੂੰ ਮੌਤ ਦੀ ਅਜਿਹੀ ਸਜ਼ਾ ਦਿੱਤੀ ਜਾਵੇ ਕਿ ਬਾਕੀਆਂ ਨੂੰ ਵੀ ਕੰਨ ਹੋ ਜਾਣ।" ਹੋਰ ਤਾਂ ਹੋਰ ਫਲਸਤੀਨ ਦੇ ਮਨੁੱਖੀ ਅਧਿਕਾਰਾਂ ਦੇ ਰਾਖੇ ਵੀ ਕਹਿ ਰਹੇ ਹਨ ਕਿ ਉਹ ਉਸਦੇ ਅਲੱਗ ਵਿਚਾਰ ਰੱਖਣ ਦੇ ਹੱਕ ਦੀ ਕਦਰ ਕਰਦੇ ਹਨ। "ਪਰ ਉਸਨੂੰ ਥੋੜ੍ਹਾ ਸੰਭਲ ਕੇ ਬੋਲਣਾ ਚਾਹੀਦਾ ਹੈ।"

"ਲਾਸ ਏਂਜਲਸ ਟਾਈਮਜ਼" ਨੇ ਆਪਣੇ ਸੰਪਾਦਕੀ ਵਿੱਚ ਸੁਆਲ ਕੀਤਾ ਹੈ ਕਿ ਨਵੇਂ ਫਲਸਤੀਨ ਅੱਗੇ ਦੋ ਹੀ ਰਾਹ ਹਨ – ਕੀ ਉਸਨੇ ਰੂੜੀਵਾਦੀ ਇਸਲਾਮਿਕ ਕਾਨੂੰਨ ਨੂੰ ਲੈ ਕੇ ਚੱਲਣਾ ਹੈ ਜਾਂ ਖੁੱਲ੍ਹੇ ਲੋਕਤੰਤਰਿਕ ਸਮਾਜ ਦਾ ਰਾਹ ਅਖਤਿਆਰ ਕਰਨਾ ਹੈ? ਉਂਝ ਕੁੱਝ ਲੋਕਾਂ ਦਾ ਮੰਨਣਾ ਹੈ ਕਿ ਫਲਸਤੀਨ ਆਪਣੇ ਖਿੱਤੇ ਦੇ ਹੋਰ ਅਰਬ ਦੇਸ਼ਾਂ ਦੇ ਮੁਕਾਬਲੇ ਵੱਧ ਉਦਾਰ ਹੈ।

ਇੱਕ ਵਿਚਾਰ ਹੈ ਕਿ ਤਰਕਸ਼ੀਲ ਹੋਣਾ ਔਖੀ ਪਰ ਮਾਣ ਵਾਲੀ ਗੱਲ ਹੈ। ਪਰ ਇਸਲਾਮਿਕ ਕੱਟੜਪੰਥੀਆਂ ਵਿੱਚ ਘਿਰੇ ਵਾਲਿਦ ਹੁਸੈਨ ਲਈ ਤਰਕ ਨਾਲ ਸੋਚਣਾ/ਜਿਉਣਾ ਤਾਂ ਅਜੇ ਮੁਸ਼ਕਿਲਾਂ ਭਰਿਆ ਹੈ। ਹਾਲਾਂਕਿ ਉਹ ਸਮਾਜਕ, ਰਾਜਨੀਤਕ ਜਾਂ ਆਰਥਿਕ ਸਮੱਸਿਆਵਾਂ ਦਾ ਗੰਭੀਰ ਚਿੰਤਕ ਨਹੀਂ ਜਾਪਦਾ। ਆਜ਼ਾਦੀ ਨਾਲ ਸੋਚਣ ਤੇ ਜਿਉਣ ਦੇ ਉਸਦੇ ਯਤਨਾਂ ਤੇ ਮਾਣ ਤਾਂ ਸ਼ਾਇਦ ਆਉਣ ਵਾਲੀਆਂ ਪੀੜ੍ਹੀਆਂ ਹੀ ਕਰਨ। ਆਪਣੇ ਵਿਚਾਰਾਂ ਬਾਰੇ ਉਸਦੀ ਦ੍ਰਿੜ੍ਹਤਾ ਇਸ ਵਿਚਾਰ ਤੋਂ ਜਾਹਰ ਹੁੰਦੀ ਹੈ–

"ਪਿਆਰੇ ਧਾਰਮਿਕ ਲੋਕੋ,
ਚਿੰਤਾ ਨਾ ਕਰੋ,
ਨਾਸਤਿਕ ਲੋਕ ਜਦੋਂ ਬਹੁਗਿਣਤੀ ਬਣ ਜਾਣਗੇ
(ਤੇ ਅਜਿਹਾ ਤੁਹਾਡੇ ਸੋਚਣ ਤੋਂ ਵੀ ਜਲਦੀ
ਵਾਪਰਣ ਵਾਲਾ ਹੈ)
ਤਾਂ ਤੁਹਾਡੇ ਨਾਲ ਬਹੁਤ ਚੰਗਾ ਵਿਹਾਰ ਕਰਨਗੇ,
ਤੁਹਾਡੇ ਉਸ ਵਿਹਾਰ ਨਾਲੋਂ
ਜੋ ਤੁਸੀਂ ਉਨ੍ਹਾਂ ਨਾਲ ਇਤਿਹਾਸ ਵਿੱਚ ਕੀਤਾ
ਜਦੋਂ ਤੁਸੀਂ ਬਹੁਗਿਣਤੀ ਵਿੱਚ ਸੀ।"

98555-30721

ਪ੍ਰਛਾਵਿਆਂ ਦੀ ਕਹਾਣੀ

ਹਰਿੰਦਰ ਕੌਰ



ਮਾਰਚ ਅਪ੍ਰੈਲ ਦੇ ਤਰਕਸ਼ੀਲ ਮੈਗਜ਼ੀਨ ਵਿੱਚ ਬੱਚਿਆਂ ਲਈ ਸ਼ੁਰੂ ਕੀਤਾ ਪ੍ਰਸ਼ਨ ਉੱਤਰ ਕਾਲਮ ਵਧੀਆ ਉੱਦਮ ਲੱਗਿਆ। ਪੇਸ਼ੇ ਵਜੋਂ ਵਿਗਿਆਨ ਦੀ ਅਧਿਆਪਕਾ ਹੋਣ ਕਾਰਨ ਮੈਂ ਉਸ ਵਿੱਚੋਂ ਇੱਕ ਸਵਾਲ ਆਪਣੀ ਬਾਰਵੀਂ ਦੀ ਸਾਇੰਸ ਗਰੁੱਪ ਦੀ ਕਲਾਸ ਨੂੰ ਵੀ ਕਰ ਦਿੱਤਾ। ਸਵਾਲ ਸੀ, ਕੀ ਸੂਰਜ ਗ੍ਰਹਿਣ ਵੇਲੇ ਸੂਰਜ ਵਿੱਚੋਂ ਕੋਈ ਹਾਨੀਕਾਰਕ ਕਿਰਣਾਂ ਨਿਕਲਦੀਆਂ ਹਨ ਜਾਂ ਨਹੀਂ? ਜੇਕਰ ਹਾਂ, ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ? ਜੇ ਨਾਂਹ, ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ? ਮੈਂ ਆਪਣੇ ਵੱਲੋਂ ਸਵਾਲ ਵਿੱਚ ਕੁਝ ਰਲੇਵਾਂ ਰਲਾ ਦਿੱਤਾ ਸੀ। ਜੋ ਉੱਤਰ ਮੈਨੂੰ ਕਲਾਸ ਵਿੱਚੋਂ ਪ੍ਰਾਪਤ ਹੋਏ, ਉਹਨਾਂ ਨੇ ਮੈਨੂੰ ਇਹ ਰਚਨਾ ਲਿਖਣ ਲਈ ਮਜ਼ਬੂਰ ਕੀਤਾ ਹੈ। ਮੈਨੂੰ ਮਹਿਸੂਸ ਹੋਇਆ ਕਿ ਜੇਕਰ ਸਾਇੰਸ ਦੇ ਵਿਦਿਆਰਥੀਆਂ ਦੀ 80 ਪ੍ਰਤੀਸ਼ਤ ਕਲਾਸ ਇਹ ਕਹਿ ਰਹੀ ਹੈ ਕਿ ਸੂਰਜ ਵਿੱਚੋਂ ਗ੍ਰਹਿਣ ਸਮੇਂ ਹਾਨੀਕਾਰਕ ਕਿਰਨਾਂ ਨਿਕਲਦੀਆਂ ਹਨ, ਤਾਂ ਇਸ ਪ੍ਰਸ਼ਨ ਦੀ ਵਿਆਖਿਆ ਕਰਨੀ ਬਣਦੀ ਹੈ।

ਸੂਰਜ ਇੱਕ ਆਪਣੇ ਆਪ ਪ੍ਰਕਾਸ਼ ਛੱਡਣ ਵਾਲਾ ਸਰੋਤ ਹੈ। ਇਹ ਹਰ ਸਮੇਂ ਚਾਰੇ ਪਾਸੇ ਨੂੰ ਊਰਜਾ ਛੱਡਦਾ ਰਹਿੰਦਾ ਹੈ। ਕੀ ਆਪਾਂ ਨੂੰ ਪਤਾ ਹੈ ਕਿ ਇਹ ਇੰਨੇ ਸਾਲਾਂ ਤੋਂ ਊਰਜਾ ਕਿਵੇਂ ਛੱਡਦਾ ਹੈ? ਕਿਉਂ ਛੱਡਦਾ ਹੈ? ਕਦੋਂ ਤੱਕ ਛੱਡਦਾ ਰਹੇਗਾ? ਜੋ ਪਾਠਕ ਇਹ ਰਚਨਾ ਪੜ੍ਹ ਰਹੇ ਹਨ, ਉਹਨਾਂ ਵਿੱਚੋਂ 90 ਪ੍ਰਤੀਸ਼ਤ ਤੋਂ ਵੱਧ ਦਸਵੀਂ ਪਾਸ ਹੋਣਗੇ। ਉਨ੍ਹਾਂ ਨੇ ਆਪਣੀ ਦਸਵੀਂ ਤੱਕ ਦੀ ਪੜ੍ਹਾਈ ਦੌਰਾਨ ਵਿਗਿਆਨ ਦੀ ਕਿਤਾਬ ਵਿੱਚੋਂ ਇਹਨਾਂ ਸਾਰੇ ਸਵਾਲਾਂ ਦੇ ਉੱਤਰ ਕੇਵਲ ਪੜ੍ਹੇ ਹੀ ਨਹੀਂ ਹੋਣਗੇ ਸਗੋਂ ਇਹਨਾਂ ਨੂੰ ਯਾਦ ਕਰਕੇ ਉਸ ਵੇਲੇ ਇਮਤਿਹਾਨ ਵਿੱਚੋਂ ਚੰਗੇ ਨੰਬਰ ਵੀ ਲਏ ਹੋਣਗੇ। ਪਰ ਹੁਣ ਤੱਕ ਉਹ ਇਹਨਾਂ ਸਵਾਲਾਂ ਦੇ ਉੱਤਰ ਜਾਂ ਤਾਂ ਪੂਰੇ ਤੌਰ ਤੇ ਜਾਂ ਫਿਰ ਅਧੂਰੇ ਤੌਰ ਤੇ ਭੁੱਲ ਚੁੱਕੇ ਹੋਣਗੇ। ਅਸਲ ਵਿੱਚ ਅਸੀਂ ਇਹ ਭੁੱਲ ਜਾਂਦੇ ਹਾਂ ਕਿ ਜੋ ਗਿਆਨ ਅਸੀਂ ਸਕੂਲੋਂ ਕਾਲਜੋਂ ਲਿਆ ਹੁੰਦਾ ਹੈ, ਉਸਨੂੰ ਜ਼ਿੰਦਗੀ ਦੇ ਇਮਤਿਹਾਨਾਂ ਵਿੱਚ ਵੀ ਵਰਤਨਾ ਹੁੰਦਾ ਹੈ। ਖ਼ੈਰ, ਆਪਾਂ ਫਿਰ ਤੋਂ ਇਹਨਾਂ ਜਵਾਬਾਂ ਨੂੰ ਦੁਹਰਾਵਾਂਗੇ।

ਅਸਲ ਵਿੱਚ ਸੂਰਜ ਵਿੱਚ ਹਾਈਡਰੋਜਨ ਗੈਸ ਦੀ ਬਹੁਤਾਤ ਹੈ। ਲਗਾਤਾਰ ਹਾਈਡਰੋਜਨ ਦੇ ਅਣੂ ਆਪਸ ਵਿੱਚ ਜੁੜ ਕੇ ਹੀਲੀਅਮ ਗੈਸ ਵਿੱਚ ਬਦਲਦੇ ਰਹਿੰਦੇ ਹਨ। ਇਸ ਕਿਰਿਆ ਦੌਰਾਨ ਬਹੁਤ ਮਾਤਰਾ ਵਿੱਚ ਊਰਜਾ ਵੀ ਬਾਹਰ ਨਿਕਲਦੀ ਰਹਿੰਦੀ ਹੈ। ਅਜਿਹੀਆਂ ਕਿਰਿਆਵਾਂ ਨੂੰ ਊਰਜਾ ਉਤਸਰਜਨ (Exo-Energic) ਕਿਰਿਆਵਾਂ ਕਿਹਾ ਜਾਂਦਾ ਹੈ। ਇਹ ਊਰਜਾ ਸੰਸਾਰ ਦੀ ਰੌਸ਼ਨੀ ਅਤੇ ਗਰਮੀ ਦੇ ਰੂਪ ਵਿੱਚ ਸਾਨੂੰ ਧਰਤੀ ਤੱਕ ਮਿਲਦੀ ਹੈ। ਇਹੀ ਵਰਤਾਰਾ ਬਾਕੀ ਤਾਰਿਆਂ ਵਿੱਚ ਵੀ ਲਗਾਤਾਰ ਜਾਰੀ ਰਹਿੰਦਾ ਹੈ, ਜਿਸ ਕਾਰਨ ਤਾਰੇ ਚਮਕਦੇ ਪ੍ਰਤੀਤ ਹੁੰਦੇ ਹਨ। ਬਹੁਤ ਸਾਰੇ ਤਾਰੇ ਸੂਰਜ ਤੋਂ ਵੀ ਵੱਡੇ ਹਨ। ਪ੍ਰੰਤੂ ਸੂਰਜ ਨਾਂ ਦਾ ਤਾਰਾ ਧਰਤੀ ਦੇ ਬਹੁਤ ਨੇੜੇ ਹੋਣ ਕਾਰਨ ਵੱਡਾ ਦਿਖਾਈ ਦਿੰਦਾ ਹੈ। ਜਦੋਂ ਤੱਕ ਸੂਰਜ ਵਿਚਲੀ ਸਾਰੀ ਦੀ ਸਾਰੀ ਹਾਈਡਰੋਜਨ ਗੈਸ ਹੀਲੀਅਮ ਗੈਸ ਵਿੱਚ ਨਹੀਂ ਬਦਲ ਜਾਂਦੀ, ਉਦੋਂ ਤੱਕ ਇਹ ਧਰਤੀ ਨੂੰ ਆਪਣਾ ਨਿੱਘ ਅਤੇ ਰੋਸ਼ਨੀ ਪ੍ਰਦਾਨ ਕਰਦਾ ਰਹੇਗਾ। ਧਰਤੀ ਉੱਪਰਲੇ ਪੌਦੇ ਇਸੇ ਰੌਸ਼ਨੀ ਦੀ ਮਦਦ ਨਾਲ ਵਧਦੇ ਫੁੱਲਦੇ ਹਨ। ਸਾਨੂੰ ਇਹ ਵੀ ਪਤਾ ਹੈ ਕਿ ਮਨੁੱਖ ਦੀਆਂ ਬੁਨਿਆਦੀ ਲੋੜਾਂ ਕੁੱਲੀ, ਗੁੱਲੀ ਅਤੇ ਜੁੱਲੀ ਪੌਦਿਆਂ ਤੋਂ ਹੀ ਪੂਰੀਆਂ ਹੁੰਦੀਆਂ ਹਨ। ਕਹਿਣ ਤੋਂ ਭਾਵ ਧਰਤੀ ਉਪਰਲਾ ਜੀਵਨ ਭਾਵੇਂ ਉਹ ਪੌਦਿਆਂ ਦੇ ਰੂਪ ਵਿੱਚ ਹੋਵੇ ਜਾਂ ਕੀਟ ਪਤੰਗੇ, ਪੰਛੀਆਂ, ਜਾਨਵਰਾਂ ਜਾਂ ਮਨੁੱਖ ਦੇ ਰੂਪ ਵਿੱਚ ਹੋਵੇ, ਅਸਿੱਧੇ ਤੌਰ ਉੱਤੇ ਸੂਰਜ ਵੱਲੋਂ ਮਿਲੀ ਊਰਜਾ ਰੂਪੀ ਬਖਸ਼ਿਸ਼ ਕਾਰਨ ਹੀ ਸੰਭਵ ਹੈ। ਜਦੋਂ ਸੂਰਜ ਵਿੱਚ ਸਾਰੀ ਹਾਈਡਰੋਜਨ ਗੈਸ ਹੀਲੀਅਮ ਗੈਸ ਵਿੱਚ ਬਦਲ ਗਈ ਤਾਂ ਸੂਰਜ ਦੀ ਮੌਤ ਹੋ ਜਾਵੇਗੀ। ਫਿਰ ਧਰਤੀ ਉੱਪਰਲੇ ਜੀਵਨ ਦਾ ਕੀ

ਬਣੇਗਾ? ਸਪੱਸ਼ਟ ਹੈ ਕਿ ਉਹ ਵੀ ਖਤਮ ਹੋ ਜਾਵੇਗਾ।

ਅਸੀਂ ਹਰ ਰੋਜ ਧਰਤੀ ਉੱਤੇ ਪ੍ਰਛਾਵੇਂ ਬਣੇ ਦੇਖਦੇ ਹਾਂ। ਛੋਟੇ ਬੱਚੇ ਅਕਸਰ ਹੀ ਉਂਗਲਾਂ ਜਾਂ ਹੱਥਾਂ ਨਾਲ ਤਰ੍ਹਾਂ ਤਰ੍ਹਾਂ ਦੇ ਪ੍ਰਛਾਵੇਂ ਬਣਾ ਕੇ ਖੇਡਦੇ ਰਹਿੰਦੇ ਹਨ। ਪ੍ਰਛਾਵੇਂ ਬਣਾਉਣ ਲਈ ਤਿੰਨ ਚੀਜਾਂ ਦੀ ਲੋੜ ਹੁੰਦੀ ਹੈ। ਰੋਸ਼ਨੀ ਦਾ ਸਰੋਤ, ਵਸਤੂ ਜਿਸਦਾ ਪ੍ਰਛਾਵਾਂ ਬਣਾਉਣਾ ਹੈ (ਰੁਕਾਵਟ) ਅਤੇ ਕੋਈ ਪਰਦਾ ਜਿਸ ਉੱਤੇ ਪ੍ਰਛਾਵਾਂ ਬਣਾਉਣਾ ਹੈ। ਜਦੋਂ ਅਸੀਂ ਦਿਨ ਵੇਲੇ ਕਿਸੇ ਦਰਖਤ ਦਾ ਧਰਤੀ ਉੱਤੇ ਪਰਛਾਵਾਂ ਬਣਿਆ ਵੇਖਦੇ ਹਾਂ ਤਾਂ ਅਸੀਂ ਕਹਿੰਦੇ ਹਾਂਕਿ ਪ੍ਰਕਾਸ਼ ਦਾ ਸਰੋਤ ਸੂਰਜ ਹੈ, ਰੁਕਾਵਟ ਦਰਖ਼ਤ ਹੈ ਅਤੇ ਧਰਤੀ ਪਰਦੇ ਦਾ ਕੰਮ ਕਰਦੀ ਹੈ। ਪਹਿਲੇ ਸਮਿਆਂ ਵਿੱਚ ਲੋਕ ਪ੍ਰਛਾਵਿਆਂ ਦੇ ਅਕਾਰ ਤੋਂ ਸਮੇਂ ਦਾ ਅੰਦਾਜਾ ਲਗਾ ਲੈਂਦੇ ਸਨ। ਮਈ ਜੂਨ ਦੇ ਮਹੀਨੇ ਜਦੋਂ ਗਰਮੀ ਅੰਤਾਂ ਦੀ ਹੁੰਦੀ ਹੈ, ਅਸੀਂ ਰਸਤੇ ਵਿੱਚ ਪ੍ਰਛਾਵੇਂ ਲੱਭਦੇ ਹਾਂ। ਦੋ ਘੜੀ ਪ੍ਰਛਾਵੇਂ ਥੱਲੇ ਬਹਿ ਕੇ, ਠੰਢਾ ਪਾਣੀ ਪੀ ਕੇ ਸਫ਼ਰ ਸੁਖਾਵਾਂ ਲਗਦਾ ਹੈ। ਛਾਂ ਸਾਨੂੰ ਸਕੂਨ ਦਿੰਦੀ ਹੈ। ਛਾਂ ਥੱਲੇ ਤਾਪਮਾਨ ਥੋੜ੍ਹਾ ਘੱਟ ਜਾਂਦਾ ਹੈ ਕਿਉਂਕਿ ਸੂਰਜ ਦੀ ਰੋਸ਼ਨੀ ਦਰਖਤ ਨੇ ਰੋਕ ਲਈ ਹੁੰਦੀ ਹੈ। ਪ੍ਰਛਾਵੇਂ ਵਿੱਚ ਸੂਰਜ ਦੀ ਰੋਸ਼ਨੀ ਕੁਝ ਘੱਟ ਜਾਂਦੀ ਹੈ। ਜ਼ਰੂਰੀ ਨਹੀਂ ਕਿ ਪ੍ਰਛਾਵੇਂ ਹਮੇਸ਼ਾਂ ਧਰਤੀ ਉੱਤੇ ਹੀ ਬਣ ਸਕਦੇ ਹਨ। ਕੀ ਤੁਸੀਂ ਕਦੀ ਬਹੁਤ ਉੱਚੀ ਉੱਡ ਰਹੀ ਇੱਲ ਦਾ ਪ੍ਰਛਾਵਾਂ ਧਰਤੀ ਉੱਤੇ ਬਣਿਆ ਵੇਖਿਆ ਹੈ? ਨਹੀਂ ਵੇਖਿਆ ਹੋਵੇਗਾ। ਇਸ ਦਾ ਕਾਰਨ ਇਹ ਹੈ ਕਿ ਇੱਲ੍ਹ ਅਤੇ ਧਰਤੀ ਵਿਚਲਾ ਫਾਸਲਾ ਬਹੁਤ ਜ਼ਿਆਦਾ ਹੁੰਦਾ ਹੈ। ਜੇਕਰ ਇੱਲ੍ਹ ਜਾਂ ਹਵਾਈ ਜਹਾਜ਼ ਧਰਤੀ ਦੇ ਨੇੜੇ ਘੁੰਮ ਰਿਹਾ ਹੋਵੇ ਤਾਂ ਜ਼ਰੂਰ ਹੀ ਅਸੀਂ ਇਹਨਾਂ ਦਾ ਪ੍ਰਛਾਵਾਂ ਧਰਤੀ ਉੱਤੇ ਵੇਖ ਸਕਾਂਗੇ।

ਹੁਣ ਅਸੀਂ ਇੱਕ ਹੋਰ ਉਦਾਹਰਣ ਨਾਲ ਪ੍ਰਛਾਵਿਆਂ ਸੰਬੰਧੀ ਗੱਲ ਕਰਦੇ ਹਾਂ। ਮੰਨ ਲਓ ਪ੍ਰਕਾਸ਼ ਦਾ ਸਰੋਤ ਸੂਰਜ ਹੈ, ਰੁਕਾਵਟ ਚੰਦਰਮਾ ਹੈ ਅਤੇ ਧਰਤੀ ਪਰਦਾ ਹੈ। ਤਾਂ ਕੀ ਹੋਵੇਗਾ? ਸਪਸ਼ਟ ਹੈ ਕਿ ਚੰਦਰਮਾ ਦਾ ਪ੍ਰਛਾਵਾਂ ਧਰਤੀ ਉੱਤੇ ਬਣੇਗਾ। ਚੰਦਰਮਾ ਦਾ ਅਕਾਰ ਇੱਲ੍ਹ ਜਾਂ ਜਹਾਜ਼ ਤੋਂ ਬਹੁਤ ਵੱਡਾ ਹੋਣ ਕਾਰਨ, ਦੂਰੀ ਤੋਂ ਵੀ ਇਸਦਾ ਪ੍ਰਛਾਵਾਂ ਧਰਤੀ ਉੱਤੇ ਬਣ ਜਾਂਦਾ ਹੈ। ਸਾਨੂੰ ਅੰਸ਼ਿਕ ਤੌਰ ਉੱਤੇ ਜਾਂ ਪੂਰਨ ਤੌਰ ਉੱਤੇ ਕੁਝ ਸਮੇਂ ਲਈ ਸੂਰਜ ਦਿਖਣਾ ਬੰਦ ਹੋ ਜਾਂਦਾ ਹੈ। ਇਸੇ ਨੂੰ ਹੀ ਤਾਂ ਅਸੀਂ ਅੰਸ਼ਿਕ ਜਾਂ ਪੂਰਨ ਸੂਰਜ ਕਹਿੰਦੇ ਹਾਂ। ਜਦੋਂ ਸੂਰਜ ਨੂੰ ਚੰਦਰਮਾ ਨੇ ਕੁੱਝ ਹੱਦ ਤੱਕ ਢਕ ਲਿਆ ਤਾਂ ਕੀ ਸੂਰਜ ਦੀ ਰੋਸ਼ਨੀ ਨੂੰ ਕੁਝ ਫ਼ਰਕ ਪਵੇਗਾ? ਕੀ ਉਹ ਵਧੇਗੀ ਜਾਂ ਘਟੇਗੀ ਜਾਂ ਉਨੀ ਹੀ ਰਹੇਗੀ? ਜੇਕਰ ਤੁਸੀਂ ਉਪਰੋਕਤ ਲਿਖਤ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ ਤਾਂ ਤੁਹਾਡਾ ਜਵਾਬ ਹੋਵੇਗਾ ਕਿ ਰੋਸ਼ਨੀ ਕੁਝ ਘਟੇਗੀ। ਸੂਰਜ ਉਹੋ ਹੀ ਹੈ, ਉਹੀ ਕਿਰਨਾਂ ਛੱਡਦਾ ਹੈ। ਹੋਇਆ ਸਿਰਫ਼ ਇਹ ਹੈ ਕਿ ਰਸਤੇ ਵਿੱਚ ਚੰਦਰਮਾ ਆਉਣ ਕਾਰਨ ਧਰਤੀ ਉੱਤੇ ਪਹੁੰਚਣ ਵਾਲੀਆਂ ਕਿਰਨਾਂ ਕੁਝ ਸਮੇਂ ਕੁਝ ਹੱਦ ਤੱਕ ਘਟ ਜਾਂਦੀਆਂ ਹਨ। ਸੋ ਕਹਿਣ ਤੋਂ ਭਾਵ ਕਿ ਸੂਰਜ ਗ੍ਰਹਿਣ ਵੇਲੇ ਸੂਰਜ ਵਿੱਚੋਂ ਕੋਈ ਹਾਨੀਕਾਰਨ ਕਿਰਨਾਂ ਨਹੀਂ ਨਿਕਲਦੀਆਂ ਹਨ। ਇਸ ਲਈ ਸੂਰਜ ਗ੍ਰਹਿਣ ਵੇਲੇ ਵੀ ਸਾਨੂੰ ਰੁਟੀਨ ਦੇ ਕੰਮ ਉਵੇਂ ਹੀ ਕਰਦੇ ਰਹਿਣਾ ਚਾਹੀਦਾ ਹੈ ਜਿਵੇਂ ਰੋਜ ਕਰਦੇ ਹਾਂ। ਮੱਝਾਂ ਦੇ ਸੰਗਲ ਬੰਨੇ ਰਹਿਣ ਦੇਣੇ ਚਾਹੀਦੇ ਹਨ, ਗਰਭਵਤੀ ਔਰਤਾਂ ਨੂੰ ਵੀ ਉਵੇਂ ਹੀ ਕੰਮ ਕਰਦੇ ਰਹਿਣਾ ਚਾਹੀਦਾ ਹੈ ਜਿਵੇਂ ਉਹ ਰੋਜ ਕਰਦੀਆਂ ਹਨ, ਰੋਟੀ ਪਾਣੀ ਖਾ ਲੈਣਾ ਚਾਹੀਦਾ ਹੈ ਆਦਿ-ਆਦਿ।

ਪਰ ਕੀ ਸਾਨੂੰ ਸੂਰਜ ਗ੍ਰਹਿਣ ਵੇਲੇ ਨੰਗੀ ਅੱਖ ਨਾਲ ਸੂਰਜ ਗ੍ਰਹਿਣ ਵੱਲ ਵੇਖ ਲੈਣਾ ਚਾਹੀਦਾ ਹੈ? ਇਸਦਾ ਜਵਾਬ ਲਿਖਣ ਤੋਂ ਪਹਿਲਾਂ ਮੈਂ ਪਾਠਕਾਂ ਕੋਲੋਂ ਪੁੱਛਣਾ ਚਾਹਾਂਗੀ ਕਿ ਕੀ ਤੁਸੀਂ ਆਮ ਦਿਨਾਂ ਵਿੱਚ ਸੂਰਜ ਦੀ ਟਿੱਕੀ ਵੱਲ ਨੰਗੀ ਅੱਖ ਨਾਲ ਵੇਖ ਸਕਦੇ ਹੋ? ਜੇ ਹਾਂ ਤਾ ਕਿੰਨੇ ਸਮੇਂ ਲਈ? ਮੇਰਾ ਖਿਆਲ ਹੈ ਕਿ ਤੁਸੀਂ ਕਹੋਗੇ, ਨਹੀਂ ਅਸੀਂ ਨਹੀਂ ਵੇਖ ਸਕਦੇ ਹਾਂ। ਕੁਦਰਤੀ ਹੀ ਸਾਡੀ ਅੱਖ ਬਹੁਤ ਤੇਜ਼ ਰੋਸ਼ਨੀ ਵਿੱਚ ਆਪਣੇ ਆਪ ਬੰਦ ਹੋ ਜਾਂਦੀ ਹੈ। ਜਿੰਨੀ ਚੁੰਧਿਆਵੀ ਰੋਸ਼ਨੀ ਹੋਵੇ, ਉਨੀਆਂ ਜਿਆਦਾ ਸਾਡੀ ਅੱਖ ਦੀਆਂ ਮਾਸਪੇਸ਼ੀਆਂ ਸੁੰਗੜ ਜਾਂਦੀਆਂ ਹਨ। ਸਾਡੀ ਅੱਖ ਤੇਜ ਰੋਸ਼ਨੀ ਤੋਂ ਬਚ ਜਾਂਦੀ ਹੈ। ਕੀ ਤੁਸੀਂ ਕਦੀ ਅਨੁਭਵ ਕੀਤਾ ਹੈ ਕਿ ਘੱਟ ਰੋਸ਼ਨੀ ਵਾਲੇ ਕਮਰੇ ਵਿੱਚ ਕੋਈ ਚੀਜ਼ ਲੱਭਣ ਸਮੇਂ ਤੁਸੀਂ ਅੱਖਾਂ ਖੋਲ੍ਹ ਖੋਲ੍ਹ (ਫਾੜ ਫਾੜ) ਕੇ ਵੇਖਦੇ ਹੋ? ਉਦੋਂ ਸਾਡੀ ਅੱਖ ਦੀਆਂ ਮਾਸਪੇਸ਼ੀਆਂ ਫੈਲ ਜਾਂਦੀਆਂ ਹਨ ਤਾਂ ਕਿ ਵੱਧ ਤੋਂ ਵੱਧ ਰੋਸ਼ਨੀ ਅੱਖ

ਅੰਦਰ ਦਾਖਲ ਹੋ ਸਕੇ। ਇਹੀ ਵਰਤਾਰਾ ਸੂਰਜ ਗ੍ਰਹਿਣ ਵੇਲੇ ਵਾਪਰਦਾ ਹੈ। ਉਸ ਸਮੇਂ ਸੂਰਜ ਦੀ ਰੌਸ਼ਨੀ ਘਟਣ ਕਾਰਨ ਅਸੀਂ ਸੂਰਜ ਵੱਲ ਵੱਧ ਸਮੇਂ ਲਈ ਜਿਆਦਾ ਅੱਖਾਂ ਖੋਲ ਕੇ ਟਿਕਟਿਕੀ ਲਗਾ ਕੇ ਵੇਖ ਸਕਦੇ ਹਾਂ। ਪਰ ਸਾਡੀ ਅੱਖ ਇੰਨੀ ਕੁ ਨਾਜੁਕ ਹੁੰਦੀ ਹੈ ਕਿ ਸੂਰਜ ਦੀ ਘਟੀ ਹੋਈ ਰੋਸ਼ਨੀ ਵੀ ਉਸਨੂੰ ਪੱਕੇ ਤੌਰ ਤੇ ਖਰਾਬ ਕਰਨ ਲਈ ਕਾਫੀ ਹੁੰਦੀ ਹੈ। ਇਸ ਲਈ ਸਾਨੂੰ ਸੂਰਜ ਗ੍ਰਹਿਣ ਵੇਲੇ ਨੰਗੀ ਅੱਖ ਨਾਲ ਬਿਲਕੁਲ ਵੀ ਨਹੀਂ ਦੇਖਣਾ ਚਾਹੀਦਾ। ਵੈਸੇ ਵੀ ਹਰ ਰੋਜ ਅਸੀਂ ਸੂਰਜ ਵੱਲ ਵੇਖ ਕੇ ਨਹੀਂ ਸਗੋਂ ਸੂਰਜ ਦੀ ਰੋਸ਼ਨੀ ਵਿੱਚ ਕੰਮ ਕਰਦੇ ਹਾਂ। ਸੂਰਜ ਗ੍ਰਹਿਣ ਨੂੰ ਘਰੋਂ ਚੁੱਕੀ ਐਕਸ-ਰੇ ਫਿਲਮ ਵਿੱਚੋਂ ਜਾਂ ਟੱਬ ਵਿੱਚ ਪਾਣੀ ਪਾ ਕੇ ਸੂਰਜ ਨੂੰ ਬਿਲਕੁਲ ਨਹੀਂ ਵੇਖਣਾ ਚਾਹੀਦਾ। ਇਸਨੂੰ ਕਿਸੇ ਵਿਗਿਆਨਕ ਸੰਸਥਾ ਵੱਲੋਂ ਕਿੱਤੇ ਸੋਲਰ ਫਿਲਟਰ ਜਾਂ ਵੈਲਡਿੰਗ ਵਾਲੇ 14 ਨੰਬਰ ਦੇ ਸ਼ੀਸ਼ੇ ਵਿੱਚੋਂ ਕੁੱਝ ਸਕਿੰਟਾਂ ਲਈ ਹੀ ਵੇਖਣਾ ਚਾਹੀਦਾ ਹੈ।

ਮੇਰਾ ਖਿਆਲ ਹੈ ਕਿ ਜੇਕਰ ਅਸੀਂ ਆਪਣੀ ਸਕੂਲ ਪੱਧਰ ਦੀ ਪੜ੍ਹਾਈ ਤੱਕ ਵੱਖ ਵੱਖ ਵਿਸ਼ਿਆਂ ਦਾ ਸਿੱਖਿਆ ਗਿਆਨ ਹੀ ਆਪਣੀ ਅਮਲੀ ਜਿੰਦਗੀ ਵਿੱਚ ਲਾਗੂ ਕਰ ਲਈਏ ਅਤੇ ਆਪਦੇ ਘਰ ਪਰਿਵਾਰ ਨੂੰ ਅਤੇ ਆਲੇ ਦੁਆਲੇ ਨੂੰ ਵੀ ਪ੍ਰੇਰਿਤ ਕਰੀਏ ਤਾਂ ਸਭ ਦਾ ਜੀਵਨ ਘੱਟੋ-ਘੱਟ ਹੁਣ ਨਾਲੋਂ ਤਾਂ ਸੁਖਾਲਾ ਹੋ ਹੀ ਜਾਵੇਗਾ। ਜੇਕਰ ਗਰਮੀਆਂ ਵਿੱਚ ਦਰਖਤ ਦੀ ਜਾਂ ਇਮਾਰਤ ਦੀ ਛਾਂ ਹੇਠ ਬੈਠਿਆਂ ਸਕੂਲ ਮਿਲਦਾ ਹੈ ਤਾਂ ਚੰਦਰਮਾਂ ਦੀ ਛਾਂ ਹੇਠ ਬੈਠਣਾ ਕਿਵੇਂ ਦੁਖਦਾਇਕ ਹੋ ਸਕਦਾ ਹੈ?

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:), ਇਕਾਈ ਮੰਡੀ ਗੋਬਿੰਦਗੜ੍ਹ ਦੇ ਮੀਡੀਆ ਵਿਭਾਗ ਮੁਖੀ ਸ੍ਰੀ ਚਿਰਜੀਵ ਦੂਆ ਅਤੇ ਫਰੀਦਕੋਟ ਇਕਾਈ ਦੇ ਆਗੂ ਨਿਰਮਲ ਪਟਵਾਰੀ ਦੀ ਮਾਤਾ ਸ੍ਰੀਮਤੀ ਹਰਬੰਸ ਕੌਰ ਦੀ ਦੁਖਦਾਇਕ ਮੌਤ ਤੇ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਸੰਬੰਧਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦੀ ਹੈ।

ਇੰਝ ਪੜ੍ਹੀਏ ਪੁਸਤਕਾਂ

ਪਹਿਲਾ ਅਧਿਆਪਕ

ਮੈਂ ਚੰਗੇਜ ਆਇਤਮਾਤੋਵ ਦਾ ਲਿਖਿਆ ਨਾਵਲ 'ਪਹਿਲਾ ਅਧਿਆਪਕ' ਪੜ੍ਹਿਆ। ਇਸ ਨਾਵਲ ਵਿੱਚ ਮੈਂ ਦੂਈਸ਼ੇਨ ਨਾਂ ਦੇ ਅਧਿਆਪਕ ਅਤੇ ਸੁਲੇਮਾਨੋਵਾ ਨਾਂ ਦੀ ਵਿਦਿਆਰਥਣ ਬਾਰੇ ਜਾਣਿਆ। ਇਹ ਉਸ ਸਮੇਂ ਦੀ ਸੱਚੀ ਕਹਾਣੀ ਹੈ, ਜਦੋਂ ਰੂਸ ਵਿੱਚ ਇਨਕਲਾਬ ਹੋਇਆ ਸੀ। ਦੂਈਸ਼ੇਨ ਨਾਂ ਦਾ ਨੌਜਵਾਨ ਅਨਪੜ੍ਹ ਅਤੇ ਪੱਛੜੇ ਲੋਕਾਂ ਨੂੰ ਸਿੱਖਿਅਤ ਕਰਨ ਲਈ ਇੱਕ ਪਿੰਡ ਵਿੱਚ ਜਾਂਦਾ ਹੈ। ਉਹਨਾਂ ਦਿਨਾਂ ਵਿੱਚ ਸਕੂਲ ਅਤੇ ਪੜ੍ਹਾਈ ਸ਼ਬਦ ਉਸ ਪਿੰਡ ਦੇ ਲੋਕਾਂ ਲਈ ਨਵੇਂ ਅਤੇ ਸਮਝ ਤੋਂ ਬਾਹਰ ਸਨ। ਲੋਕ ਦੂਈਸ਼ੇਨ ਦਾ ਵਿਰੋਧ ਕਰਦੇ ਹਨ, ਪਰ ਉਹ ਪਿੰਡ ਦੇ ਬਾਹਰ ਇੱਕ ਝੁੱਗੀ ਬਣਾ ਕੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ। ਉਹ ਘਰੋਂ ਘਰੀਂ ਜਾ ਕੇ ਬੱਚੇ ਇਕੱਠੇ ਕਰਦਾ ਹੈ। ਉਹਨਾਂ ਬੱਚਿਆਂ ਵਿੱਚ ਇੱਕ ਸੁਲੇਮਨੋਵਾਂ ਨਾਂ ਦੀ ਵਿਦਿਆਰਥਣ ਹੁੰਦੀ ਹੈ, ਜੋ ਉਮਰ ਵਿੱਚ ਬਾਕੀ ਬੱਚਿਆਂ ਨਾਲੋਂ ਵੱਡੀ ਸੀ ਅਤੇ ਉਹ ਪੜ੍ਹਨ ਵਿੱਚ ਹੁਸ਼ਿਆਰ ਸੀ। ਸਭ ਕੁੱਝ ਜਲਦੀ ਸਮਝ ਜਾਂਦੀ ਸੀ। ਦੂਈਸ਼ੇਨ ਬੱਚਿਆਂ ਨੂੰ ਝੌਂਪੜੀ ਵਿੱਚ ਭੁੰਜੇ ਪਰਾਲੀ ਤੇ ਬਿਠਾ ਕੇ ਪੜ੍ਹਾਉਂਦਾ ਹੋਇਆ ਸਿਖਾਉਂਦਾ ਹੈ ਕਿ ਕਿਵੇਂ ਪੈਂਸਿਲ ਫੜਨੀ ਹੈ, ਕਿਵੇਂ ਗਿਣਨਾ ਹੈ। ਉਹ ਸਭ ਬੱਚਿਆਂ ਨੂੰ ਆਪਣੀ ਸਮਝ ਅਨੁਸਾਰ ਪੜ੍ਹਾਇਆ ਕਰਦਾ ਸੀ। ਫਿਰ ਦੂਈਸ਼ੇਨ ਸਲੇਮਾਨੋਵਾ ਨੂੰ ਪੜ੍ਹਨ ਲਈ ਸ਼ਹਿਰ ਭੇਜ ਦਿੰਦਾ ਹੈ। ਸੁਲੇਮਾਨੋਵਾ ਕਿਰਤੀ ਵਿਭਾਗ ਵਿੱਚ ਜਾ ਕੇ ਪੜ੍ਹਾਈ ਕਰਨ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ ਦੀ ਵਿਗਿਆਨੀ ਬਣ ਜਾਂਦੀ ਹੈ। ਦੂਈਸ਼ੇਨ ਪਿੰਡ 'ਚੋਂ ਚਲਾ ਜਾਂਦਾ ਹੈ ਅਤੇ ਫੌਜ ਵਿੱਚ ਭਰਤੀ ਹੋ ਜਾਂਦਾ ਹੈ ਅਤੇ ਫਿਰ ਫੌਜ ਦੀ ਨੌਕਰੀ ਛੱਡ ਕੇ ਡਾਕੀਆ ਬਣ ਜਾਂਦਾ ਹੈ। ਇੱਕ ਦਿਨ ਜਦੋਂ ਸੁਲੇਮਾਨੋਵਾ ਨੂੰ ਪਿੰਡ ਦੇ ਲੋਕ ਸਕੂਲ ਦਾ ਉਦਘਾਟਨ ਕਰਨ ਲਈ ਬੁਲਾਉਂਦੇ ਹਨ, ਤਾਂ ਉਹ ਚਲੀ ਜਾਂਦੀ ਹੈ। ਲੋਕ ਸੁਲੇਮਾਨੋਵਾ ਨੂੰ ਬਹੁਤ ਮਾਣ ਸਨਮਾਨ ਦਿੰਦੇ ਹਨ। ਪਰ ਉੱਥੇ ਜਾ ਕੇ ਜਦੋਂ ਸੁਲੇਮਾਨੋਵਾ ਨੂੰ ਇਹ ਪਤਾ ਚਲਦਾ ਹੈ ਕਿ ਦੂਈਸ਼ੇਨ ਫੌਜ ਦੀ ਨੌਕਰੀ ਛੱਡ ਕੇ ਡਾਕੀਆ ਬਣ ਗਿਆ ਹੈ, ਤਾਂ ਉਹ ਸੋਚਦੀ ਹੈ ਕਿ ਜੋ ਮਾਣ ਸਨਮਾਨ ਉਸਨੂੰ ਮਿਲ ਰਿਹਾ ਹੈ, ਉਹ ਦੂਈਸ਼ੇਨ ਦਾ ਹੋਣਾ ਚਾਹੀਦਾ ਸੀ।

ਅਮਰਜੀਤ ਕੌਰ ਭੁੱਲਰ, ਗਿਆਰਵੀਂ, ਸੰਤ ਬਾਬਾ ਅਤਰ ਸਿੰਘ ਸੀਨੀ. ਸੈਕੰ. ਸਕੂਲ, ਹਰਿਆਊ (ਲਹਿਰਾਗਾਗਾ)

ਦੋ ਰੋਜ਼ਾ ਡੈਲੀਗੇਟ ਇਜਲਾਸ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦਾ ਦੋ ਰੋਜ਼ਾ ਡੈਲੀਗੇਟ ਇਜਲਾਸ ਗੋਬਿੰਦ ਬਾਂਸਲ ਟਰੱਸ਼ਟ ਧਰਮਸ਼ਾਲਾ ਬਰਨਾਲਾ ਵਿਖੇ ਹੋਇਆ। ਜਿਸ ਵਿੱਚ ਸੁਸਾਇਟੀ ਦੀਆਂ 80 ਇਕਾਈਆਂ ਦੇ 210 ਡੈਲੀਗੇਟਾਂ ਤੇ 31 ਦਰਸ਼ਕਾਂ ਨੇ ਸ਼ਮੂਲੀਅਤ ਕੀਤੀ। ਇਜਲਾਸ ਦੇ ਪਹਿਲੇ ਸੈਸ਼ਨ 'ਚ ਡੈਲੀਗੇਟਾਂ ਨੂੰ ਸੂਬਾਈ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ ਨੇ ਜੀ ਆਇਆਂ ਆਖ਼ਦਿਆਂ ਇਜਲਾਸ ਦੀ ਸ਼ੁਰੂਆਤ ਕੀਤੀ। ਉਨ੍ਹਾਂ ਆਪਣੇ ਸੰਬੋਧਨ ਦੌਰਾਨ ਤਰਕਸ਼ੀਲ ਲਹਿਰ ਦੇ ਪ੍ਰਚਾਰ ਪ੍ਰਸਾਰ ਲਈ ਜੁਟਾਏ ਜਾ ਰਹੇ ਯਤਨਾਂ ਤੇ ਤਸੱਲੀ ਪ੍ਰਗਟਾਈ। ਦੂਸਰੇ ਸੈਸ਼ਨ 'ਚ ਰਾਜ ਦੇ ਸਾਰੇ 10 ਜੋਨਾਂ ਦੇ ਮੁਖੀਆਂ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਆਪੋ ਆਪਣੇ ਜੋਨਾਂ 'ਚ ਇਕਾਈਆਂ ਵੱਲੋਂ ਕੀਤੀਆਂ ਸਰਗਰਮੀਆਂ ਦਾ ਜਿਕਰ ਕੀਤਾ। ਚੰਡੀਗੜ੍ਹ ਜੋਨ ਵੱਲੋਂ ਅਮਰਦੀਪ ਖਮਾਣੋਂ, ਮਾਨਸਾ ਜੋਨ ਤੋਂ ਅੰਮ੍ਰਿਤ ਰਿਸ਼ੀ, ਪਟਿਆਲਾ ਜੋਨ ਤੋਂ ਰਾਮ ਕੁਮਾਰ, ਜਲੰਧਰ ਜੋਨ ਤੋਂ ਜਸਵਿੰਦਰ ਪਟਵਾਰੀ, ਨਵਾਂ ਸ਼ਹਿਰ ਜੋਨ ਤੋਂ ਸੱਤਪਾਲ ਸਲੋਹ, ਲੁਧਿਆਣਾ ਜੋਨ ਤੋਂ ਦਲਬੀਰ ਕਟਾਣੀ, ਬਠਿੰਡਾ ਜੋਨ ਤੋਂ ਰਣਜੀਤ ਸਿੰਘ ਬਠਿੰਡਾ, ਬਰਨਾਲਾ ਜੋਨ ਤੋਂ ਲਾਭ ਸ਼ਿੰਘ ਛਾਜਲਾ, ਅੰਮ੍ਰਿਤਸਰ ਜੋਨ ਤੋਂ ਮੁਖਵਿੰਦਰ ਸਿੰਘ ਚੋਹਲਾ ਸਾਹਿਬ ਤੇ ਫਾਜ਼ਿਲਕਾ ਜੋਨ ਤੋਂ ਰਾਮਸਵਰਨ ਲੱਖੇਵਾਲੀ ਨੇ ਹਾਜ਼ਰ ਡੈਲੀਗੇਟਾਂ ਨੂੰ ਆਪਣੀਆਂ ਪੇਸ਼ਕਦਮੀਆਂ ਬਾਰੇ ਵਿਸਥਾਰ ਨਾਲ ਦੱਸਿਆ।

ਅਗਲੇ ਸੈਸ਼ਨ 'ਚ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਨੂੰ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਲੋਕਾਂ ਨੂੰ ਵਿਗਿਆਨਕ ਚੇਤਨਾ ਵੰਡਣ ਤੇ ਰਾਜ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਦੇ ਪਸਾਰ ਹਿੱਤ ਜੁਟਾਏ ਯਤਨਾਂ ਸਬੰਧੀ ਆਪੋ ਆਪਣੇ ਪਰਚੇ ਪੜ੍ਹੇ। ਸੂਬਾਈ ਜਥੇਬੰਦਕ ਮੁਖੀ ਸ਼੍ਰੀ ਬਲਵਿੰਦਰ ਬਰਨਾਲਾ ਨੇ ਜਥੇਬੰਦਕ ਕੰਮ, ਢੰਗ ਤੇ ਸਰਗਰਮੀ ਬਾਰੇ, ਹੇਮ ਰਾਜ ਸਟੈਨੋ ਨੇ ਵਿੱਤ ਵਿਭਾਗ ਦੀ ਕਾਰਗੁਜ਼ਾਰੀ ਬਾਰੇ, ਸੱਭਿਆਚਾਰ ਵਿਭਾਗ ਦੇ ਮੁਖੀ ਸਰਬਜੀਤ ਉਖ਼ਲਾ ਨੇ ਸੱਭਿਆਚਾਰਕ ਫਰੰਟ ਤੇ ਕੀਤੀਆਂ ਸਰਗਰਮੀਆਂ ਬਾਰੇ, ਮੀਡੀਆ ਵਿਭਾਗ ਦੇ ਮੁਖੀ ਰਾਮ ਸਿੰਘ ਬੰਗ ਨੇ ਮੀਡੀਆ 'ਚ ਤਰਕਸ਼ੀਲਾਂ ਦੇ ਯਤਨਾਂ ਬਾਰੇ, ਮਾਨਸਿਕ ਸਿਹਤ ਕੇਂਦਰ ਦੇ ਮੁਖੀ ਸੁਖਵੰਤ ਬਰਨਾਲਾ ਨੇ ਆਪਣੇ ਵਿਭਾਗ ਬਾਰੇ, ਮੈਗਜ਼ੀਨ ਤੇ ਸਾਹਿਤ ਵਿਭਾਗ ਦੇ ਮੁਖੀ ਬਲਵੀਰ ਚੰਦ ਲੌਂਗੋਵਾਲ ਨੇ ਆਪਣੇ ਦੋਹਾਂ ਵਿਭਾਗਾਂ ਬਾਰੇ, ਕਾਨੂੰਨ ਵਿਭਾਗ ਦੇ ਮੁਖੀ ਹਰਿੰਦਰ ਲਾਲੀ ਨੇ ਆਪਣੇ ਵਿਭਾਗ ਦੀ ਸਰਗਰਮੀ ਬਾਰੇ, ਜਸਵੰਤ ਜੀਰਖ ਨੇ ਆਪਣੇ ਪ੍ਰਿੰਟਿੰਗ/ ਪ੍ਰਕਾਸ਼ਨ ਵਿਭਾਗ ਬਾਰੇ ਅਤੇ ਕੌਮੀ ਅਤੇ ਕੌਮਾਂਤਰੀ ਮਾਮਲਿਆਂ ਬਾਰੇ ਹਰਚੰਦ ਭਿੰਡਰ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਸਾਰੇ ਵਿਭਾਗਾਂ ਦੇ ਮੁਖੀਆਂ ਨੇ ਆਪੋ ਆਪਣੇ ਪੇਪਰਾਂ 'ਚ ਆਪਣੀ ਕਾਰਗੁਜ਼ਾਰੀ ਦਾ ਜਿਕਰ ਕਰਦਿਆਂ ਹੋਰ ਸੰਭਾਵਨਾਵਾਂ ਤੇ ਮੁੱਦੇ ਵੀ ਵਿਚਾਰੇ।

ਅਗਲੇ ਮਹੱਤਵਪੂਰਨ ਸ਼ੈਸ਼ਨ ਵਿੱਚ ਵੱਖ ਵੱਖ ਵਿਭਾਗਾਂ ਦੇ ਮੁਖੀਆਂ ਵੱਲੋਂ ਪੜ੍ਹੇ ਗਏ ਪੇਪਰਾਂ ਵਿੱਚ ਬਹਿਸ ਦਾ ਆਗਾਜ਼ ਹੋਇਆ। ਇਸ ਸੈਸ਼ਨ 'ਚ ਰਾਜ ਭਰ ਦੀਆਂ ਇਕਾਈਆਂ ਤੋਂ ਆਏ ਡੈਲੀਗੇਟਾਂ ਨੇ ਵਿਭਾਗਾਂ ਦੇ ਮੁਖੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਰਿਪੋਰਟਾਂ ਤੇ ਆਪਣੇ ਵਿਚਾਰ ਰੱਖੇ ਤੇ ਰਹਿ ਗਏ ਫਰਕ ਪ੍ਰਧਾਨਗੀ ਮੰਡਲ ਨੂੰ ਨੋਟ ਕਰਵਾਏ। ਇਸ ਭਾਵਪੂਰਤ ਬਹਿਸ ਵਿੱਚ ਡਾ: ਜੋਗਿੰਦਰ ਕੁੱਲੇਵਾਲ, ਮਾਸਟਰ ਪਰਮਵੇਦ, ਰਣਜੀਤ ਸਿੰਘ ਬਠਿੰਡਾ, ਨਿਰਮਲ ਪਟਵਾਰੀ, ਜਿੰਦ ਬਾਗਪੁਰ, ਰਾਮ ਸਿੰਘ ਨਿਰਮਾਣ, ਅਜੀਤ ਪ੍ਰਦੇਸੀ, ਪ੍ਰਵੀਨ ਜੰਡਵਾਲਾ, ਰਾਮ ਸਵਰਨ ਲੱਖੇਵਾਲੀ, ਸੁਖਵਿੰਦਰ ਬਾਗਪੁਰ, ਕੁਲਵੰਤ ਕੌਰ ਪਟਿਆਲਾ, ਰਾਜਵੰਤ ਬਾਗੜੀਆ, ਰਜਿੰਦਰ ਕੌਰ ਬਰਗਾੜੀ, ਕੁਲਜੀਤ ਅਬੋਹਰ ਤੇ ਮੁਖਤਿਆਰ ਸਿੰਘ ਅੰਮ੍ਰਿਤਸਰ ਨੇ ਵੱਖ ਵੱਖ ਵਿਭਾਗਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਤੇ ਬੇਹਤਰੀ ਲਈ ਸੁਝਾਅ ਵੀ ਨੋਟ ਕਰਵਾਏ। ਬੁਲਾਰਿਆਂ ਨੇ ਜਥੇਬੰਦੀ ਦੇ ਕੰਮ ਢੰਗ, ਮੀਡੀਆ ਪ੍ਰਕਾਸ਼ਨ ਤੇ ਮਾਨਸਿਕ ਸਿਹਤ ਵਿਭਾਗ ਬਾਰੇ ਭਖ਼ਵੀ ਚਰਚਾ ਕੀਤੀ। ਦੇਰ ਰਾਤ ਤੱਕ ਚੱਲੇ ਇਸ ਸੈਸ਼ਨ ਦੌਰਾਨ ਡੈਲੀਗੇਟ ਚਰਚਾ ਉਪਰੰਤ ਉਹਨਾਂ ਵੱਲੋਂ ਉਠਾਏ ਗਏ ਸਵਾਲਾਂ ਤੇ ਨੁਕਤਿਆਂ ਬਾਰੇ ਸਾਰੇ ਵਿਭਾਗ ਮੁਖੀਆਂ ਨੇ ਆਪੋ ਆਪਣਾ ਪੱਖ ਰੱਖਿਆ।


ਅਗਲੇ ਦਿਨ 21 ਅਪ੍ਰੈਲ ਨੂੰ ਕਾਰਜ ਵਿਉਂਤ ਦਾ ਮਹੱਤਵਪੂਰਨ ਮੁੱਦਾ ਡੇਲੀਗੇਟਾਂ ਦੀ ਨਜ਼ਰ

ਬਾਕੀ ਪੰਨਾ 32 ਤੇ

ਪੁਸਤਕ ਸਮੀਖਿਆ

ਰੱਬ ਦੀ ਲੋੜ ਹੈ

ਲੇਖਕ - ਖੁਸ਼ਵੰਤ ਸਿੰਘ, ਪ੍ਰਕਾਸ਼ਕ - ਯੂਨੀਸਟਾਰ ਬੁਕਸ ਚੰਡੀਗੜ੍ਹ, ਮੁੱਲ - 200 ਰੁਪਏ



ਕੁਝ ਦੇਰ ਪਹਿਲਾਂ ਉੱਘੇ ਲੇਖਕ ਖੁਸ਼ਵੰਤ ਸਿੰਘ ਦੀ ਅੰਗਰੇਜੀ ਵਿੱਚ ਪੁਸਤਕ ਆਈ ਸੀ : Agnostic Khushwant - THERE IS NO GOD ਯਾਨੀ 'ਕੋਈ ਰੱਬ ਨਹੀਂ ਹੈ-ਸ਼ੰਕਾਵਾਦੀ ਖੁਸ਼ਵੰਤ'। ਯੂਨੀਸਟਾਰ ਬੁਕਸ ਵੱਲੋਂ ਹੁਣ ਇਸ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਹੋਇਆ ਹੈ : *ਰੱਬ ਦੀ ਲੋੜ ਹੈ - ਖੁਸ਼ਵੰਤ ਸਿੰਘ*। ਹੈਰਾਨੀ ਹੁੰਦੀ ਹੈ ਕਿ ਪੰਜਾਬੀ ਪ੍ਰਕਾਸ਼ਨ ਵਿੱਚ ਚੰਗਾ ਨਾਂ ਰੱਖਣ ਵਾਲੇ ਇਸ ਪੁਸਤਕ ਅਦਾਰੇ ਵੱਲੋਂ ਪੁਸਤਕ ਦੇ ਨਾਮ ਨਾਲ ਅਜਿਹਾ ਖਿਲਵਾੜ ਕੀਤਾ ਗਿਆ ਹੈ। ਇਹ ਕਿਉਂ ਕੀਤਾ ਗਿਆ ਇਸਦਾ ਮਨਸ਼ਾ ਤਾਂ ਸਮਝ ਵਿੱਚ ਨਹੀਂ ਆਇਆ ਪਰ ਅਰਥ ਬਿਲਕੁਲ ਉਲਟ ਕਰ ਦੇਣ ਵਾਲੀ ਇਸ ਬੇਹੂਦਾ ਹਰਕਤ ਨਾਲ ਪੰਜਾਬੀ ਪ੍ਰਕਾਸ਼ਨਾਵਾਂ ਦੇ ਮਿਆਰ 'ਤੇ ਇੱਕ ਵਾਰ ਫੇਰ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ।

ਪੁਸਤਕ ਨੂੰ ਪੜ੍ਹਦਿਆਂ ਕਿਸੇ ਵਿਚਾਰਕ ਦੀ ਕਹੀ ਇਹ ਗੱਲ ਚੇਤੇ ਆਉਂਦੀ ਹੈ ਕਿ 'ਇੱਟਾਂ ਦੇ ਢੇਰ ਨੂੰ ਕੋਈ ਸਿਆਣਾ ਇਮਾਰਤ ਦਾ ਨਾਮ ਨਹੀਂ ਦਿੰਦਾ।' ਇਸ ਪੁਸਤਕ ਵਿੱਚ ਵੀ ਵਿਚਾਰਾਂ ਦੀ ਕੋਈ ਇਮਾਰਤ ਨਹੀਂ ਖੜ੍ਹੀ ਕੀਤੀ ਗਈ ਪਰ ਇੱਟਾਂ ਬਹੁਤ ਕੰਮ ਦੀਆਂ ਹਨ। ਪਾਠਕ ਇਨ੍ਹਾਂ ਇੱਟਾਂ ਨੂੰ ਵਰਤ ਸਕਦੇ ਹਨ। ਇਸ ਪੁਸਤਕ ਦਾ ਇੱਕ ਬੱਝਵਾਂ ਪ੍ਰਭਾਵ ਨਾ ਬਣਨ ਦੇ ਦੋ ਕਾਰਣ ਹਨ - ਇੱਕ ਤਾਂ ਇਹ ਪੁਸਤਕ ਖੁਸ਼ਵੰਤ ਸਿੰਘ ਵੱਲੋਂ ਵੱਖ ਵੱਖ ਸਮਿਆਂ 'ਤੇ ਵੱਖ ਵੱਖ ਅਖ਼ਬਾਰਾਂ ਮੈਗਜ਼ੀਨਾਂ ਆਦਿ ਲਈ ਲਿਖੇ ਲੇਖਾਂ ਦਾ ਸੰਗ੍ਰਹਿ ਹੈ। ਦੂਸਰਾ ਖੁਸ਼ਵੰਤ ਸਿੰਘ ਖ਼ੁਦ ਕਿਸੇ ਨਿਸਚਿਤ ਵਿਚਾਰਧਾਰਾ ਨਾਲ ਪ੍ਰਤੀਬੱਧ ਨਹੀਂ ਹੈ, ਜਿਸ ਕਰ ਕੇ ਬਹੁਤ ਗਿਆਨ ਅਤੇ ਬੁੱਧੀ ਹੋਣ ਦੇ ਬਾਵਜੂਦ ਉਸਦੇ ਵਿਚਾਰ ਖਿੰਡਰੇ ਪੁੰਡਰੇ ਰਹਿੰਦੇ ਹਨ। ਬਿਲਕੁਲ ਉਵੇਂ ਜਿਵੇਂ ਕੀਮਤੀ ਮਣਕੇ ਜੇ ਕਿਸੇ ਮਾਲਾ ਵਿੱਚ ਨਾ ਪ੍ਰੋਏ ਹੋਣ ਤਾਂ ਬੇਕਾਰ ਪਏ ਰਹਿੰਦੇ ਹਨ। ਪਰ ਸੂਝਵਾਨ ਪਾਠਕ ਇਨ੍ਹਾਂ ਖਿੰਡੇ ਪੁੰਡੇ ਕੀਮਤੀ ਵਿਚਾਰਾਂ ਨੂੰ ਆਪਣੀ ਵਿਗਿਆਨਕ ਵਿਚਾਰਧਾਰਾ ਦੇ ਧਾਗੇ ਵਿੱਚ ਪਰੋ ਕੇ ਆਪਣੀ ਸੂਝ ਬੂਝ ਵਿੱਚ ਵਾਧਾ ਕਰ ਸਕਦੇ ਹਨ।

ਇਸ ਪੁਸਤਕ ਦਾ ਪਹਿਲਾ ਚੈਪਟਰ, ਜੋ ਸਭ ਤੋਂ ਵੱਧ ਵਿਸਥਾਰਿਤ ਹੈ, ਉਹ ਹੀ ਸਭ ਤੋਂ ਵੱਧ ਪੜ੍ਹਨਯੋਗ ਹੈ। ਇਸ ਚੈਪਟਰ ਦਾ ਨਾਮ ਹੈ : *ਲੋੜ ਹੈ ਇੱਕ ਨਵੇਂ ਧਰਮ ਦੀ-ਬਿਨਾਂ ਰੱਬ ਦੇ*। ਜੇ ਇਸ ਸਿਰਲੇਖ ਨੂੰ ਤਰਕਸ਼ੀਲ ਨਜ਼ਰੀਏ ਤੋਂ ਪੜਚੋਲਿਆ ਜਾਵੇ ਤਾਂ ਬਿਨਾਂ ਸ਼ੱਕ ਕਿਹਾ ਜਾ ਸਕਦਾ ਹੈ ਕਿ ਸਾਨੂੰ ਕਿਸੇ ਨਵੇਂ ਧਰਮ ਦੀ ਲੋੜ ਨਹੀਂ ਹੈ, ਸਗੋਂ ਸਾਰੇ ਧਰਮਾਂ ਤੋਂ ਮੁਕਤ ਹੋਣ ਦੀ ਲੋੜ ਹੈ। ਪਰ ਇਸ ਗੱਲ ਨਾਲ ਇਸ ਲੇਖ ਦੀ ਅਹਿਮੀਅਤ ਨਹੀਂ ਖਤਮ ਹੋ ਜਾਂਦੀ ਕਿਉਂਕਿ ਖੁਸ਼ਵੰਤ ਆਪਣੀ ਗੱਲ ਜਿਸ ਬੇਬਾਕੀ ਨਾਲ ਕਹਿਣ ਲਈ ਮਸ਼ਹੂਰ ਹੈ ਉਹ ਇਸ ਲੇਖ ਵਿੱਚ ਬੜੇ ਸ਼ਾਨਦਾਰ ਰੂਪ ਵਿੱਚ ਪੇਸ਼ ਹੁੰਦੀ ਹੈ। ਮਿਸਾਲ ਵਜੋਂ ਧਰਮ ਗ੍ਰੰਥਾਂ ਬਾਰੇ ਉਹ ਲਿਖਦਾ ਹੈ-

'ਲੋਕ ਇਨ੍ਹਾਂ ਸ਼ਬਦਾਂ ਦੇ ਅਰਥਾਂ ਦੀ ਪ੍ਰਵਾਹ ਕੀਤੇ ਬਿਨਾਂ ਹੀ ਇਨ੍ਹਾਂ ਨੂੰ ਰਟ ਕੇ ਗਾਉਂਦੇ ਜਾਂ ਉਚਾਰਦੇ ਰਹਿੰਦੇ ਹਨ। ਮੈਨੂੰ ਪੱਕਾ ਭਰੋਸਾ ਹੈ ਕਿ ਜੇ ਉਹ ਇਨ੍ਹਾਂ ਨੂੰ ਆਪਣੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਅਨੁਵਾਦ ਹੋਏ ਪੜ੍ਹ ਲੈਣ ਤਾਂ ਉਨ੍ਹਾਂ ਦਾ ਖਾਸਾ ਜੋਸ਼ ਮੱਠਾ ਪੈ ਜਾਵੇ। ਬਿਨਾਂ ਕਿਸੇ ਅੱਪਵਾਦ ਤੋਂ ਉਨ੍ਹਾਂ ਦੇ ਤੱਤ ਗੈਰ ਵਿਗਿਆਨਕ ਹੁੰਦੇ ਹਨ। ਇਸਦਾ ਦੋਸ਼ ਉਨ੍ਹਾਂ ਦੇ ਲਿਖਾਰੀਆਂ ਨੂੰ ਦੇਣਾ ਠੀਕ ਨਹੀਂ ਕਿਉਂਕਿ ਉਨ੍ਹਾਂ ਦੇ ਦੌਰ ਵਿੱਚ ਅਜੇ ਵਿਗਿਆਨ ਨੇ ਤਰੱਕੀ ਕੀਤੀ ਹੀ ਨਹੀਂ ਸੀ। ਵਿਗਿਆਨ ਦੇ ਉਲਟ ਹੋਣ ਦੇ ਨਾਲ ਨਾਲ ਉਨ੍ਹਾਂ ਵਿੱਚ ਬੜਾ ਦੁਹਰਾਉ ਹੈ ਅਤੇ ਉਹ ਬੁਰੀ ਤਰ੍ਹਾਂ ਅਕਾਊ ਹਨ। ......ਉਨ੍ਹਾਂ ਵਿੱਚ ਕੁਝ ਪੈਰ੍ਹੇ ਉੱਚ ਸਾਹਿਤਕ ਵੰਨਗੀ ਦੇ ਵੀ ਹਨ ਪਰ ਸਾਹਿਤਕ ਕਿਰਤਾਂ ਵਜੋਂ ਉਹ ਕਾਲੀਦਾਸ, ਹਾਫ਼ਿਜ਼, ਸੈਕਸ਼ਪੀਅਰ, ਲਿਓ ਤਾਲਸਤਾਇ, ਮਿਰਜਾ ਗਾਲਿਬ, ਫੈਜ਼ ਅਹਿਮਦ ਫੈਜ਼ ਜਾਂ ਕੁਝ ਹੋਰ ਨਿੱਕੇ ਸ਼ਾਇਰਾਂ ਦੀਆਂ ਪ੍ਰਮਾਣਿਕ

ਲਿਖਤਾਂ ਦੇ ਕਿਤੇ ਨੇੜੇ ਤੇੜੇ ਵੀ ਨਹੀਂ ਪੁੱਜਦੇ।'

ਇਵੇਂ ਪੂਜਾ ਸਥਾਨਾਂ ਬਾਰੇ ਉਹ ਕਹਿੰਦਾ ਹੈ : 'ਭਾਰਤ ਵਰਗੇ ਗਰੀਬ ਦੇਸ਼ ਵਿੱਚ, ਜਿੱਥੇ ਬੰਦੇ ਨੂੰ ਕਲੱਬਾਂ, ਪੱਬਾਂ ਅਤੇ ਸਿਨੇਮਾ ਘਰਾਂ ਵਿੱਚ ਜਾਣਾ ਵਾਰਾ ਨਹੀਂ ਖਾਂਦਾ, ਉਥੇ ਇਹ ਪੂਜਾ ਸਥਾਨ ਉਸ ਲਈ ਆਪਣੇ ਵਰਗੇ ਲੋਕਾਂ ਵਿੱਚ ਬੈਠ ਕੇ ਮੁਫਤ ਅਤੇ ਹਾਨੀਰਹਿਤ ਮਨੋਰੰਜਨ ਪ੍ਰਦਾਨ ਕਰਦੇ ਹਨ।ਐਪਰ ਪਿਛਲੇ ਕੁਝ ਸਾਲਾਂ ਤੋਂ ਇਹ ਪੂਜਾ ਸਥਾਨ ਕਲੇਸ਼ ਦੇ ਅਖਾੜੇ ਬਣ ਗਏ ਹਨ ਅਤੇ ਇਨ੍ਹਾਂ ਦੀ ਨਿਰੇ ਧਾਰਮਿਕ ਦੀ ਥਾਂ ਹੋਰ ਵਿਚਾਰਾਂ ਦੇ ਪ੍ਰਚਾਰ ਲਈ ਦੁਰਵਰਤੋਂ ਕੀਤੀ ਜਾਣ ਲੱਗੀ ਹੈ।'

ਸਮਾਧੀ ਬਾਰੇ ਉਹ ਸਵਾਲ ਕਰਦਾ ਹੈ – ਸਮਾਧੀ ਨਾਲ ਮਿਲਦਾ ਕੀ ਹੈ? ਆਮ ਜਵਾਬ ਇਹੀ ਹੈ ਮਨ ਦੀ ਸ਼ਾਂਤੀ।ਜੇ ਫੇਰ ਪੁੱਛੋ ਮਨ ਦੀ ਸ਼ਾਂਤੀ ਨਾਲ ਕੀ ਮਿਲਦਾ ਹੈ ਤਾਂ ਤੁਹਾਨੂੰ ਕੋਈ ਜਵਾਬ ਨਹੀਂ ਮਿਲੇਗਾ ਕਿਉਂਕਿ ਇਸਦਾ ਜਵਾਬ ਹੈ ਹੀ ਨਹੀਂ।ਮਨ ਦੀ ਸ਼ਾਂਤੀ ਇੱਕ ਥੋਥਾ ਸੰਕਲਪ ਹੈ ਜਿਸ ਵਿਚੋਂ ਕੁਝ ਨਹੀਂ ਨਿਕਲਦਾ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜਦ ਧਰਮ ਦੇ ਕੁਝ ਪਹਿਲੂਆਂ ਬਾਰੇ ਉਹ ਐਨਾ ਸਪਸ਼ਟ ਹੈ ਤਾਂ ਫਿਰ ਉਹ ਨਵੇਂ ਧਰਮ ਦੀ ਲੋੜ ਕਿਉਂ ਮਹਿਸੂਸ ਕਰਦਾ ਹੈ? ਇਸ ਬਾਰੇ ਉਹ ਲਿਖਦਾ ਹੈ – ਇਹ ਤਾਂ ਬੜਾ ਸਪਸ਼ਟ ਹੈ ਕਿ ਧਾਰਮਿਕ ਪ੍ਰਣਾਲੀਆਂ ਨੇ ਸਾਨੂੰ ਬਰਬਾਦ ਕਰ ਦਿੱਤਾ ਹੈ।ਐਪਰ ਕਿਉਂ ਜੋ ਕੁਝ ਲੋਕਾਂ ਦਾ ਕਿਸੇ ਕਿਸਮ ਦੀਆਂ ਮਤ ਪ੍ਰਣਾਲੀਆਂ ਤੋਂ ਬਿਨਾਂ ਸਰਦਾ ਨਹੀਂ ਹੈ ਇਸ ਕਰਕੇ ਸਾਨੂੰ ਇੱਕ ਨਵਾਂ ਧਰਮ ਵਿਗਸਾਉਣਾ ਹੀ ਪੈਣਾ ਹੈ। ਉਹ ਅੱਗੇ ਲਿਖਦੇ ਹਨ, 'ਇਹ ਅਮਲ ਦੁਵੱਲਾ ਹੈ : ਪਹਿਲਾਂ ਤਾਂ ਸਲੇਟ ਨੂੰ ਪੂੰਝ ਕੇ ਸਾਫ ਕਰ ਲਉ ਤੇ ਫੇਰ ਇਸ ਉੱਤੇ ਨਵਾਂ ਸੁਨੇਹਾ ਲਿਖੋ। ਬਹੁਤੀਆਂ ਧਾਰਮਿਕ ਪ੍ਰਣਾਲੀਆਂ ਦੇ ਜਿਹੜੇ ਪੰਜ ਸਥਾਪਿਤ ਥੰਮ੍ਹਾਂ ਨੂੰ ਢਾਹੁਣ ਦੀ ਸਾਨੂੰ ਲੋੜ ਹੈ, ਉਹ ਹਨ – ਪ੍ਰਮਾਤਮਾ, ਪੈਗੰਬਰ, ਧਰਮ ਗ੍ਰੰਥ, ਬੰਦਗੀ ਅਤੇ ਪੂਜਾ ਸਥਾਨ।' ਧਰਮ ਦੇ ਬਦਲ ਦੀ ਲੋੜ ਬਾਰੇ ਉਹ ਇਉਂ ਵੀ ਸਪਸ਼ਟ ਕਰਦੇ ਹਨ –'ਜਦੋਂ ਤੱਕ ਸਾਡੇ ਕੋਲ ਉਨ੍ਹਾਂ ਦੀ ਥਾਂ ਰੱਖਣ ਲਈ ਕੁਝ ਸਾਕਾਰਾਤਮਕ ਨਾ ਹੋਵੇ ਉਦੋਂ ਤੱਕ ਸਾਨੂੰ ਅਤੀਤ ਨੂੰ ਮੇਸਣਾ ਨਹੀਂ ਚਾਹੀਦਾ ; ਮਾਨਸਿਕ ਖਲਾਅ ਦੇ ਸਿੱਟੇ ਤਬਾਹਕਾਰੀ ਹੋ ਸਕਦੇ ਹਨ। ਭਵਿੱਖੀ ਧਰਮ ਦੇ ਮੇਰੇ ਖਾਕੇ ਵਿੱਚ ਬੰਦਾ ਪ੍ਰਮਾਤਮਾ ਦੀ ਥਾਂ ਹੈ। ਸਾਥੀ ਮਨੁੱਖ ਸਾਡੀ ਉੱਚਤਮ ਤਰਜੀਹ ਹੋਣੇ ਚਾਹੀਦੇ ਹਨ। ਤੁਹਾਨੂੰ ਉਨ੍ਹਾਂ ਨੂੰ ਪੂਜਣ ਦੀ ਲੋੜ ਨਹੀਂ ਪਵੇਗੀ, ਬੱਸ ਸਿਰਫ ਉਨ੍ਹਾਂ ਨੂੰ ਜਿਸਮਾਨੀ ਜਾਂ ਮਾਨਸਿਕ ਦੁੱਖ ਦੇਣ ਤੋਂ ਹੀ ਬਚਣਾ ਹੋਵੇਗਾ।' ਅੱਗੇ ਕੁਝ ਹੋਰ ਬਦਲ ਇਉਂ ਦਿੱਤੇ ਗਏ ਹਨ –

'ਧਰਮਾਂ ਦੇ ਮੋਢੀ ਪੈਗੰਬਰ ਲੋਕਾਂ ਲਈ ਬੜੀ ਵੁੱਕਤ ਰਖਦੇ ਹਨ, ਪਰ ਉਨ੍ਹਾਂ ਦੀ ਪੂਜਾ ਕਰਨ ਦੀ ਥਾਂ ਉਨ੍ਹਾਂ ਨੂੰ ਇਤਿਹਾਸਕ ਪਾਤਰ ਮੰਨਿਆ ਜਾਣਾ ਚਾਹੀਦਾ ਹੈ ਜਿਨ੍ਹਾਂ ਨੇ ਸਮਾਜ ਵਿੱਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ।'

'ਪੂਜਾ ਸਥਾਨਾਂ ਨੂੰ ਸਕੂਲਾਂ, ਕਾਲਜਾਂ ਜਾਂ ਹਸਪਤਾਲਾਂ ਵਿੱਚ ਬਦਲ ਦੇਣਾ ਚਾਹੀਦਾ ਹੈ ਜਾਂ ਫੇਰ ਉਨ੍ਹਾਂ ਨੂੰ ਇਤਿਹਾਸਕ ਸਮਾਰਕਾਂ ਵਜੋਂ ਸਾਂਭ ਲੈਣਾ ਚਾਹੀਦਾ ਹੈ।'

'ਮੈਂ ਪ੍ਰਾਰਥਨਾ ਦੀ ਥਾਂ ਵੀ ਭਲਾ ਕੰਮ ਕਰਨ ਨੂੰ ਰੱਖਾਂਗਾ। ਮੰਤਰ ਜਪਣ ਜਾਂ ਗ੍ਰੰਥ ਪੜਨ ਦੀ ਬਜਾਏ ਆਪਣਾ ਘੱਟੋ ਘੱਟ ਇੱਕ ਘੰਟਾ ਹਰ ਰੋਜ਼ ਸਮਾਜ ਸੇਵਾ ਵਿੱਚ ਲਾਵੋ'

'ਪਰਿਵਾਰ ਨਿਯੋਜਨ ਸਾਡੇ ਧਰਮ ਦਾ ਅਟੁੱਟ ਅੰਗ ਹੋਣਾ ਚਾਹੀਦਾ ਹੈ।'

'ਸਾਡੇ ਵਾਤਾਵਰਣ ਦੀ ਸੁਰੱਖਿਆ ਵੀ ਸਾਡੇ ਧਰਮ ਦਾ ਇੱਕ ਅਨਿੱਖੜਵਾਂ ਅੰਗ ਹੋਣੀ ਚਾਹੀਦੀ ਹੈ।'

ਅਗਲੇ ਚੈਪਟਰ ਵਿੱਚ ਧਰਮ, ਸਹਿਣਸ਼ੀਲਤਾ ਅਤੇ ਚਮਤਕਾਰਾਂ ਦੀ ਗੱਲ ਕੀਤੀ ਗਈ ਹੈ।ਲੇਖਕ ਉਦਾਹਰਣਾਂ ਦੇ ਦੇ ਕੇ ਸਪਸ਼ਟ ਕਰਦਾ ਹੈ ਕਿ ਧਾਰਮਿਕ ਲੋਕ ਨਾ ਸਿਰਫ ਦੂਸਰੇ ਧਰਮਾਂ ਪ੍ਰਤੀ ਵੈਰ ਭਾਵਨਾ ਰਖਦੇ ਹਨ ਸਗੋਂ ਹਰ ਧਰਮ ਦੇ ਵੱਖ ਵੱਖ ਫਿਰਕਿਆਂ ਵਿਚਕਾਰ ਵੀ ਖ਼ੂਨੀ ਜੰਗ ਚਲਦੀ ਰਹਿੰਦੀ ਹੈ। ਇਸੇ ਤਰ੍ਹਾਂ ਸਾਰੇ ਧਰਮ ਚਮਤਕਾਰਾਂ ਪ੍ਰਤੀ ਅੰਧਵਿਸ਼ਵਾਸੀ ਨਜ਼ਰੀਆ ਹੀ ਰਖਦੇ ਹਨ।

ਅੱਗੇ ਤਿੰਨ ਚੈਪਟਰ ਕੁਰਾਨ ਅਤੇ ਮੁਸਲਿਮ ਧਰਮ ਬਾਰੇ ਹਨ ਅਤੇ ਫਿਰ ਤਿੰਨ ਚੈਪਟਰ ਹੀ ਸਿੱਖ ਧਰਮ ਬਾਰੇ ਹਨ। ਇਹ ਛੇ ਚੈਪਟਰ ਇਨ੍ਹਾਂ ਬਾਰੇ ਆਮ ਜਾਣਕਾਰੀ ਦੇ ਹਨ ਅਤੇ ਮੁਸਲਮਾਨਾਂ ਵਿਰੁੱਧ ਪਾਏ ਜਾਣ ਵਾਲੇ ਕੁਝ ਤੁਅੱਸਬਾਂ ਦੇ ਜਵਾਬ ਦਿੱਤੇ ਗਏ ਹਨ।

ਆਖਰੀ ਛੇ ਚੈਪਟਰ ਛੋਟੇ ਛੋਟੇ ਅਖਬਾਰੀ ਲੇਖ ਹਨ

ਜਿਨ੍ਹਾਂ ਦੇ ਵਿਸ਼ੇ ਹਨ - ਧਰਮ ਬਨਾਮ ਨੈਤਕਿਤਾ, ਰੱਬ ਵਿਕਾਊ ਨਹੀਂ, ਧਾਰਮਿਕ ਜਲੂਸਾਂ ਉੱਤੇ ਪਾਬੰਦੀ ਦੀ ਲੋੜ, ਤਲਾਸ਼, ਪੂਰਨ ਸੋਝੀ ਵਾਲਾ ਬੰਦਾ ਦਲਾਈਲਾਮਾ, ਪੰਜ-ਤਾਰਾ ਧਰਮ ਸਵਾਮੀ ਵਿਵੇਕਾਨੰਦ। ਇਹ ਲੇਖ ਵੀ ਧਰਮ ਦੇ ਤਹਿਤ ਕੀਤੀ ਜਾਂਦੀ ਪਾਖੰਡਬਾਜੀ ਆਦਿ ਬਾਰੇ ਚੋਭਾਂ ਲਾਉਂਦੇ ਹਨ। ਦਲਾਈ ਲਾਮਾ ਦੀ ਸ਼ਖ਼ਸੀਅਤ ਅਤੇ ਵਿਵਹਾਰ ਤੋਂ ਖੁਸ਼ਵੰਤ ਸਿੰਘ ਪ੍ਰਭਾਵਿਤ ਹੁੰਦਾ ਹੈ ਪਰ ਇਸ ਦੇ ਬਾਵਜੂਦ ਉਹ ਆਪਣੇ ਸ਼ੰਕਿਆਂ ਦੇ ਦਲਾਈਲਾਮਾ ਵੱਲੋਂ ਦਿੱਤੇ ਗਏ ਜਵਾਬਾਂ ਤੋਂ ਸਤੁੰਸ਼ਟ ਨਹੀਂ ਹੁੰਦਾ ਅਤੇ ਉਸ ਤੋਂ ਕਸੂਤੇ ਸਵਾਲ ਪੁੱਛਣੇ ਜਾਰੀ ਰਖਦਾ ਹੈ। ਵਿਵੇਕਾਨੰਦ ਬਾਰੇ ਉਸਦਾ ਨਿਰਣਾ ਹੈ ਕਿ ਉਹ ਵਕਤਾ ਚੰਗਾ ਸੀ ਪਰ ਕਿਸੇ ਵੀ ਹਾਲਤ ਵਿੱਚ ਓਨਾ ਵੱਡਾ ਚਿੰਤਕ ਨਹੀਂ ਸੀ ਜਿੰਨਾਂ ਉਸ ਦੇ ਪ੍ਰਸ਼ੰਸਕ ਉਸ ਨੂੰ ਦਿਖਾਉਂਦੇ ਹਨ ਅਤੇ ਨਾ ਹੀ ਉਸ ਦੀਆਂ ਤਕਰੀਰਾਂ ਨੇ ਪੱਛਮ ਨੂੰ ਹਿਲਾ ਕੇ ਰੱਖ ਦਿੱਤਾ ਸੀ।

ਖੁਸ਼ਵੰਤ ਆਪਣੇ ਆਪ ਨੂੰ ਰੈਸ਼ਨਲਿਸਟ ਨਹੀਂ ਕਹਿੰਦਾ, ਉਹ ਖ਼ੁਦ ਨੂੰ ਸ਼ੰਕਾਵਾਦੀ ਮੰਨਦਾ ਹੈ ਭਾਵ ਸਥਾਪਿਤ ਧਾਰਨਾਵਾਂ ਵਿੱਚ ਕਿੰਤੂ ਰਹਿਤ ਵਿਸ਼ਵਾਸ ਨਹੀਂ ਕਰਦਾ ਸਗੋਂ ਉਨ੍ਹਾਂ ਬਾਰੇ ਸਵਾਲ ਕਰਦਾ ਹੈ। ਪਰ ਧਰਮ ਦੇ ਖੇਤਰ ਵਿੱਚ ਸ਼ੰਕੇ ਪ੍ਰਗਟ ਕਰਦਿਆਂ ਕਰਦਿਆਂ ਉਹ ਤਰਕਸ਼ੀਲਾਂ ਦੇ ਬਹੁਤ ਨੇੜੇ ਚਲਾ ਜਾਂਦਾ ਹੈ। ਦੂਸਰਾ ਉਸਦੀ ਬੌਧਿਕ ਪ੍ਰਤਿਭਾ, ਲੰਮਾ ਅਤੇ ਵੰਨ ਸੁਵੰਨਾ ਜੀਵਨ ਤਜਰਬਾ ਅਤੇ ਵੱਡੇ ਲੇਖਕ ਵਜੋਂ ਉਸਦਾ ਸਥਾਨ ਉਸਨੂੰ ਇਸ ਕਾਬਲ ਬਣਾਉਂਦਾ ਹੈ ਕਿ ਉਹ ਧਰਮ ਵਰਗੇ ਵਰਤਾਰਿਆਂ ਬਾਰੇ ਵੀ ਅਜਿਹੀਆਂ ਬੇਬਾਕ ਟਿੱਪਣੀਆਂ ਕਰ ਸਕੇ ਜੋ ਹੋਰ ਲੇਖਕ ਕਰਨ ਤੋਂ ਕੰਨੀ ਕਤਰਾ ਜਾਂਦੇ ਹਨ। ਇਨ੍ਹਾਂ ਕਾਰਣਾਂ ਕਰ ਕੇ ਮੈਂ ਇਸ ਨੂੰ ਇੱਕ ਪੜ੍ਹਨਯੋਗ ਪੁਸਤਕ ਵਜੋਂ ਸਿਫਾਰਸ਼ ਕਰਦਾ ਹਾਂ।

- ਰਾਜਪਾਲ ਸਿੰਘ. 98767 10809

ਇਕਾਈ ਭਦੌੜ ਸਹਾਇਤਾ

ਕੁਲਦੀਪ ਸਿੰਘ ਸੈਕਟਰੀ, ਬੁਰਜ (ਆਪਣੇ ਬੇਟੇ ਦੀ ਸ਼ਾਦੀ 'ਤੇ)	500
ਅਮਰਜੀਤ ਸਿੰਘ ਲੰਗੇਆਣਾ (ਆਪਣੀ ਬੇਟੀ ਦੀ ਸ਼ਾਦੀ 'ਤੇ)	600

ਜੇ ਪਰਾਗਦਾਨੀ ਨਾ ਰਹੇ

ਵਿਜੈ ਬੰਬੇਲੀ

ਪੌਦੇ, ਕੁਦਰਤੀ ਵਾਤਾਵਰਣ ਅਤੇ ਮਨੁੱਖ ਦਾ ਅਹਿਮ ਅੰਗ ਹਨ। ਪੌਦਿਆਂ ਦੇ ਜੀਵਨ-ਚੱਕਰ ਦੇ ਬਣੇ ਰਹਿਣ ਵਿੱਚ ਪਰਾਗਦਾਨੀਆਂ (ਛੋਟੇ ਕੀੜੇ, ਕੀਟਾਂ, ਪਤੰਗੇ, ਤਿਤਲੀਆਂ ਅਤੇ ਸ਼ਹਿਦ ਦੀਆਂ ਮੱਖੀਆਂ ਆਦਿ) ਦਾ ਅਹਿਮ ਯੋਗਦਾਨ ਹੁੰਦਾ ਹੈ। ਸਾਡੀ ਧਰਤੀ ਉੱਤੇ ਕਰੀਬ 2,50,000 (ਢਾਈ ਲੱਖ) ਕਿਸਮਾਂ ਦੇ ਫੁੱਲਾਂ/ਸਿੱਟਿਆਂ ਵਾਲੇ ਪੌਦੇ ਮੌਜੂਦ ਹਨ। ਇੰਨ੍ਹਾਂ ਵਿੱਚ ਲਗਭਗ 60 ਫੀਸਦੀ ਪੌਦੇ, ਪਰਾਗਦਾਨੀ ਜੀਵਾਂ ਦੀ ਮਦਦ ਨਾਲ ਫਲ ਅਤੇ ਬੀਜ ਪੈਦਾ ਕਰਦੇ ਹਨ। ਪਰਾਗਦਾਨੀਆਂ ਦੀ ਅਚੇਤ/ਸੁਚੇਤ ਮਦਦ ਤੋਂ ਬਿਨਾਂ ਪੌਦਿਆਂ ਅੰਦਰ ਨਰ ਤੇ ਮਾਦਾ ਵੰਨਗੀਆਂ ਦਾ ਆਪਸੀ ਸੰਸੇਚਨ ਸੰਭਵ ਨਹੀਂ ਹੁੰਦਾ। ਭਾਵੇਂ ਕਾਈ ਅਤੇ ਸਾਵਲ ਦੇ ਪੌਦੇ ਖੁਦ-ਬ-ਖੁਦ ਪ੍ਰਫੁਲਤ ਹੋਣ, ਵਿਗਸਣ ਦੇ ਸਮਰੱਥ ਹਨ, ਪ੍ਰੰਤੂ ਅਨਾਜ ਦੀ ਹਰ ਤੀਜੀ ਵੰਨਗੀ ਅਤੇ ਫਲਾਂ ਦੀਆਂ ਤਕਰੀਬਨ ਸਾਰੀਆਂ ਵੰਨਗੀਆ ਨੂੰ ਪਰਾਗਦਾਨੀਆਂ ਦੀ ਮਦਦ ਦੀ ਲੋੜ ਪੈਂਦੀ ਹੈ। ਅਰਥਾਤ ਪਰ-ਪਰਾਗਣ ਲਈ ਨਰ ਫੁੱਲ ਤੋਂ ਪਰਾਗ-ਕਣ, ਉਸੇ ਵੰਨਗੀ ਦੇ ਮਾਦਾ ਫੁੱਲ ਦੇ ਸਟਿਗਮਾ (Stigma) ਉੱਤੇ ਪਹੁੰਚਾਉਣ ਦੀ ਕਿਰਿਆ ਨੂੰ ਪਰਾਗਦਾਨ ਕਿਹਾ ਜਾਂਦਾ ਹੈ। ਜਿਸ ਬਿਨਾਂ ਜਨਣ ਕਿਰਿਆ ਸੰਭਵ ਨਹੀਂ ਅਤੇ ਪੌਦੇ ਵੀ ਮਨੁੱਖ ਅਤੇ ਕੁਦਰਤ ਪ੍ਰਤੀ ਆਪਣੀ ਵਿਸ਼ੇਸ਼ ਭੂਮਿਕਾ ਨਹੀਂ ਨਿਭਾਅ ਸਕਦੇ। ਅੰਕੜਿਆਂ ਅਨੁਸਾਰ ਵਿਸ਼ਵ ਭਰ ਵਿੱਚ ਲੱਗਭੱਗ 2,00,000 (ਦੋ ਲੱਖ) ਕਿਸਮਾਂ ਦੇ ਜੀਵ ਪਰਾਗਦਾਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਸਾਰੇ ਜੀਵ, ਬਨਸਪਤੀ ਅਤੇ ਪ੍ਰਾਣੀ ਜਗਤ ਦੀ ਵਿਭਿੰਨਤਾ ਬਣਾਈ ਰੱਖਣ ਅਤੇ ਫਸਲੀ ਪੈਦਾਵਾਰ ਦੇ ਵਾਧੇ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਸਮੁੱਚੇ ਸੰਸਾਰ ਵਿੱਚ ਕਰੀਬ 1330 ਕਿਸਮ ਦੀਆਂ ਫਸਲਾਂ ਉਗਾਈਆਂ ਜਾਂਦੀਆਂ ਹਨ। ਭਾਵੇਂ ਫਲ ਹੋਣ ਜਾਂ ਸਬਜੀਆਂ, ਫਲੀਦਾਰ ਜਾਂ ਚਾਹ ਤੇ ਕੌਫੀ ਦੇ ਬਗਾਨ, ਤਕਰੀਬਨ ਸਭ ਨੂੰ ਪਰਾਗਦਾਨੀ ਜੀਵਾਂ/ਕੀਟਾਂ ਦੀ ਲੋੜ ਪੈਂਦੀ ਹੈ। ਮਨੁੱਖੀ ਆਪਹੁਦਰੀਆਂ ਅਤੇ ਮੁਨਾਫੇ ਦੀ ਹਵਸ਼ ਕਾਰਨ ਕੁਝ ਕੁ ਸਾਲਾਂ ਦੌਰਾਨ ਹੀ ਬਹੁਤ ਸਾਰੀਆਂ ਬਨਸਪਤਕ ਵੰਨਗੀਆਂ ਅਤੇ ਪਗਾਰਦਾਨੀਆਂ ਦੀਆਂ ਨਸਲਾਂ ਜਾਂ ਜਨਸੰਖਿਆ ਵਿੱਚ ਖਾਤਮਾ ਜਾਂ ਵੱਡਾ ਘਾਟਾ ਵੇਖਿਆ ਗਿਆ ਹੈ। ਅੰਤਰ ਰਾਸ਼ਟਰੀ ਕੁਦਰਤੀ ਸਰੰਖਿਅਣ ਸੰਸਥਾ ਅਨੁਸਾਰ ਅਗਲੇ ਕੁਝ ਦਹਾਕਿਆਂ ਤਾਈਂ ਪਰਾਗਦਾਨੀਆਂ ਦੇ ਨਿਘਾਰ ਕਾਰਨ ਫੁੱਲਾਂ ਵਾਲੇ ਪੌਦਿਆਂ ਦੀਆਂ 20000 (ਵੀਹ ਹਜਾਰ) ਵੰਨਗੀਆਂ ਦੇ ਖਤਮ ਹੋ ਜਾਣ ਦਾ ਅੰਦੇਸ਼ਾ ਹੈ। ਫਲ, ਫੁੱਲ, ਸਬਜ਼ੀਆਂ ਅਤੇ ਅਨਾਜ ਦੀਆਂ ਵੰਨਗੀਆਂ ਮੁਹੱਈਆ ਕਰਾਉਣ ਤੋਂ ਬਿਨਾਂ, ਪਰਾਗਦਾਨੀ ਧਰਤੀ ਦੀ ਖੂਬਸੂਰਤੀ ਵਧਾਉਣ ਦੇ ਨਾਲ-ਨਾਲ, ਪ੍ਰਿਥਵੀ ਦੇ ਵਾਤਾਵਰਣ ਨੂੰ ਸਾਫ ਸੁਥਰਾ, ਸੁਖਮ ਤੇ ਵਿਆਪਕ ਦੋਨੋਂ ਹੀ ਸਤਰਾਂ ਉੱਤੇ ਨਿਯੰਤ੍ਰਣ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਕ ਵੰਨਗੀ ਦੇ ਪੌਦੇ ਜਾਂ ਜੀਵ ਦੇ ਖਤਮ ਹੋ ਜਾਣ ਉੱਤੇ, ਉਸ ਵੰਨਗੀ ਉੱਤੇ ਨਿਰਭਰ 10 ਤੋਂ 20 ਵੰਨਗੀਆਂ ਦੇ ਜੀਵਾਂ ਜਾਂ ਪੌਦਿਆਂ ਦਾ ਜੀਵਨ ਖਤਰੇ ਵਿੱਚ ਪੈ ਜਾਂਦਾ ਹੈ। ਭਲਾ! ਫਿਰ ਮਨੁੱਖ ਕਿੰਨਾ ਕੁ ਚਿਰ ਜਿਉਂਦਾ ਰਹੇਗਾ? 099634-39075

ਤਰਕਸ਼ੀਲ ਪਰਿਵਾਰਾਂ ਦੇ ਆਦਰਸ਼ ਵਿਆਹ

ਤਰਕਸ਼ੀਲਤਾ ਇੱਕ ਜੀਵਨ ਜਾਂਚ ਹੈ। ਇਹ ਜਾਂਚ ਜਿੰਦਗੀ ਨੂੰ ਸੁਖਾਵੇਂ ਰੁਖ਼ ਤਾਂ ਤੋਰਦੀ ਹੀ ਹੈ, ਨਾਲ ਹੀ ਹੋਰਨਾਂ ਨੂੰ ਵੀ ਪ੍ਰੇਰਿਤ ਕਰਦੀ ਹੈ। ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦੀ ਅਗਵਾਈ 'ਚ ਪਿਛਲੇ ਤਿੰਨ ਦਹਾਕਿਆਂ ਤੋਂ ਸੱਭਿਆਚਾਰ, ਸਾਹਿਤ, ਮਾਨਸਿਕ ਸਿਹਤ ਆਦਿ ਖੇਤਰਾਂ 'ਚ ਮਹੱਤਵਪੂਰਨ ਰੋਲ ਨਿਭਾਉਂਦਿਆਂ ਮੈਡੀਕਲ ਖੋਜ ਕਾਰਜਾਂ ਲਈ ਨਵੀਆਂ ਪਿਰਤਾਂ ਪਾ ਕੇ ਸਮਾਜ ਨੂੰ ਸੇਧ ਦਿੱਤੀ ਗਈ ਹੈ। ਤਰਕਸ਼ੀਲਾਂ ਨੇ ਖੁਸ਼ੀ ਦੇ ਮੌਕਿਆਂ ਤੇ ਵੀ ਅਜਿਹੀ ਜੀਵਨ ਜਾਂਚ ਨੂੰ ਅਪਣਾਇਆ ਹੈ। ਲਹਿਰ ਦੀ ਅਗਵਾਈ ਕਰਨ ਵਾਲੇ ਤਰਕਸ਼ੀਲ ਆਗੂਆਂ ਦੇ ਪਰਿਵਾਰਾਂ ਨੂੰ ਖ਼ਪਤ ਸੱਭਿਆਚਾਰ ਤੇ ਪੂੰਜੀਵਾਦੀ ਕਦਰਾਂ ਕੀਮਤਾਂ ਨੂੰ ਮੂਲੋ ਨਕਾਰਦਿਆਂ ਆਪਣੀਆਂ ਖੁਸ਼ੀਆਂ ਨੂੰ ਸਾਦੇ ਢੰਗ ਨਾਲ ਸੁਚੱਜੇ ਰੂਪ ਸੰਵਾਰ ਕੇ ਲੋਕਾਂ ਸਾਹਵੇਂ ਇੱਕ ਬਦਲ ਦੇਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ। ਤਰਕਸ਼ੀਲ ਲਹਿਰ ਦੇ ਮਰਹੂਮ ਨਾਇਕ ਕ੍ਰਿਸ਼ਨ ਬਰਗਾੜੀ, ਚੰਨਣ ਵਾਂਦਰ ਤੇ ਭੂਰਾ ਸਿੰਘ ਮਹਿਮਾ ਸਰਜਾ ਦੇ ਪਰਿਵਾਰਾਂ ਨੇ ਖੁਸ਼ੀ ਦੇ ਪਲਾਂ ਨੂੰ ਤਰਕਸ਼ੀਲ ਜੀਵਨ ਜਾਂਚ ਨਾਲ ਚਾਰ ਚੰਨ ਲਾਏ।

ਬਰਗਾੜੀ ਪਰਿਵਾਰ ਦੇ ਬੇਟੇ ਰਵਿੰਦਰ ਪ੍ਰੀਤ ਦਾ ਵਿਆਹ ਬਿਕਰਮਜੀਤ ਬਠਿੰਡਾ ਦੀ ਬੇਟੀ ਅਮਨਦੀਪ ਪਾਲ ਨਾਲ ਤੈਅ ਹੋਇਆ ਦੋਵੇਂ ਪਰਿਵਾਰ ਤਰਕਸ਼ੀਲ ਵਿਚਾਰਾਂ ਦੇ ਧਾਰਨੀ ਹੋਣ ਕਾਰਣ ਕੋਈ ਰਹੁ ਰੀਤ ਕਰਨ ਦਾ ਸਵਾਲ ਹੀ ਨਹੀਂ ਪੈਦਾ ਹੋਇਆ। 23 ਦਸੰਬਰ 2012 ਨੂੰ ਬਠਿੰਡਾ ਵਿਖੇ ਸਾਦੇ ਤੇ ਪ੍ਰਭਾਵਸ਼ਾਲੀ ਸਮਾਰੋਹ 'ਚ ਖੁਸ਼ੀ ਦਾ ਇਹ ਦਿਹਾੜਾ ਸੰਪਨ ਹੋਇਆ। ਤਰਕਸ਼ੀਲ ਲਹਿਰ ਦੇ ਸਨੇਹੀਆਂ ਤੇ ਦੋਹਾਂ ਪਰਿਵਾਰਾਂ ਦੇ ਰਿਸ਼ਤੇਦਾਰ ਮਿੱਤਰਾਂ ਦੀ ਹਾਜ਼ਰੀ 'ਚ ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰਾਂ ਨੇ ਮਾਸਟਰ ਰਾਮ ਕੁਮਾਰ ਦੀ ਅਗਵਾਈ 'ਚ ਸੰਗੀਤ ਦੀਆਂ ਤਰੰਗਾਂ ਛੇੜਦਿਆਂ ਖੁਸ਼ੀ ਦੇ ਅਵਸਰ ਤੇ ਆਪਣੇ ਗੀਤਾਂ ਦੇ ਬੋਲਾਂ ਨਾਲ ਖੁਸ਼ੀ ਦੇ ਰੰਗ ਨੂੰ ਦੁੱਗਣਾ ਕੀਤਾ। ਇਸ ਮੌਕੇ ਜੁੜੇ ਸਨੇਹੀਆਂ ਨੂੰ ਸਬੋਧਨ ਕਰਦਿਆਂ ਤਰਕਸ਼ੀਲ ਲਹਿਰ ਦੇ ਆਗੂਆਂ ਹੇਮਰਾਜ ਸਟੈਨੋ, ਭੂਰਾ ਸਿੰਘ ਮਹਿਮਾ ਸਰਜਾ ਨੇ ਬਰਗਾੜੀ ਪਰਿਵਾਰ ਵੱਲੋਂ ਤਰਕਸ਼ੀਲ ਲਹਿਰ ਤੇ ਸਮਾਜ ਦੇ ਭਲੇ ਲਈ ਪਾਈਆਂ ਪੈੜਾਂ ਦੀ ਚਰਚਾ ਕਰਦਿਆਂ ਇਸ ਸਾਦੇ ਸਮਾਰੋਹ 'ਚ ਕੀਤੇ ਗਏ ਵਿਆਹ ਦੀ ਪ੍ਰਸੰਸਾ ਕੀਤੀ। ਐਡਵੋਕੇਟ ਅਵਤਾਰ ਗੋਦਾਰਾ ਨੇ ਇਸ ਵਿਆਹ ਸਮਾਗਮ ਨੂੰ ਕ੍ਰਿਸ਼ਨ ਬਰਗਾੜੀ ਦੀ ਸੋਚ ਤੇ ਆਦਰਸ਼ਾਂ ਦੇ ਅਨੁਕੂਲ ਦੱਸਿਆ। ਮੰਚ ਤੇ ਬੈਠੀ ਨਵ ਵਿਆਹੀ ਜੋੜੀ ਰਵਿੰਦਰਪ੍ਰੀਤ ਤੇ ਅਮਨਦੀਪ ਪਾਲ ਨੇ ਆਪਣੇ ਪਰਿਵਾਰਾਂ ਤੇ ਸਨੇਹੀਆਂ ਨਾਲ ਯਾਦਗਾਰੀ ਤਸਵੀਰਾਂ ਤਾਂ ਖਿਚਾਈਆਂ ਪਰ ਕਿਸੇ ਕਿਸਮ ਦਾ ਕੋਈ ਲੈਣ ਦੇਣ ਨਹੀ ਕੀਤਾ। ਲੱਗਭਗ 2 ਘੰਟੇ ਚੱਲੇ ਇਸ ਖੁਸ਼ੀ ਦੇ ਸਮਾਰੋਹ 'ਚ ਖਾਣੇ ਉਪਰੰਤ ਸਨੇਹੀਆਂ ਨੇ ਪਰਿਵਾਰਾਂ ਤੋਂ ਵਿਦਾ ਲਈ।

ਇਸੇ ਆਦਰਸ਼ ਵਿਆਹ ਦੀ ਪਿਰਤ ਨੂੰ ਅਗਾਂਹ ਤੋਰਦਿਆਂ ਕ੍ਰਿਸ਼ਨ ਬਰਗਾੜੀ ਯਾਦਗਾਰੀ ਮਸ਼ਵਰਾ ਕੇਂਦਰ ਦੇ ਇੰਚਾਰਜ ਚੰਨਣ ਵਾਂਦਰ ਦੇ ਬੇਟੇ ਮਨਪ੍ਰੀਤ ਸਿੰਘ ਤੇ ਤਰਕਸ਼ੀਲ ਆਗੂ ਭੂਰਾ ਸਿੰਘ ਮਹਿਮਾ ਸਰਜਾ ਦੀ ਬੇਟੀ ਨੀਲ ਕਮਲ ਦਾ ਵਿਆਹ ਵੀ ਸਨੇਹੀਆਂ ਰਿਸ਼ਤੇਦਾਰਾਂ ਦੀ ਹਾਜ਼ਰੀ 'ਚ 16 ਮਾਰਚ 2013 ਨੂੰ ਬਠਿੰਡਾ ਵਿਖੇ ਹੋਇਆ। ਜੁੜੇ ਮਿੱਤਰਾਂ ਨੂੰ ਤਰਕਸ਼ੀਲ ਸੁਸਾਇਟੀ ਦੇ ਸੂਬਾਈ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ ਤੇ ਇਸ ਪਿਰਤ ਦੀ ਸ਼ਲਾਘਾ ਕੀਤੀ। ਇਸ ਮੌਕੇ ਬੋਲਦਿਆਂ ਤਰਕਸ਼ੀਲ ਆਗੂ ਰਜਿੰਦਰ ਭਦੌੜ ਨੇ ਸਮਾਜ ਨੂੰ ਸੋਹਣਾ ਤੇ ਸੁਖਾਵਾਂ ਬਣਾਉਣ ਲਈ ਅਜਿਹੀਆਂ ਪਿਰਤਾਂ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੌਕੇ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ। ਬਗੈਰ ਕਿਸੇ ਲੈਣ ਦੇਣ ਤੇ ਰਸਮ ਤੋਂ ਹੋਇਆ ਜੀਵਨ ਸਾਂਝ ਦਾ ਇਹ ਵਿਲੱਖਣ ਵਿਆਹ ਸਮਾਰੋਹ ਖੁਸ਼ੀਆਂ 'ਚ ਨੇਪਰੇ ਚੜ੍ਹਿਆ। ਇਸ ਸਮਾਰੋਹ ਵਿਚ ਹੋਰਨਾਂ ਤੋਂ ਇਲਾਵਾ ਹਰਚੰਦ ਭਿੰਡਰ, ਰਾਮ ਕੁਮਾਰ ਪਟਿਆਲਾ, ਹੇਮ ਰਾਜ ਸਟੈਨੋ, ਹਰਦੇਵ ਸਿੰਘ ਕਾਲਾਂਵਾਲੀ, ਕੁਲਵੰਤ ਕੌਰ ਪਟਿਆਲਾ, ਰਣਜੀਤ ਸਿੰਘ ਬਠਿੰਡਾ ਆਦਿ ਤਰਕਸ਼ੀਲ ਆਗੂ ਵੀ ਹਾਜ਼ਰ ਸਨ। ਤਰਕਸ਼ੀਲ ਪਰਿਵਾਰਾਂ ਵੱਲੋਂ ਪਰਿਵਾਰਾਂ ਦੀ ਆਪਸੀ ਸਾਂਝ ਤੇ ਸਮਾਜ ਨੂੰ ਸੇਧ ਦੇਣ ਲਈ ਧਾਰਮਿਕ ਰਸਮਾਂ, ਫੋਕੇ ਆਡੰਬਰਾਂ ਤੋਂ ਮੁਕਤ ਰਚਾਏ ਗਏ ਵਿਆਹ ਸਮਾਰੋਹ ਆਪਣੇ ਆਪ 'ਚ ਸਰਾਹੁਣਯੋਗ ਤੇ ਪ੍ਰੇਰਨਾ ਸਰੋਤ ਹਨ। ਇਸ ਅਮਲ ਨੂੰ ਜੀ ਆਇਆਂ ਨੂੰ ਕਹਿਣ ਦੇ ਨਾਲ-ਨਾਲ ਅਜਿਹੇ ਸਮਾਰੋਹਾਂ ਨੂੰ ਆਪਣੀ ਜੀਵਨ ਜਾਂਚ ਦਾ ਹਿੱਸਾ ਬਣਾਉਣ ਲਈ ਸੁਹਿਰਦਤਾ ਨਾਲ ਯਤਨਸ਼ੀਲ ਹੋਣਾ ਚਾਹੀਦਾ ਹੈ।

ਰਾਮ ਸਵਰਨ ਲੱਖੇਵਾਲੀ



ਰਵਿੰਦਰਪ੍ਰੀਤ-ਅਮਨਦੀਪ ਪਾਲ


ਮਨਪ੍ਰੀਤ-ਨੀਲ ਕਮਲ



ਹੁੰਗਾਰੇ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



ਤਰਕਸ਼ੀਲ ਦਾ ਮਾਰਚ-ਅਪ੍ਰੈਲ ਅੰਕ ਹਰ ਵਾਰ ਦੀ ਤਰ੍ਹਾਂ ਹੀ ਵਧੀਆ ਸੀ। ਜਸਵੰਤ ਮੋਹਾਲੀ ਦਾ ਲੇਖ ਪੜ੍ਹ ਕੇ ਪਤਾ ਲੱਗਾ ਕਿ ਚੋਟੀ ਦੇ ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਰੱਬ ਵਾਰੇ ਸੋਚ ਵੀ ਸਰਸਬਾਂਝੀ ਸੀ। ਚਲੋ ਫਿਰ ਵੀ ਉਨ੍ਹਾਂ ਦੀ ਸੋਚ ਸਾਡੇ ਸਮਕਾਲੀ ਉਨ੍ਹਾਂ ਲੇਖਕਾਂ ਨਾਲੋਂ ਤਾਂ ਵਧੀਆ ਹੀ ਸੀ ਜਿੰਨ੍ਹਾਂ ਲੇਖਕਾਂ ਦੀ ਕਲਮ-ਕਿਸਮਤ, ਰੱਬ, ਧਰਮ ਦੇ ਸ਼ਬਦਾਂ ਤੋਂ ਬਿਨਾਂ ਅੱਗੇ ਤੁਰਦੀ ਹੀ ਨਹੀਂ। ਇਹੋ ਜਿਹੇ ਲੇਖਕ ਹਮੇਸ਼ਾਂ ਅਜਿਹੇ ਰੱਸਿਆਂ ਨਾਲ ਹੀ ਆਪਣੀ ਕਲਮ ਨੂੰ ਬੰਨ੍ਹੀ ਰੱਖਦੇ ਹਨ। ਅੱਜ ਤੋਂ 10 ਕੁ ਸਾਲ ਪਹਿਲਾਂ ਮੈਂ ਇਸ ਮੈਗਜ਼ੀਨ ਨੂੰ ਖਰੀਦਣ ਲੱਗਿਆ 10 ਵਾਰ ਸੋਚਦਾ ਹੁੰਦਾ ਸੀ ਪਰ ਅੱਜ ਮੈਨੂੰ ਇਸ ਦੀ ਅਸਲ ਕੀਮਤ ਦਾ ਪਤਾ ਚੱਲਿਆ ਹੈ ਕਿ ਇਸ ਨੇ ਮੇਰਾ ਆਰਥਕ ਅਤੇ ਮਾਨਸਿਕ ਤੌਰ ਤੇ ਕਿੰਨਾ ਫ਼ਾਇਦਾ ਕੀਤਾ ਹੈ।

ਗੋਰਾ ਹੁਸ਼ਿਆਰਪੁਰੀ, ਮੋਹਾਲੀ, 97793-32761

ਆਪ ਜੀ ਦੇ ਉਪਰਾਲੇ ਸਦਕਾ ਤਰਕਸ਼ੀਲ ਮੈਗਜੀਨ ਦਾ ਮਾਰਚ-ਅਪ੍ਰੈਲ 2013 ਦਾ ਅੰਕ ਅਸੀਂ ਪੜ੍ਹਿਆ ਹੈ। ਤਰਕਸ਼ੀਲ ਮੈਗਜ਼ੀਨ ਵਿੱਚ ਜਿੱਥੇ ਵਹਿਮਾਂ, ਭਰਮਾਂ ਤੋਂ ਆਮ ਲੋਕਾਂ ਨੂੰ ਕੱਢਣ ਦਾ ਯਤਨ ਹੈ ਉਥੇ ਹੀ ਬਹੁਤ ਸਾਰੀਆਂ ਗਿਆਨ ਵਿੱਚ ਵਾਧਾ ਕਰਨ ਵਾਲੀਆਂ ਸੂਚਨਾਵਾਂ ਸ਼ਾਮਿਲ ਹਨ। ਇਸ ਅੰਕ ਵਿੱਚ ਐਡਵੋਕੇਟ ਹਰਿੰਦਰ ਲਾਲੀ ਵੱਲੋਂ ਦਿੱਤੀ ਸ਼ੋਰ ਪ੍ਰਦੂਸ਼ਨ 'ਤੇ ਜਾਣਕਾਰੀ ਆਮ ਲੋਕਾਂ ਲਈ ਬਹੁਤ ਲਾਭਕਾਰੀ ਹੈ। ਸਾਡੇ ਆਲੇ ਦੁਆਲੇ ਇੰਨਾਂ ਕੁੱਝ ਵਾਪਰ ਰਿਹਾ ਹੈ ਜਿਸਦਾ ਕਾਨੂੰਨ ਵਿੱਚ ਪ੍ਰਾਵਧਾਨ ਹੋਣ ਦੇ ਬਾਵਜੂਦ ਲੋਕਾਂ ਨੂੰ ਨਾ ਪਤਾ ਹੋਣ ਕਾਰਨ ਉਹ ਕਾਨੂੰਨ ਕਿਸੇ ਕੰਮ ਨਹੀਂ ਆ ਰਹੇ ਹਨ। ਇਸ ਤਰ੍ਹਾਂ ਦੀਆਂ ਜਾਣਕਾਰੀਆਂ ਮੁਹੱਈਆ ਕਰਵਾਉਣ ਲਈ ਅਦਾਰੇ ਦਾ ਧੰਨਵਾਦ ਕਰਦਾ ਹਾਂ।

ਪੰਕਜ ਮਲਹੋਤਰਾ, ਪਟਿਆਲਾ, 94173-75034

ਜਨਵਰੀ-ਫਰਵਰੀ ਦਾ ਤਰਕਸ਼ੀਲ ਅੰਕ ਪੜ੍ਹਿਆ। ਇਸ ਅੰਕ ਵਿੱਚ ਹੇਮਰਾਜ ਸਟੈਨੋ ਦੀ ਰਚਨਾ ਸਿੱਧਾ ਵਿਦੇਸ਼ੀ (ਪੂੰਜੀ) ਨਿਵੇਸ਼, ਤਜ਼ਰਬਿਆਂ ਦਾ ਖਜ਼ਾਨਾ ਅਤੇ ਫਾਲਤੂ ਹੋਣ ਦਾ ਅਹਿਸਾਸ ਅਤੇ ਫਾਸਟ ਫੂਡ ਮਨੁੱਖ ਜਾਤੀ ਲਈ ਇੱਕ ਚੁਣੌਤੀ ਆਦਿ ਰਚਨਾਵਾਂ ਪ੍ਰਭਾਵਸ਼ਾਲੀ ਅਤੇ ਜਾਣਕਾਰੀ ਭਰਪੂਰ ਸਨ। ਕਹਾਣੀ 'ਸ਼ੁਦੈਣ' ਤਰਕਸ਼ੀਲ ਮੈਗਜ਼ੀਨ ਦੇ ਹਾਣ ਦੀ ਨਹੀਂ ਸੀ। ਮੈਗਜ਼ੀਨ ਵਿੱਚ ਹੋਰ ਰਚਨਾਵਾਂ ਜਿਵੇਂ ਧਾਰਮਿਕ ਸਥਾਨਾਂ ਤੇ ਮੌਤਾ ਕਿਉਂ?, ਵਿਗਿਆਨੀ ਜਿੰਨਾਂ ਨੂੰ ਸਨਮਾਨ ਦੀ ਬਜਾਏ ਮੌਤ ਮਿਲੀ ਅਤੇ ਰਾਮ ਸਿੰਘ ਨਿਰਮਾਣ ਦੀ ਰਚਨਾ 'ਵਧਾਈਆਂ' ਆਦਿ ਪ੍ਰਸ਼ੰਸਾਯੋਗ ਰਚਨਾਵਾਂ ਸਨ।

ਬਲਰਾਜ ਲੱਖੇਵਾਲੀ, ਸੁਮਨ ਬਾਲਾ, ਜੁਗਿੰਦਰਪਾਲ ਗਿੰਦਰ
ਕਿਲਾ ਨੌਂ ਫਰੀਦਕੋਟ, 98155-92951

ਤਰਕਸ਼ੀਲ ਦਾ ਮਾਰਚ-ਅਪ੍ਰੈਲ ਅੰਕ ਪੜ੍ਹਿਆ। ਸੰਪਾਦਕੀ ਵਿੱਚ ਪਾਠਕ੍ਰਮ ਵਿੱਚ ਲੋਕ ਪੱਖ ਦੇ ਵਿਰੋਧ ਵਿੱਚ ਹੋਣ ਵਾਲੀਆਂ ਤਬਦੀਲੀਆਂ ਪ੍ਰਤੀ ਜਾਗਰੂਕ ਕੀਤਾ ਗਿਆ ਹੈ। ਸੰਪਾਦਕ ਵੱਲੋਂ ਜਿਸ ਗੈਰ ਵਿਗਿਆਨਕ ਰਚਨਾਵਾਂ ਦੇ ਕੌਮੀ ਪੱਧਰ ਤੇ ਬਣੇ ਪਾਠਕ੍ਰਮ ਵਿੱਚ ਸ਼ਮੂਲੀਅਤ ਨੂੰ ਲੈ ਕੇ ਇਸ ਗੱਲ ਦਾ ਖਦਸਾ ਜਾਹਿਰ ਕੀਤਾ ਗਿਆ ਹੈ ਕਿ ਪੰਜਾਬ ਵਿੱਚ ਅਜਿਹਾ ਵਾਪਰ ਸਕਦਾ ਹੈ। ਮੈਂ ਦਸ ਦਿਆਂ ਕਿ ਕੋਈ ਦੋ ਦਹਾਕਿਆਂ ਤੋਂ ਲਗਾਤਾਰ ਪੰਜਾਬ ਦੇ ਸਕੂਲਾਂ ਦੇ ਪਾਠਕ੍ਰਮ ਵਿੱਚੋਂ ਸਮਾਜਵਾਦੀ ਪ੍ਰਣਾਈ ਸੋਚ ਨੂੰ ਬੜੀ ਸੂਖਮਤਾ ਨਾਲ ਆਲੋਪ ਕੀਤਾ ਜਾ ਰਿਹਾ ਹੈ। ਵਿਗਿਆਨਕ ਸੋਚਣੀ ਦੇ ਪਹਿਰੇਦਾਰ ਲੋਕਾਂ ਨੂੰ ਪਹਿਰਾ ਦੇਣ ਦੀ ਲੋੜ ਹੈ। ਹੇਮਰਾਜ ਸਟੈਨੋ ਨੇ ਮੌਜੂਦਾ ਸਿਸਟਮ ਦੇ ਕੁ-ਪ੍ਰਬੰਧਾਂ ਦੇ ਢਾਂਚੇ ਵਿੱਚ ਕਰਨ ਯੋਗ ਤਬਦੀਲੀਆਂ ਲਈ ਬਣਦੇ ਯਤਨਾਂ ਨੂੰ ਉਤਸਾਹਿਤ ਕੀਤਾ ਹੈ ਅਤੇ ਅਜਿਹੇ ਯਤਨਾਂ ਦਾ ਅਮਲੀ ਪੱਖ ਹੀ ਸ਼ਹੀਦ ਭਗਤ ਸਿੰਘ ਨੂੰ ਸੱਚੀ ਸ਼ਰਧਾਂਜਲੀ ਹੈ। ਬਲਵਿੰਦਰ ਬਰਨਾਲਾ ਨੇ ਔਰਤ ਤੇ ਜੁਲਮਾਂ ਨੂੰ ਇਤਿਹਾਸਕ ਪਰਿਪੇਖ ਵਿੱਚ ਵਿਚਾਰਿਆ ਹੈ ਅਤੇ ਚੇਤੰਨ ਲੋਕਾਂ ਨੂੰ ਮੀਡੀਏ ਵੱਲੋਂ ਪਰੋਸੀ ਜਾਂਦੀ ਅਸ਼ਲੀਲਤਾ ਵਿਰੁੱਧ ਆਵਾਜ਼

ਬੁਲੰਦ ਕਰਕੇ, ਰੋਕਾਂ ਲਾ ਕੇ, ਲੋਕਾਂ ਦੀ ਮਾਨਸਿਕ ਸਥਿਤੀ ਨੂੰ ਬਦਲਣ ਉਪਰੰਤ ਹੀ ਦਿੱਲੀ ਜਬਰ ਜਨਾਹ ਵਰਗੀਆਂ ਘਟਨਾਵਾਂ ਨੂੰ ਰੋਕਿਆ ਜਾ ਸਕਦਾ ਹੈ। ਕੇਵਲ ਕਾਨੂੰਨਾਂ ਰਾਹੀਂ ਨਹੀਂ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਔਰਤ ਦੀ ਸਖ਼ਸ਼ੀਅਤ ਸੰਬੰਧੀ ਲੇਖ ਔਰਤ ਸੰਬੰਧੀ ਬਣੀਆਂ ਧਾਰਨਾਵਾਂ ਦੀ ਵਿਗਿਆਨਕ ਵਿਆਖਿਆ ਕਰਨ ਵਿੱਚ ਸਫਲ ਰਿਹਾ ਹੈ। ਜਸਵੰਤ ਮੋਹਾਲੀ ਵਾਂਗ ਹੋਰ ਤਰਕਸ਼ੀਲ ਵੀਰਾਂ ਨੂੰ, ਜਿਹਨਾਂ ਨੇ ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ ਲਹਿਰ ਵਿੱਚ ਕੰਮ ਕੀਤਾ ਹੈ ਉਹਨਾਂ ਨੂੰ ਵੀ ਆਪਣੇ ਜੀਵਨ ਵਿੱਚ ਆਈਆਂ ਦੁਸ਼ਵਾਰੀਆਂ ਤੇ ਪ੍ਰਾਪਤੀਆਂ ਨੂੰ ਕਲਮਬੱਧ ਕਰਨਾ ਚਾਹੀਦਾ ਹੈ। ਡਾ. ਅਵਤਾਰ ਸਿੰਘ ਢੀਂਡਸਾ ਨੇ ਬਿਨਾਂ ਕਿਰਾਏ ਤੋਂ ਜੋ ਬ੍ਰਹਿਮੰਡ ਦੀ ਯਾਤਰਾ ਕਰਵਾਈ ਹੈ, ਉਸਦਾ ਬਹੁਤ ਬਹੁਤ ਸ਼ੁਕਰੀਆ। ਵਿਗਿਆਨ ਸੰਬੰਧੀ ਅਜਿਹੇ ਢੰਗ ਨਾਲ ਦਿੱਤੀ ਜਾਣਕਾਰੀ ਦੀ ਬਹੁਤ ਲੋੜ ਸੀ। 'ਹਵਾ ਵਿੱਚ ਲਿਖੇ ਹਰਫ਼' ਕਾਬਿਲੇ ਤਾਰੀਫ਼ ਹਨ। ਵਿਦਿਆਰਥੀਆਂ ਲਈ ਕਾਲਮ ਸ਼ੁਰੂ ਕਰਕੇ ਦੇਰ ਨਾਲ ਕੀਤਾ ਚੰਗਾ ਆਰੰਭ ਹੈ। ਐਡਵੋਕੇਟ ਹਰਿੰਦਰ ਲਾਲੀ ਦੇ ਕਾਨੂੰਨ ਦਾ ਸਹਾਰਾ ਲੈ ਕੇ ਉਠਾਏ ਜਾਂਦੇ ਯਤਨ ਹੋਰ ਲੋਕਾਂ ਲਈ ਅਗਵਾਈ ਦਾ ਕੰਮ ਕਰਨਗੇ। ਪ੍ਰਤੀਕਰਮ ਤੋਂ ਪਤਾ ਲਗਦਾ ਹੈ ਕਿ ਮੈਗਜੀਨ ਤਰੱਕੀ ਕਰ ਰਿਹਾ ਹੈ।

ਕੁਲਵਿੰਦਰ ਸਿੰਘ, ਮਲੋਟ (ਸ੍ਰੀ ਮੁਕਤਸਰ ਸਾਹਿਬ)

ਮਾਰਚ-ਅਪ੍ਰੈਲ 2013 ਦੇ ਅੰਕ ਦਾ ਮੁੱਖ ਪੰਨਾ ਅਤੇ ਮੁੱਖ ਪੰਨੇ ਦਾ ਚਿੱਤਰ ਢੁਕਵਾਂ ਅਤੇ ਪ੍ਰਭਾਵਸ਼ਾਲੀ ਸੀ। ਸੰਪਾਦਕੀ, ਸੱਚੀ ਸ਼ਰਧਾਂਜਲੀ, ਔਰਤਾਂ ਤੇ ਵਧ ਰਹੇ ਜ਼ਬਰ ਦਾ ਹੱਲ, ਔਰਤ ਦੀ ਸਖ਼ਸ਼ੀਅਤ ਆਰਟੀਕਲ ਬਾਕੀਆਂ ਨਾਲੋਂ ਵਧੀਆ ਲੱਗੇ। ਭਾਵੇਂ ਕਿ ਬਾਕੀ ਲਿਖਤਾਂ ਵੀ ਚੰਗਾ ਪ੍ਰਭਾਵ ਛੱਡਦੀਆਂ ਹਨ। ਵਿਦਿਆਰਥੀਆਂ ਲਈ ਵਿਸ਼ੇਸ਼ ਦਸ ਸਵਾਲ ਬਾਲ ਕਾਲਮ, ਆਓ ਜਾਦੂ ਸਿੱਖੀਏ, ਇਹ ਦਿਨ, ਉਸ ਸਾਲ ਅਤੇ ਪੁਸਤਕ ਜਾਣ ਪਛਾਣ ਕਾਲਮ ਜਾਰੀ ਰੱਖੇ ਜਾਣ। ਕੋਸ਼ਿਸ਼ ਕਰਨ ਤੇ ਵੀ ਮੈਗਜ਼ੀਨ ਵਿੱਚ ਨੁਕਸ, ਘਾਟਾਂ-ਕਮਜੋਰੀਆਂ ਨਜ਼ਰ ਨਹੀਂ ਆਈਆਂ। ਅਦਾਰਾ ਵਧਾਈ ਦਾ ਹੱਕਦਾਰ ਹੈ।

ਅਜੀਤ ਪ੍ਰਦੇਸੀ, ਰੋਪੜ

ਤਰਕਸ਼ੀਲ ਦਾ ਮਾਰਚ-ਅਪ੍ਰੈਲ ਅੰਕ ਪਸੰਦ ਆਇਆ। ਡਾ. ਸੁਰਿੰਦਰ ਅਜਨਾਤ ਰਾਹੀਂ ਲਿਖੀ ਚਿੱਠੀ ਪੜ੍ਹੀ। ਇਤਿਹਾਸ ਦੇ ਵੇਰਵਿਆਂ ਨੂੰ ਘੋਖ ਕੇ ਪੇਸ਼ ਕਰਨ ਦੀ ਲੋੜ ਹੈ। ਬੱਚਿਆਂ ਵੱਲੋਂ ਲਿਖੀਆਂ ਚਿੱਠੀਆਂ ਇੱਕ ਚੰਗਾ ਸੰਕੇਤ ਹੈ। ਜਸਵੰਤ ਮੋਹਾਲੀ ਵਰਗੇ ਕਾਫ਼ੀ ਸਮੇਂ ਤੋਂ ਸਰਗਰਮ ਸਾਥੀਆਂ ਵੱਲੋਂ ਅਜਿਹੇ ਲੇਖ ਲਿਖਣ ਦੀ ਜ਼ਰੂਰਤ ਹੈ। ਉਨ੍ਹਾਂ ਦੀ ਲਿਖਣ ਦੀ ਸ਼ੈਲੀ ਵੀ ਬਾ ਕਮਾਲ ਦੀ ਹੈ। ਸੰਪਾਦਕੀ 'ਚ ਸਿੱਖਿਆ ਨੀਤੀ ਬਾਰੇ ਕਰਵਾਏ ਅਹਿਸਾਸ ਨੇ ਝੰਜੋੜਿਆ। ਇਸ ਸਬੰਧੀ ਸੱਭ ਤੋਂ ਪਹਿਲਾਂ ਇਹ ਕਰਨਾ ਚਾਹੀਦਾ ਹੈ ਕਿ ਭਰਮਾਂ ਵਿਰੋਧੀ ਤਰਕਾਂ ਦੇ ਪਾਠ ਤਿਆਰ ਕਰ ਕੇ ਪਾਠਕ੍ਰਮਾਂ ਵਿੱਚ ਦਰਜ਼ ਕਰਵਾਉਣ ਲਈ ਸਰਕਾਰ 'ਤੇ ਦਬਾਅ ਪਾਉਣ ਦੀ ਜ਼ਰੂਰਤ ਹੈ। ਮੁੱਖ ਪੰਨੇ 'ਤੇ ਦੋ ਮਹੀਨੇ ਨਾਲ ਤਰਕਸ਼ੀਲ ਸੁਸਾਇਟੀ ਦੇ ਵਿਸ਼ਿਆਂ ਨਾਲ ਜੁੜਦੀ ਕੋਈ ਤਸਵੀਰ ਦੇਣੀ ਚਾਹੀਦੀ ਹੈ। ਜਿਵੇਂ ਪਿਛਲੇ ਅੰਕ ਵਿੱਚ ਕੁੰਭ ਦੇ ਮੇਲੇ ਦੇ ਅਸਲੀ ਚਿਹਰੇ ਸਬੰਧੀ ਤਸਵੀਰ ਛਾਪੀ ਜਾ ਸਕਦੀ ਸੀ।

- ਹਰਪ੍ਰੀਤ, ਮੀਡੀਆ ਵਿਭਾਗ ਮੁਖੀ

94785-16379

ਵਧੀਆ ਪਿਰਤ

ਹਰ ਸਾਲ ਦੀ ਤਰ੍ਹਾਂ ਨਤੀਜੇ ਵਾਲੇ ਦਿਨ

ਐਤਵੀ ਫਿਰ, ਵਿਦਿਅਕ ਸਾਲ ਦੇ ਆਖਰੀ ਦਿਨ, ਬੰਬੇਲੀ, (ਦਸਵੀਂ ਤੱਕ) ਅਤੇ ਐਨ ਨੇੜੇ ਦੁਆਲੇ ਵਸੇ ਚਾਰ ਪਿੰਡਾਂ (ਪੰਜਵੀਂ ਤੱਕ) ਦੇ ਨਤੀਜੇ ਬੰਬੇਲੀ ਵਿਖੇ ਸਾਦਰ ਕੀਤੇ ਗਏ। 'ਕੱਠੇ ਹੋਏ ਵਿਦਿਆਰਥੀ, ਮੋਹਤਰਬਾਨ, ਮਾਪੇ, ਅਧਿਆਪਕ ਅਤੇ ਸਕੂਲ ਸੰਸਥਾਵਾਂ ਨਾਲ ਜੁੜੇ ਵਿਅਕਤੀ। ਕੋਈ ਜਲਸਾ ਜਾਂ ਵਿਸ਼ੇਸ ਪ੍ਰਬੰਧ ਨਹੀਂ ਸਿਰਫ ਕੁਝ ਕੁ, ਵੱਲੋਂ ਸੰਖੇਪ ਪਰ ਭਾਵ ਪੂਰਤ ਤਕਰੀਰਾਂ। ਸਧਾਰਨ ਜਨ ਸਮੂਹ 'ਚੋਂ ਮੱਲਾਂ ਮਾਰਨ, ਹੋਰਾਂ ਲਈ ਕੁਝ ਕਰ ਗੁਜਰਨ ਵਾਲੇ ਵਿਦਿਆਰਥੀਆਂ, ਵਿਅਕਤੀਆਂ ਦੀਆਂ ਉਦਾਹਰਣਾਂ ਦਿੰਦਿਆਂ ਹਾਜਰ ਪੜ੍ਹਿਆਂ ਨੂੰ ਹੱਲਾਸ਼ੇਰੀ, ਫਿਰ ਹਰ ਜਮਾਤ ਚੋਂ ਪਹਿਲੀਆਂ ਪੰਜ ਪੁਜੀਸ਼ਨਾਂ ਲੈਣ ਵਾਲੇ ਵਿਦਿਆਰਥੀਆਂ ਨੂੰ ਉਸਾਰੂ, ਇਨਕਲਾਬੀ, ਵਿਗਿਆਨਕ ਤੇ ਤਰਕਸੀਲ ਸਾਹਿਤ ਦੇ ਰੂਪ ਵਿੱਚ ਇਨਾਮ-ਸਨਮਾਨ। ਇਹ ਅਮਲ ਪਿਛਲੇ ਕਈ ਵਰ੍ਹਿਆਂ ਤੋਂ ਸਟਾਰ ਕਲੱਬ ਬੰਬੇਲੀ (ਰਜਿ:) ਵੱਲੋਂ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਮਹਿਲਪੁਰ ਇਕਾਈ ਦੇ ਸਹਿਯੋਗ ਨਾਲ ਜਾਰੀ ਹੈ। ਬਹੁਤਾ ਖਰਚਾ ਭਾਵੇਂ ਨਹੀਂ ਆਉਂਦਾ, ਫਿਰ ਵੀ ਪੁਸਤਕਾਂ, ਕਲਮਾਂ ਅਤੇ ਕਾਪੀਆਂ ਦੀ ਰਕਮ ਬੰਬੇਲੀ ਪਿੰਡ ਦੇ ਇਕ ਤਰਕਸ਼ੀਲ ਕਾਮੇ ਦੇ ਬੱਚਿਆਂ ਦੀ ਬੱਚਤ ਵਿੱਚੋਂ ਅਦਾ ਕੀਤੀ ਜਾਂਦੀ ਹੈ। ਇਕ ਗੱਲ ਤਸੱਲੀਬਖਸ਼ ਹੈ ਕਿ ਉਸਾਰੂ ਸਾਹਿਤ ਅਤੇ ਇਸ ਸਰਗਰਮੀ ਬਾਰੇ ਚੁੰਝ ਚਰਚਾ ਲੰਬਾ ਸਮਾਂ ਚਲਦੀ ਹੈ, ਇਸ ਕਾਰਜ ਦੇ ਦੂਰ ਰਸ ਸਿੱਟੇ ਨਿਕਲਣਗੇ।

ਮਲਕੀਅਤ ਬਾਹੋਵਾਲ, ਗਿਆਨ ਬਾੜੀਆਂ

ਪੇਸ਼ ਕਦਮੀਆਂ

ਉੱਤਰੀ ਅਮਰੀਕਾ ਤਰਕਸ਼ੀਲ ਸੁਸਾਇਟੀ, ਓਨਟਾਰੀਓ :

ਇਸਤਰੀ ਦਿਵਸ 'ਤੇ ਸੈਮੀਨਾਰ : ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੀਆਂ ਔਰਤਾਂ ਅਤੇ ਮਰਦਾਂ ਨੇ ਸਾਰੇ ਪ੍ਰੋਗਰਾਮ ਨੂੰ ਸੰਜੀਦਗੀ ਨਾਲ ਸੁਣਿਆ । ਪ੍ਰੋਗਰਾਮ ਦੀ ਮੁੱਖ ਬੁਲਾਰੀ ਪ੍ਰੋਫੈਸਰ ਅਤੇ ਵਕੀਲ ਸਾਰਾ ਇਬਰਾਹਮ ਸਨ। ਪ੍ਰੋਫੈਸਰ ਸਾਰਾ ਦੇ ਅੰਗਰੇਜ਼ੀ ਲੈਕਚਰ ਦਾ ਬਲਰਾਜ ਸ਼ੌਕਰ ਨੇ ਵਧੀਆ ਪੰਜਾਬੀ ਅਨੁਵਾਦ ਦਰਸ਼ਕਾਂ ਨਾਲ ਸਾਂਝਾ ਕੀਤਾ । ਹਰਪ੍ਰੀਤ ਬਰਾੜ ਨੇ ਔਰਤਾਂ ਦੇ ਹੱਕਾਂ ਦੀ ਬੜੀ ਧੜੱਲੇਦਾਰ ਤਰੀਕੇ ਨਾਲ ਵਕਾਲਤ ਕਰਦਿਆਂ, ਆਪਣੀ ਕਵਿਤਾ ਪੇਸ਼ ਕੀਤੀ । ਸੁਰਜੀਤ ਕੌਰ ਤੇ ਪ੍ਰਮਜੀਤ ਦਿਓਲ ਦੀਆਂ ਕਵਿਤਾਵਾਂ ਵੀ ਸਰਾਹੁਣ ਯੋਗ ਸਨ । ਹਰਪ੍ਰੀਤ ਦੀ ਆਪ ਬੀਤੀ ਦਿਲ ਟੁੰਬਣ ਵਾਲੀ ਸੀ। ਅਮਨਦੀਪ ਤੇ ਹਰਿੰਦਰ ਸਹੋਤਾ ਨੇ ਪੰਜਾਬੀ ਕਮਿਊਨਿਟੀ ਹੈਲਥ ਸਰਵਿਸ ਬਾਰੇ ਚਾਨਣਾ ਪਾਇਆ। ਇਨ੍ਹਾਂ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਪ੍ਰੋਫੈਸਰ ਗੁਰਬਖਸ ਭੰਡਾਲ, ਡਾ. ਗੁਰਨਾਮ ਕੌਰ, ਲਵੀਨ ਗਿੱਲ, ਬਲਜਿੰਦਰ ਗੋਲਾਟੀ, ਡਾ. ਬਲਜਿੰਦਰ ਸੇਖੋਂ, ਪ੍ਰੋਫੈਸਰ ਤਲਵਿੰਦਰ ਮੰਡ, ਪ੍ਰੋਫੈਸਰ ਮੈਰੀ ਵੈਲਿਸ ਨੇ ਵੀ ਆਪਣੇ ਵਿਚਾਰ ਰੱਖੇ । ਸਟੇਜ ਦੀ ਜਿੰਮੇਵਾਰੀ ਨੂੰ ਮਿਸਜ਼ ਸੁਰਿੰਦਰ ਅਤੇ ਬਲਦੇਵ ਰਹਿਪਾ ਨੇ ਬਾਖੂਬੀ ਨਿਭਾਇਆ। **ਡਾ. ਬਲਜਿੰਦਰ ਸਿੰਘ ਸੇਖੋਂ**

ਇਕਾਈ ਗੁਰੂ ਹਰਸਹਾਏ : ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ : 24 ਜਨਵਰੀ 2013 ਨੂੰ ਪਿੰਡ ਦੀਪ ਸਿੰਘ ਵਾਲਾ (ਫਰੀਦਕੋਟ) ਵਿਖੇ ਗ਼ਦਰ ਪਾਰਟੀ ਦੀ ਵਰ੍ਹੇਗੰਢ ਨੂੰ ਸਮਰਪਿਤ ਕਾਨਫਰੰਸ ਤੇ ਸਹਿਯੋਗੀ ਭੂਮਿਕਾ ਵਜੋਂ ਤਰਕਸ਼ੀਲ ਸੁਸਾਇਟੀ ਇਕਾਈ ਗੁਰੂ ਹਰਸਹਾਏ ਵੱਲੋਂ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ ਲਗਾਈ ਗਈ। ਇਸ ਸਮੇਂ ਜਥੇਬੰਦਕ ਮੁਖੀ ਪ੍ਰੋ: ਅਵਤਾਰ ਦੀਪ, ਲਖਵਿੰਦਰ ਸ਼ਰੀਹਵਾਲਾ, ਰਣਜੀਤ ਮੋਠਾਵਾਲੀ, ਗੁਰਵਿੰਦਰ ਸਿੰਘ ਤੇ ਦਵਿੰਦਰ ਬੱਲਾ ਆਦਿ ਸ਼ਾਮਿਲ ਸਨ ।

ਵਿਆਹ ਤੇ ਤਰਕਸ਼ੀਲ ਪ੍ਰੋਗਰਾਮ : 20 ਫਰਵਰੀ ਨੂੰ ਇਕਾਈ ਗੁਰੂ ਹਰਸਹਾਏ ਦੇ ਜਥੇਬੰਦਕ ਮੁਖੀ ਪ੍ਰੋ: ਅਵਤਾਰ ਦੀਪ, ਮਾ: ਪ੍ਰਵੀਨ ਜੰਡਵਾਲਾ ਤੇ ਫਾਜਿਲਕਾ ਜ਼ੋਨ ਮੁਖੀ ਮਾ: ਕੁਲਜੀਤ ਡੰਗਰਖੇੜਾ ਦੇ ਵਿਸ਼ੇਸ਼ ਸਹਿਯੋਗ ਦੁਆਰਾ ਇਕਾਈ ਗੁਰੂ ਹਰਸਹਾਏ ਦੇ ਸਲਾਹਕਾਰ ਇਕਬਾਲ ਸੋਮੀਆ ਦੇ ਵਿਆਹ 'ਤੇ ਤਰਕਸ਼ੀਲ ਪ੍ਰੋਗਰਾਮ ਕਰਵਾਇਆ ਗਿਆ । ਮੈਰਿਜ਼ ਪੈਲੇਸ ਜਲਾਲਾਬਾਦ ਵਿਖੇ ਹੋਏ ਇਸ ਪ੍ਰੋਗਰਾਮ ਵਿੱਚ ਤਰਕਸ਼ੀਲ ਜਾਦੂਗਰ ਸੁਖਦੇਵ ਮਲੂਕਪੁਰਾ ਨੇ ਆਪਣੇ ਹੈਰਾਨੀ ਜਨਕ ਟਰਿੱਕ ਪੇਸ਼ ਕੀਤੇ ਤੇ ਤਰਕਸ਼ੀਲ ਬੋਲੀਆਂ ਦੇ ਸ਼ਾਹਕਾਰ ਜਗਸੀਰ ਜੀਦਾ ਨੇ ਆਪਣੇ ਗੀਤਾਂ ਰਾਹੀਂ ਵਿਆਹ ਦੇ ਮਾਹੌਲ ਨੂੰ ਸਾਜਗਾਰ ਬਣਾਇਆ । ਇਹ ਵਿਆਹ ਬਿਨ੍ਹਾਂ ਦਾਜ-ਦਹੇਜ ਦੀ ਰਸ਼ਮ ਤੋਂ ਕੀਤਾ ਗਿਆ ।

ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਰਕਸ਼ੀਲ ਸਾਹਿਤ ਤੇ ਪੋਸਟਰ ਪ੍ਰਦਰਸ਼ਨੀ : 23 ਮਾਰਚ ਨੂੰ ਹੁਸੈਨੀਵਾਲਾ ਵਿਖੇ ਵਿਸ਼ੇਸ਼ ਰੂਪ ਵਿੱਚ ਤਿਆਰ ਕੀਤਾ ਤਰਕਸ਼ੀਲ ਵਿਚਾਰਾਂ ਦਾ ਸੁਨੇਹਾ ਦਿੰਦਾ ਹੋਇਆ ਇੱਕ ਪਰਚਾ ਵੰਡਿਆ ਗਿਆ। ਮੌਜੂਦ ਤਰਕਸ਼ੀਲ ਆਗੂਆਂ ਪ੍ਰੋ: ਅਵਤਾਰ ਦੀਪ, ਮਾ: ਪ੍ਰਵੀਨ ਜੰਡ ਵਾਲਾ, ਮਾ: ਜਗਜੀਤ ਚੁੱਘਾ, ਲਖਵਿੰਦਰ ਸ਼ਰੀਹ ਵਾਲਾ, ਪ੍ਰਵੀਨ ਮੇਘਾ ਰਾਏ, ਰਣਜੀਤ ਮੋਠਾਵਾਲੀ, ਦਿਨੇਸ ਕੁਮਾਰ, ਗੁਰਵਿੰਦਰ ਸਿੰਘ ਅਤੇ ਬਲਦੇਵ ਸਿੰਘ ਆਦਿ ਨੇ ਸ਼ਹੀਦਾਂ ਦੀ ਸਮਾਰਕ 'ਤੇ ਜਾ ਕੇ ਉਹਨਾਂ ਦੀ ਸੋਚ ਨੂੰ ਪ੍ਰਸਾਰਨ, ਧਾਰਨ ਕਰਨ ਦਾ ਅਹਿਦ ਕੀਤਾ ਅਤੇ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ ।

ਇਕਾਈ ਮੋਹਾਲੀ : **ਸ਼ੋਰ ਪ੍ਰਦੂਸ਼ਣ ਅਤੇ ਕੇਬਲ ਟੀ.ਵੀ. ਦੇ ਅੰਧ-ਵਿਸ਼ਵਾਸੀ ਪ੍ਰੋਗਰਾਮਾਂ ਵਿਰੁੱਧ ਮੈਮੋਰੰਡਮ** : ਸ਼ੋਰ ਪ੍ਰਦੂਸ਼ਣ ਵਿਰੁੱਧ ਬਣੇ ਕਾਨੂੰਨਾਂ ਨੂੰ ਲਾਗੂ ਕਰਨ ਅਤੇ ਕੇਬਲ ਚੈਨਲਾਂ 'ਤੇ ਚਲਾਈ ਜਾ ਰਹੀ ਅੰਧ-ਵਿਸ਼ਵਾਸੀ ਸਮੱਗਰੀ ਆਦਿ ਨੂੰ ਬੰਦ ਕਰਵਾਉਣ ਲਈ ਇਕਾਈ ਮੋਹਾਲੀ ਅਤੇ ਖਰੜ ਵੱਲੋਂ ਡੀ.ਸੀ. ਦੇ ਨਾਂ ਮੰਗ ਪੱਤਰ ਸ੍ਰੀ ਜੀ.ਸੀ. ਸੱਭਰਵਾਲ, ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ ।

ਲੱਚਰ ਗਾਇਕੀ ਵਿਰੁੱਧ ਸੰਘਰਸ਼ ਨੂੰ ਹਮਾਇਤ : ਇਸ ਇਕਾਈ ਵੱਲੋਂ ਇਪਟਾ ਪੰਜਾਬ ਵੱਲੋਂ ਆਰੰਭੇ ਲੱਚਰ ਗਾਇਕੀ ਵਿਰੁੱਧ ਸੰਘਰਸ਼ ਨੂੰ ਹਮਾਇਤ ਕੀਤੀ ਗਈ । ਇਸ ਮੌਕੇ ਸਮਾਜਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਡਿਪਟੀ ਕਮਿਸ਼ਨਰ ਮੋਹਾਲੀ ਦੇ ਦਫ਼ਤਰ ਮੂਹਰੇ ਵਰਦੇ ਮੀਂਹ ਵਿੱਚ ਲੱਚਰ ਗਾਇਕੀ ਦਾ ਪੁਤਲਾ ਸਾੜਿਆ ਗਿਆ ਤੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਗਿਆ ।

- ਹਰਪ੍ਰੀਤ, ਮੀਡੀਆ ਵਿਭਾਗ ਮੁਖੀ

ਇਕਾਈ ਘਨੌਰ : **ਵਿਗਿਆਨਕ ਜਾਗਰੂਕਤਾ ਸੈਮੀਨਾਰ** : 30 ਨਵੰਬਰ 2012 ਨੂੰ ਨਵਯੁੱਗ ਪਬਲਿਕ ਸਕੂਲ ਬਘੌਰਾ ਵਿਖੇ ਪ੍ਰਿੰਸੀਪਲ ਰੂੜ ਖਾਨ ਦੀ ਦੇਖ-ਰੇਖ ਹੇਠ ਸਟਾਫ ਅਤੇ ਵਿਦਿਆਰਥੀਆਂ ਅਤੇ ਬੱਚਿਆਂ ਦੇ ਮਾਤਾ-ਪਿਤਾ ਦੇ ਸਹਿਯੋਗ ਨਾਲ ਇਹ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਜ਼ੋਨ ਮੁਖੀ ਪਟਿਆਲਾ ਜ਼ੋਨ ਡਾ: ਰਾਮ ਕੁਮਾਰ ਢਕੜੱਬਾ, ਪਟਿਆਲੇ ਤੋਂ ਹੀ ਡਿਪਟੀ ਡਾਇਰੈਕਟਰ ਵੈਟਰਨਰੀ ਏ.ਕੇ. ਸ਼ਰਮਾ ਨੇ ਵਿਸਥਾਰ ਨਾਲ

ਆਪਣੇ ਵਿਚਾਰ ਪ੍ਰਗਟਾਏ । ਇਕਾਈ ਆਗੂਆਂ ਹਰਨੇਕ ਲਾਛੜੂ, ਨੂਪ ਰਾਮ ਨੇ ਤਰਕਸ਼ੀਲਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ । ਇਕੱਠ ਦੀ ਵਿਸ਼ੇਸ਼ ਵਿਲੱਖਣਤਾ ਇਹ ਸੀ ਕਿ ਇਸ ਵਿੱਚ ਬੱਚਿਆਂ ਦੇ ਲਗਭਗ 100 ਮਾਪਿਆਂ ਨੇ ਸ਼ਿਰਕਤ ਕੀਤੀ । ਤਰਕਸ਼ੀਲ ਸਾਹਿਤ ਵੀ ਖਰੀਦਿਆ ਗਿਆ । ਬਹਾਦਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਸਰਕਾਰੀ ਹਾਈ ਸਕੂਲ ਜੰਡਮੰਘੌਲੀ ਵਿਖੇ ਵਿਗਿਆਨਕ ਜਾਗਰੂਕਤਾ ਸੈਮੀਨਾਰ : ਇਹ ਸੈਮੀਨਾਰ ਮੁੱਖ ਅਧਿਆਪਕਾ ਮੈਡਮ ਗੁਰਜੀਤ ਕੌਰ ਦੀ ਦੇਖ-ਰੇਖ ਹੇਠ ਰਕੇਸ਼ ਕੁਮਾਰ ਅਧਿਆਪਕ ਅਤੇ ਸਮੂਹ ਸਟਾਫ਼ ਦੇ ਸਹਿਯੋਗ ਨਾਲ ਕਰਵਾਇਆ ਗਿਆ ਜਿਸ ਵਿੱਚ ਸੂਬਾ ਮੀਡੀਆ ਵਿਭਾਗ ਦੇ ਮੁਖੀ ਰਾਮ ਸਿੰਘ ਬੰਗ, ਜ਼ੋਨ ਪਟਿਆਲਾ ਦੇ ਮੁਖੀ ਡਾ. ਰਾਮ ਕੁਮਾਰ ਢਕੜੱਬਾ ਅਤੇ ਇਕਾਈ ਘਨੌਰ ਤੋਂ ਹਰਨੇਕ ਸਿੰਘ ਲਾਛੜੂ, ਨੂਪ ਰਾਮ ਲਾਛੜੂ ਦੋਵੇਂ ਸਾਬਕਾ ਬੀ.ਪੀ.ਈ.ਓ. ਪਹੁੰਚੇ ਹੋਏ ਸਨ । ਇਸ ਮੌਕੇ ਗ੍ਰਾਮ ਪੰਚਾਇਤ ਜੰਡ-ਮੰਘੌਲੀ ਦੇ ਰਾਸ਼ਟਰਪਤੀ ਅਵਾਰਡ ਨਾਲ ਸਨਮਾਨਤ ਪੰਚਾਇਤ ਦੇ ਮੁਖੀ (ਸਰਪੰਚ) ਰਾਮ ਸਿੰਘ ਜੀ ਤੇ ਕ੍ਰਿਪਾਲ ਸਿੰਘ ਰਾਏਪੁਰ (ਪੱਤਰਕਾਰ ਸ਼ਪੋਕਸ਼ਮੈਨ) ਵੀ ਹਾਜ਼ਰ ਸਨ ।

- ਹਰਨੇਕ ਸਿੰਘ ਲਾਛੜੂ

ਜ਼ੋਨ ਲੁਧਿਆਣਾ: ਅੰਧਵਿਸ਼ਵਾਸਾਂ ਵਿਰੁੱਧ ਸੰਵਾਦ : ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ 15 ਅਤੇ 16 ਮਾਰਚ ਦੋ ਰੋਜਾ ਕਿਸਾਨ ਮੇਲੇ ਮੌਕੇ ਵਹਿਮਾਂ-ਭਰਮਾਂ ਦਾ ਪਰਦਾਫਾਸ ਕਰਦੀ ਪ੍ਰਦਰਸ਼ਨੀ ਅਤੇ ਵਿਗਿਆਨਕ ਕਿਤਾਬਾਂ ਦੀ ਸਟਾਲ ਲਗਾਈ ਗਈ, ਜਿਸ ਵਿੱਚ ਕਿਸਾਨਾਂ ਨੇ ਤਰਕਸ਼ੀਲ ਸਾਹਿਤ ਖ੍ਰੀਦਣ ਤੇ ਪੜ੍ਹਨ ਵੱਲ ਵਿਸ਼ੇਸ਼ ਰੁਚੀ ਵਿਖਾਈ । ਸਟਾਲ 'ਤੇ ਆਏ ਕਿਸਾਨਾਂ ਨੂੰ ਦਲਵੀਰ ਕਟਾਣੀ, ਸੁਖਵਿੰਦਰ ਲੀਲ੍ਹ, ਆਤਮਾ ਸਿੰਘ, ਮੋਹਨਜੀਤ ਥਰੀਕੇ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਨੇ ਜਾਦੂ ਕੀ ਹੈ ਅਤੇ ਅੰਧ-ਵਿਸ਼ਵਾਸ ਫੈਲਾਅ ਰਹੇ ਪਾਖੰਡੀ ਸਾਧਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ । ਸੂਬਾ ਆਗੂ ਜਸਵੰਤ ਜੀਰਖ ਵੱਲੋਂ ਪੁੱਛੇ ਗਏ ਵੱਖ-ਵੱਖ ਸੁਆਲਾਂ ਦੇ ਜੁਆਬ ਦਿੱਤੇ ਗਏ । ਪ੍ਰਦਰਸ਼ਨੀ ਦੌਰਾਨ ਵੱਡੀ ਪੱਧਰ 'ਤੇ ਮੈਗਜ਼ੀਨ ਚੰਦੇ ਕੱਟੇ ਗਏ ਅਤੇ 30 ਹਜ਼ਾਰ ਦੇ ਕਰੀਬ ਦਾ ਤਰਕਸ਼ੀਲ ਸਾਹਿਤ ਵੇਚਿਆ ਗਿਆ । ਇਸ ਮੌਕੇ ਡਾ. ਮਜੀਦ ਮਲੇਰਕੋਟਲਾ, ਕੁਲਜੀਤ ਸਿੰਘ ਮਾਛੀਵਾੜਾ, ਸੁਖਦੇਵ ਜਗਰਾਉਂ ਨੇ ਪ੍ਰਦਰਸ਼ਨੀ 'ਚ ਵਿਸ਼ੇਸ਼ ਯੋਗਦਾਨ ਪਾਇਆ ।

- ਸੁਖਵਿੰਦਰ ਲੀਲ੍ਹ

***ਇਕਾਈ ਜੀਰਾ :* ਕਿਸਾਨ ਮੇਲੇ ਵਿੱਚ ਤਰਕਸ਼ੀਲ ਪ੍ਰਦਰਸ਼ਨੀ ਰਹੀ ਖਿੱਚ ਦਾ ਕੇਂਦਰ** : ਦਾਣਾ ਮੰਡੀ ਜੀਰਾ ਵਿੱਚ 4 ਅਤੇ 5 ਅਪ੍ਰੈਲ ਨੂੰ ਕਰਵਾਏ ਗਏ ਸੂਬਾ ਪੱਧਰੀ ਕਿਸਾਨ ਮੇਲੇ ਦੌਰਾਨ ਲਗਾਈ ਗਈ ਤਰਕਸ਼ੀਲ ਪ੍ਰਦਰਸ਼ਨੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਵਿਗਿਆਨਕ ਸੋਚ ਅਤੇ ਭਗਤ ਸਿੰਘ ਦੇ ਸੁਪਨਿਆਂ ਦਾ ਸਮਾਜ ਸਿਰਜਣ ਦਾ ਸੁਨੇਹਾ ਦਿੰਦਾ ਪੈਂਫਲਿਟ ਮੁਫ਼ਤ ਵੰਡਿਆ । ਇਸ ਮੌਕੇ ਵੇਦ ਪ੍ਰਕਾਸ਼ ਸੋਨੀ ਨੇ ਜਾਦੂ ਦੇ ਟ੍ਰਿਕ ਦਿਖਾਏ । ਤਰਕਸ਼ੀਲ ਆਗੂ ਗੁਰਚਰਨ ਨੂਰਪੁਰ, ਪਰਮਜੀਤ ਸਿੰਘ, ਪ੍ਰਤਾਪ ਹੀਰਾ ਅਤੇ ਅਜਮੇਰ ਸਿੰਘ ਇੱਟਾਂ ਵਾਲੀ ਨੇ ਮੰਚ ਤੋਂ ਇਕੱਠ ਨੂੰ ਸੰਬੋਧਨ ਕੀਤਾ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਮਲਕੀਤ ਸਿੰਘ ਗਾਦੜੀਵਾਲਾ, ਤਰਸੇਮ ਚੋਹਲਾ, ਭਜਨ ਸਿੰਘ ਕੋਟਲਾ, ਬਚਿੱਤਰ ਸਿੰਘ ਠੱਠਾ, ਜਸਵੀਰ ਸਿੰਘ ਜੇ ਈ, ਹਰਪ੍ਰੀਤ ਸਿੰਘ ਗਾਦੜੀਵਾਲਾ, ਸੰਦੀਪ ਸਿੰਘ ਜੀਰਾ, ਬਲਵਿੰਦਰ ਸਿੰਘ ਖੇਤੀਵਿਰਾਸਤ ਮਿਸ਼ਨ, ਤੇਜਵੀਰ ਸਿੰਘ ਸੁੱਖੇਵਾਲਾ, ਸੁਰਿੰਦਰ ਜੇ ਈ ਆਦਿ ਤਰਕਸ਼ੀਲ ਮੈਂਬਰਾਂ ਨੇ ਸਮੇਂ-ਸਮੇਂ ਤੇ ਆਪਣੀਆਂ ਸੇਵਾਵਾਂ ਦਿੱਤੀਆਂ ।

- ਪ੍ਰਤਾਪ ਸਿੰਘ ਹੀਰਾ, ਜੀਰਾ

***ਇਕਾਈ ਸੰਘੋਲ :* ਸੈਮੀਨਾਰ** : 30 ਮਾਰਚ ਨੂੰ ਸ਼ਹੀਦ ਭਗਤ ਸਿੰਘ ਅਤੇ ਕਲਪਨਾ ਚਾਵਲਾ ਨੂੰ ਸਮਰਪਿਤ ਬ੍ਰਹਿਮੰਡ ਦੀ ਸ਼ੈਰ ਵਿਸ਼ੇ 'ਤੇ ਇੱਕ ਸੈਮੀਨਾਰ ਪਿੰਡ ਦੀ ਪੁਰਾਣੀ ਧਰਮਸ਼ਾਲਾ ਵਿਖੇ ਸ਼ਾਮੀ 7:00 ਵਜੇ ਤੋਂ 11:00 ਤੱਕ ਕਰਵਾਇਆ ਗਿਆ, ਜਿਸ ਵਿੱਚ ਡਾ: ਅਵਤਾਰ ਸਿੰਘ ਢੀਂਡਸਾ, ਲੈਕਚਰਾਰ ਡਾਇਟ, ਸੰਗਰੂਰ ਅਤੇ ਡਾ: ਵਰਿੰਦਰ ਸਿੰਘ ਲੈਕਚਰਾਰ ਬਾਬਾ ਬੰਦਾ ਸਿੰਘ ਬਹਾਦਰ, ਇੰਜਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵੱਲੋਂ ਫੋਟੋ ਪ੍ਰੋਜੈਕਟਰ ਰਾਹੀਂ ਸਾਡੇ ਸੂਰਜੀ ਪਰਿਵਾਰ ਦੇ ਸਾਰੇ ਗ੍ਰਹਿਆਂ, ਆਕਾਸ਼ ਗੰਗਾ ਦੇ ਨੇੜਲੀਆਂ ਹੋਰ ਗਲੈਕਸੀਆਂ, ਰਾਸ਼ੀਆਂ, ਰਾਹੂ-ਕੇਤੂ, ਧੂਮ-ਕੇਤੂ, ਬਲੈਕ ਹੋਲਾਂ, ਤਾਰਿਆਂ ਦੇ ਜਨਮ ਤੇ ਮੌਤ, ਪੁੱਛਲ ਤਾਰੇ, ਮੰਗਲੀਕ ਯੋਗ ਆਦਿ ਬਾਰੇ ਵਿਸਥਾਰਪੂਰਵਕ ਦਰਸਾਇਆ ਤੇ ਸਮਝਾਇਆ ਗਿਆ। ਚੰਡੀਗੜ੍ਹ ਜ਼ੋਨ ਦੀਆਂ ਇਕਾਈਆਂ ਗੋਬਿੰਦਗੜ੍ਹ, ਮੋਹਾਲੀ ਉਚੇਚੇ ਤੌਰ 'ਤੇ ਪਰਿਵਾਰਾਂ ਸਹਿਤ ਪਹੁੰਚੇ ਹੋਏ ਸਨ । ਚੰਡੀਗੜ੍ਹ ਜ਼ੋਨ ਦੇ ਸਰਗਰਮ ਕਾਰਕੁੰਨ ਸ੍ਰੀ ਸਤਨਾਮ ਸਿੰਘ ਵੱਲੋਂ ਹੈਰਾਨੀ ਜਨਕ ਜਾਦੂ ਦੇ ਟਰਿੱਕ ਪੇਸ਼ ਕੀਤੇ ਗਏ । ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਅਸ਼ੋਕ ਕੁਮਾਰ ਜਥੇਬੰਦਕ ਮੁਖੀ ਵੱਲੋਂ ਨਿਭਾਈ ਗਈ । ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਅਨਵਰ ਅਲੀ, ਕੰਵਲਜੀਤ ਸਿੰਘ, ਨਵਤੇਜ ਧੂੰਦਾ, ਲੇਖ ਰਾਜ, ਕਮਲ ਸੁਹਾਵੀ, ਜਸਵਿੰਦਰ ਪੱਪੀ, ਨਰਿੰਦਰ ਖੰਟ, ਸ਼ਿਵਦੇਵ ਸਿੰਘ, ਮਹਿੰਦਰ ਸਿੰਘ ਅਤੇ ਰਾਜਿੰਦਰ ਰਾਜਾ ਨੇ ਭਰਪੂਰ ਸਹਿਯੋਗ ਦਿੱਤਾ ।

- ਅਸ਼ੋਕ ਕੁਮਾਰ

***ਇਕਾਈ ਸੰਗਰੂਰ:* ਤਰਕਸ਼ੀਲ ਸਮਾਗਮ** : 25 ਮਾਰਚ ਨੂੰ ਮਾਸਟਰ ਪਰਮ ਵੇਦ, ਸੁਰਜੀਤ ਸਿੰਘ ਭੱਠਲ ਤੇ ਅਮਰੀਕ ਸਿੰਘ ਖੋਖਰ ਦੇ ਆਧਾਰਤ ਟੀਮ ਨੇ ਸ.ਹ.ਸ. ਚੱਠਾ ਨਨਹੇੜਾ ਵਿਖੇ ਇੱਕ ਤਰਕਸ਼ੀਲ ਸਮਾਗਮ ਪੇਸ਼ ਕੀਤਾ। ਲੈਕ. ਮੇਵਾ ਸਿੰਘ ਨੇ ਟੀਮ ਦਾ ਸਵਾਗਤ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਬੱਚਿਆਂ ਨੂੰ ਸੰਬੋਧਨ ਕੀਤਾ ਅਤੇ ਜਾਦੂ ਦੇ ਟਰਿੱਕ ਪੇਸ਼ ਕੀਤੇ। ਸੁਰਜੀਤ ਸਿੰਘ ਭੱਠਲ ਨੇ ਤਰਕਸ਼ੀਲ ਗੀਤੇ ਪੇਸ਼ ਕੀਤੇ।

ਤਰਕਸ਼ੀਲ ਸਮਾਗਮ : ਅਕਾਲ ਕਾਲਜ ਆਫ਼ ਐਜੂਕੇਸ਼ਨ ਫਾਰ ਵੂਮੈਨ ਫਤਹਿਗੜ੍ਹ ਛੰਨਾਂ ਵਿਖੇ ਇੱਕ ਸ਼ਾਨਦਾਰ ਸਿੱਖਿਆਦਾਇਕ ਤਰਕਸ਼ੀਲ ਸਮਾਗਮ ਪੇਸ਼ ਕੀਤਾ ਗਿਆ। ਤਰਕਸ਼ੀਲ ਟੀਮ ਦਾ ਸਕੂਲ ਪ੍ਰਿੰਸੀਪਲ ਡਾ. ਸੁਮਨ ਮਿੱਤਲ ਨੇ ਸਵਾਗਤ ਕੀਤਾ ਤੇ ਉਨ੍ਹਾਂ ਵੱਲੋਂ ਸ਼ਮਾਂ ਰੌਸ਼ਨ ਕਰਨ ਉਪਰੰਤ ਪ੍ਰੋਗਰਾਮ ਦਾ ਆਗਾਜ਼ ਹੋਇਆ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਅਤੇ ਅਮਰੀਕ ਖੋਖਰ ਨੇ ਸੰਬੋਧਨ ਕੀਤਾ। ਸੁਰਜੀਤ ਭੱਠਲ ਨੇ ਤਰਕਸ਼ੀਲ ਗੀਤ ਪੇਸ਼ ਕੀਤੇ। ਲੈਕ. ਕ੍ਰਿਸ਼ਨ ਸਿੰਘ ਤੇ ਚਮਕੌਰ ਸਿੰਘ ਨੇ ਜਾਦੂ-ਸ਼ੋਅ ਪੇਸ਼ ਕੀਤਾ। ਸਵਾਲ-ਜਵਾਬ ਸੈਸ਼ਨ ਵਿੱਚ ਲੈਕ. ਅਮ੍ਰਿਤਪਾਲ ਕੌਰ, ਸਤਿੰਦਰ ਕੌਰ, ਕਮਲਜੀਤ ਕੌਰ, ਅਮਨਦੀਪ ਕੌਰ, ਮੋਹਿਤ ਗਰਗ, ਲਾਇਬਰੇਰੀਅਨ ਕੁਲਦੀਪ ਕੌਰ, ਸੁਪਰਡੈਂਟ ਵੇਦ ਪ੍ਰਕਾਸ਼ ਗੁਪਤਾ ਨੇ ਭਾਗ ਲਿਆ। ਸਟੇਜ ਸੰਚਾਲਨ ਪ੍ਰੋ. ਸਤਿੰਦਰ ਕੌਰ ਨੇ ਬਾਖੂਬੀ ਕੀਤਾ। **-ਪਰਮ ਵੇਦ**

***ਇਕਾਈ ਬਰਨਾਲਾ:* ਤਰਕਸ਼ੀਲ ਨਾਟਕ ਮੇਲਾ** : 25 ਫਰਵਰੀ ਨੂੰ ਰਾਤ ਸਮੇਂ ਸ੍ਰੀ ਗੁਰੂ ਰਵਿਦਾਸ ਕਲੱਬ ਧਨੌਲਾ ਵੱਲੋਂ 14ਵਾਂ ਸਾਲਾਨਾਂ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ ਜਿਸ ਵਿੱਚ ਬਿੰਦਰ ਧਨੌਲਾ ਦੀ ਨਿਰਦੇਸ਼ਨਾ ਹੇਠ ਨਾਟਕ ਭੂਤਾਂ ਵਾਲਾ ਖੂਹ ਅਤੇ ਭੰਡ ਕਨੇਡਾ ਆਏ, ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ ਗਈਆਂ। ਲੋਕਾਂ ਦੇ ਮਨਾਂ ਵਿੱਚੋਂ ਜਾਦੂ ਸਬੰਧੀ ਭੁਲੇਖਿਆਂ ਨੂੰ ਦੂਰ ਕੀਤਾ ਅਤੇ ਤਰਕਸ਼ੀਲ ਸਾਹਿਤ ਪੜ੍ਹਨ ਲਈ ਪ੍ਰੇਰਿਤ ਕੀਤਾ। **-ਬਿੰਦਰ ਧਨੌਲਾ**

ਇਕਾਈ ਅਬੋਹਰ : 1. ਪਿੰਡ ਖਿਪਾਂਵਾਲੀ ਵਿਖੇ ਸ਼ਹੀਦਾਂ ਨੂੰ ਸਮਰਪਿਤ ਨਾਟਕ ਮੇਲਾ ਕੀਤਾ ਗਿਆ ਜਿਸ ਵਿੱਚ ਕ੍ਰਾਂਤੀਕਾਰੀ ਸਭਿਆਚਾਰ ਮੰਚ ਖਿਪਾਂਵਾਲੀ ਵੱਲੋਂ ਨਾਟਕ ਅਤੇ ਕੋਰੀਓਗ੍ਰਾਫੀਆਂ ਕੀਤੀਆਂ ਗਈਆਂ। ਇਸ ਮੌਕੇ ਵੱਡੀ ਮਾਤਰਾ ਵਿੱਚ ਤਰਕਸ਼ੀਲ ਸਾਹਿਤ ਵੇਚਿਆ ਗਿਆ। 2. ਡੀ.ਏ.ਵੀ. ਸਕੂਲ ਅਬੋਹਰ ਵਿਖੇ ਸਖਸ਼ੀਅਤ ਉਸਾਰੀ ਕੈਂਪ ਵਿੱਚ ਬੱਚਿਆਂ ਨੂੰ ਵੱਧ ਤੋਂ ਵੱਧ ਵਧੀਆ ਕਿਤਾਬਾਂ ਪੜ੍ਹਨ ਲਈ ਪ੍ਰੇਰਿਆ ਅਤੇ ਸੁਖਦੇਵ ਮਲੂਕਪੁਰੀ ਤੇ ਸੁਖਦੀਪ ਵੱਲੋਂ ਮੈਜਿਕ ਸ਼ੋਅ ਵੀ ਕੀਤਾ ਗਿਆ। ਇਸ ਸਮੇਂ ਤਰਕਸ਼ੀਲ ਕੁਇੱਜ ਵੀ ਕਾਰਵਾਈ ਗਈ। ਜੇਤੂ ਬੱਚਿਆਂ ਨੂੰ ਤਰਕਸ਼ੀਲ ਮੈਗਜ਼ੀਨ ਇਨਾਮ ਵਜੋਂ ਦਿੱਤੇ।

- ਕੁਲਜੀਤ ਡੰਗਰਖੇੜਾ

***ਇਕਾਈ ਅੰਮ੍ਰਿਤਸਰ:* ਲੱਚਰ ਅਤੇ ਹਿੰਸਕ ਗਾਇਕੀ ਦੇ ਖਿਲਾਫ਼ ਰੋਸ ਪ੍ਰਦਰਸ਼ਨ** : ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ (ਇਪਟਾ) ਵੱਲੋਂ ਵੱਖ-ਵੱਖ ਸਾਹਿਤਕ ਰੰਗਮੰਚ, ਸਮਾਜਿਕ, ਸਭਿਆਚਾਰਕ ਅਤੇ ਵਿਸ਼ੇਸ਼ ਕਰ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਦੀਆਂ ਅੰਮ੍ਰਿਤਸਰ ਜੋਨ ਦੀਆਂ ਇਕਾਈਆਂ ਦੇ ਸਹਿਯੋਗ ਨਾਲ ਲੱਚਰ ਗੀਤਾਂ, ਗਾਇਕੀ, ਅਸਲੀਲਤਾ, ਨਸ਼ਿਆਂ ਅਤੇ ਹਿੰਸਾ ਦੇ ਖਿਲਾਫ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫ਼ਤਰ ਸਾਹਮਣੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਲੱਚਰਤਾ, ਗੈਰ-ਸਭਿਆਚਾਰ ਦਾ ਪੁਤਲਾ ਸਾੜਿਆ ਗਿਆ। ਇਸ ਮੌਕੇ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਇੱਕ ਮੰਗ ਪੱਤਰ ਵੀ ਦਿੱਤਾ ਗਿਆ। ਇਸ ਮੌਕੇ ਇਕਾਈ ਮੁਖੀ ਸੁਮੀਤ ਸਿੰਘ, ਐਡਵੋਕੇਟ ਅਮਰਜੀਤ ਬਾਈ ਅਤੇ ਮਾਸਟਰ ਕੁਲਜੀਤ ਵੇਰਕਾ ਨੇ ਸੰਬੋਧਨ ਕੀਤਾ। ਵਰਿੰਦਰ ਬੋਪਾਰਾਏ ਨੇ ਲੱਚਰ ਗਾਇਕੀ, ਨਸ਼ਿਆਂ ਅਤੇ ਭਰੂਣ ਹੱਤਿਆ ਖਿਲਾਫ਼ ਜਾਗਰੂਕ ਕਰਦੀ ਇੱਕ ਕਵਿਤਾ ਸੁਣਾਈ। ਇਸ ਮੌਕੇ ਇਪਟਾ ਦੇ ਸੂਬਾ ਪ੍ਰਧਾਨ ਸੰਜੀਵਨ ਸਿੰਘ, ਉੱਘੇ ਨਾਟਕਕਾਰ ਕੇਵਲ ਧਾਲੀਵਾਲ, ਕੇਂਦਰੀ ਪੰਜਾਬੀ ਲਿਖਾਰੀ ਸਭਾ ਦੇ ਤਲਵਿੰਦਰ ਸਿੰਘ, ਇੰਦਰਜੀਤ ਰੂਪੋਵਾਲੀ, ਗੁਰਮੇਲ ਸ਼ਾਮ ਨਗਰ, ਭੁਪਿੰਦਰ ਸੰਧੂ, ਜੋਗਿੰਦਰ ਗੋਪਾਲਪੁਰਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਤਰਕਸ਼ੀਲ ਆਗੂ ਬਲਵੰਤ ਸਿੰਘ ਝੰਗੀ, ਕਰਨਰਾਜ ਸਿੰਘ, ਧਰਵਿੰਦਰ ਕੋਹਾਲੀ, ਜਸਪਾਲ ਬਾਸਰਕਾ, ਮੁਖਤਿਆਰ ਗੋਪਾਲਪੁਰਾ, ਸੇਵਾ ਸਿੰਘ ਜਾਦੂਗਰ, ਡਾ. ਬਲਦੇਵ ਸਿੰਘ, ਲਖਵਿੰਦਰ ਗੋਪਾਲਪੁਰਾ, ਅਮਨ ਰਣਜੀਤ ਗਗੋਮਾਹਲ ਅਤੇ ਬਲਬੀਰ ਮੂਧਲ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ।

'ਮੌਤ ਦੀ ਸਜ਼ਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ' ਵਿਸ਼ੇ ਸਬੰਧੀ ਕਨਵੈਨਸ਼ਨ : ਅਮ੍ਰਿਤਸਰ ਇਕਾਈ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਵੱਲੋਂ 'ਮੌਤ ਦੀ ਸਜ਼ਾ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ' ਵਿਸ਼ੇ ਉੱਤੇ ਸਾਂਝੇ ਤੌਰ 'ਤੇ ਇੱਕ ਕਨਵੈਨਸਨ 10 ਮਾਰਚ ਨੂੰ ਸਥਾਨਕ ਵਿਰਸਾ ਵਿਹਾਰ ਵਿਖੇ ਕਰਵਾਈ ਗਈ। ਇਸ ਮੌਕੇ ਉੱਘੇ ਵਿਦਵਾਨ ਡਾ. ਪਰਮਿੰਦਰ ਸਿੰਘ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸੰਬੋਧਨ ਕੀਤਾ। ਐਡਵੋਕੇਟ ਅਮਰਜੀਤ ਬਾਈ, ਉੱਘੇ ਚਿੰਤਕ ਡਾ. ਸ਼ਾਮ ਸੁੰਦਰ ਦੀਪਤੀ ਅਤੇ ਜਮਹੂਰੀ ਸਭਾ ਦੇ ਯਸ਼ਪਾਲ ਝ਼ਬਾਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਕਾਮਰੇਡ ਅਜੀਤ ਸਿੰਘ, ਮੁਖਵਿੰਦਰ ਚੋਹਲਾ, ਡਾ. ਰਾਜਵੰਤ ਬਾਗੜੀਆਂ, ਡਾ. ਕਸ਼ਮੀਰ ਸਿੰਘ, ਮੇਜਰ ਸਿੰਘ, ਕਾਬਲ ਸਿੰਘ ਛੀਨਾ, ਗੁਰਸੇਵਕ ਨੌਸ਼ਹਿਰਾ,

ਡਾ. ਪ੍ਰਸੋਤਮ ਲਾਲ, ਸਤਨਾਮ ਜੰਡਿਆਲਾ, ਮਾਸਟਰ ਅਵਤਾਰ ਸਿੰਘ, ਮਾਸਟਰ ਬਲਦੇਵ ਰਾਜ, ਜਸਪਾਲ ਬਾਸਰਕਾ, ਨਾਗਰ ਮੱਲ, ਨਵਤੇਜ ਸਿੰਘ, ਕਾਮਰੇਡ ਬਲਕਾਰ ਦੁਧਾਲਾ, ਗੁਰਦੇਵ ਕਾਲਾ ਅਤੇ ਪਾਲ ਸਿੰਘ ਵੱਲਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ।

ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ : 28 ਫਰਵਰੀ ਨੂੰ ਕੌਮੀ ਵਿਗਿਆਨ ਦਿਵਸ ਮੌਕੇ ਪ੍ਰਦੂਸ਼ਣ ਦੀ ਰੋਕਥਾਮ ਸੰਬੰਧੀ ਇੱਕ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਬਣੀ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਨੂੰ ਨੁਮਾਇੰਦਗੀ ਦੇਣ ਦੀ ਮੰਗ ਵੀ ਕੀਤੀ ਗਈ । ਇਸ ਮੌਕੇ ਇਕਾਈ ਮੁਖੀ ਸੁਮੀਤ ਸਿੰਘ ਤੋਂ ਇਲਾਵਾ ਅਮਰਜੀਤ ਬਾਈ, ਕੁਲਜੀਤ ਵੇਰਕਾ, ਧਰਵਿੰਦਰ ਕੋਹਾਲੀ, ਬਲਵੰਤ ਸਿੰਘ ਝੰਗੀ, ਨਾਗਰ ਮੱਲ, ਜਸਪਾਲ ਬਾਸਰਕਾ, ਮਾਸਟਰ ਅਵਤਾਰ ਸਿੰਘ, ਡਾ. ਬਲਦੇਵ ਸਿੰਘ ਅਤੇ ਜਸਵਿੰਦਰ ਸਿੰਘ, ਵਰਿੰਦਰ ਕੌਰ ਬੋਪਾਰਾਏ ਆਦਿ ਤਰਕਸ਼ੀਲ ਆਗੂ ਤੇ ਮੈਂਬਰ ਸ਼ਾਮਿਲ ਹੋਏ । **-ਸੁਮੀਤ ਸਿੰਘ**

***ਇਕਾਈ ਮਾਲੇਰਕੋਟਲਾ :* ਵਿਦਿਆਰਥੀਆਂ ਨੂੰ ਸੰਬੋਧਨ :** ਪਿੰਡ ਭੁਰਥਲਾ ਦੇ ਸਰਕਾਰੀ ਸੀ.ਸੈਕੰ. ਸਕੂਲ ਵਿੱਚ ਡਾ. ਮਜੀਦ ਅਜ਼ਾਦ, ਦਰਬਾਰਾ ਸਿੰਘ ਉੱਕਸੀ, ਮੇਜਰ ਸਿੰਘ, ਉਸ਼ਵਿੰਦਰ ਰੁੜਕਾ ਨੇ ਅੰਧ-ਵਿਸ਼ਵਾਸਾਂ ਦੇ ਵਿਰੋਧ ਵਿੱਚ ਵਿਗਿਆਨਕ ਜਾਣਕਾਰੀ ਸੰਬੋਧਨ ਕਰਦਿਆਂ ਪ੍ਰਦਾਨ ਕੀਤੀ । ਇਸ ਮੌਕੇ ਜਾਦੂ ਦੇ ਟਰਿੱਕ ਵੀ ਪੇਸ਼ ਕੀਤੇ ਗਏ ।

ਐਨ.ਐਸ.ਐਸ. ਕੈਂਪ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ : ਸਰਕਾਰੀ ਕਾਲਜ ਮਾਲੇਰਕੋਟਲਾ ਵਿੱਚ ਵਿਦਿਆਰਥੀਆਂ ਦੇ ਐਨ.ਐਸ.ਐਸ. ਕੈਂਪ ਮੌਕੇ ਪ੍ਰੋ: ਮੁਹੰਮਦ ਰਫੀ ਨੇ ਸੁਸਾਇਟੀ ਮੈਂਬਰਾਂ ਨੂੰ ਜੀ ਆਇਆਂ ਨੂੰ ਕਿਹਾ । ਡਾ. ਮਜੀਦ ਅਜ਼ਾਦ ਨੇ ਸ਼ਬੋਧਨ ਕੀਤਾ। ਜਾਦੂ ਦੇ ਟਰਿੱਕਾਂ ਰਾਹੀਂ ਵਿਦਿਆਰਥੀਆਂ ਨੂੰ ਮਨੋਰੰਜਕ ਤਰੀਕੇ ਰਾਹੀਂ ਵਿਗਿਆਨ ਦੀ ਜਾਣਕਾਰੀ ਦਿੱਤੀ । ਇਮਰਾਨ ਸਮੇਤ ਹੋਰਨਾਂ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਸਵਾਲ ਪੁੱਛੇ ਗਏ ਜਿਸ ਦਾ ਤਰਕਸ਼ੀਲ ਆਗੂ ਉਸ਼ਵਿੰਦਰ ਰੁੜਕਾ ਨੇ ਸੰਤੁਸ਼ਟੀਜਨਕ ਜਵਾਬ ਦਿੱਤਾ । ਅੰਤ ਵਿੱਚ ਕਾਲਜ ਦੇ ਵਾਇਸ ਪ੍ਰਿੰਸੀਪਲ ਪ੍ਰੋ: ਮਨਜੂਰ ਹਸਨ ਦੁਆਰਾ ਧੰਨਵਾਦ ਕੀਤਾ ।

ਦਲਿਤ ਪਰਿਵਾਰ ਨੂੰ ਤਰਕਸ਼ੀਲ ਮੈਗਜ਼ੀਨ ਭੇਂਟ : ਪਿੰਡ ਹੁਸੈਨਪੁਰਾ ਵਿਖੇ ਇੱਕ ਦਲਿਤ ਪਰਿਵਾਰ ਦੀ ਲੜਕੀ ਦੀ ਮਾਨਸਿਕ ਰੋਗਾਂ ਨਾਲ ਭੇਦਭਰੀ ਮੌਤ ਦੀ ਖਬਰ ਅਖਬਾਰਾਂ ਵਿੱਚ ਪੜ੍ਹ ਕੇ ਤਰਕਸ਼ੀਲ ਸੁਸਾਇਟੀ ਇਕਾਈ ਮਾਲੇਰਕੋਟਲਾ ਦੀ ਇੱਕ ਟੀਮ ਡਾ. ਮਜੀਦ ਅਜ਼ਾਦ, ਨਰਿੰਦਰ ਕਾਨੂੰਗੋ, ਨਾਹਰ ਹਥਨ ਸਮੇਤ ਪੀੜਤ ਪਰਿਵਾਰ ਕੋਲ ਪਹੁੰਚੀ। ਡਾ. ਮਜੀਦ ਅਜ਼ਾਦ ਨੇ ਬੋਲਦਿਆਂ ਦੱਸਿਆ ਕਿ ਪਾਖੰਡੀ ਲੋਕਾਂ ਦੀ ਸਰੀਰਕ, ਮਾਨਸਿਕ, ਆਰਥਿਕ ਲੁੱਟ ਕਰਦੇ ਹਨ । ਸੁਸਾਇਟੀ ਦੁਆਰਾ ਔਰਤਾਂ ਨੂੰ ਤਰਕਸ਼ੀਲ ਮੈਗਜ਼ੀਨ ਵੰਡੇ ਗਏ ।

ਮਨੁੱਖੀ ਅਧਿਕਾਰ ਅਤੇ ਫਾਂਸੀ ਦੀ ਸਜ਼ਾ' ਵਿਸ਼ੇ 'ਤੇ ਕਨਵੈਨਸ਼ਨ : ਅਜ਼ਾਦ ਫਾਊਂਡੇਸ਼ਨ ਟਰੱਸਟ (ਰਜਿ.) ਮਾਲੇਰਕੋਟਲਾ ਅਤੇ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਇਕਾਈ ਮਾਲੇਰਕੋਟਲਾ ਵੱਲੋਂ 'ਮਨੁੱਖੀ ਅਧਿਕਾਰ ਅਤੇ ਫਾਂਸੀ ਫੀ ਸਜ਼ਾ' ਵਿਸ਼ੇ 'ਤੇ ਇੱਕ ਮਹੱਤਵਪੂਰਨ ਕਨਵੈਨਸ਼ਨ ਸਥਾਨਕ ਕਾਰਨਟ ਕੈਫੇ ਵਿਖੇ ਕਰਵਾਈ ਗਈ । ਸੈਮੀਨਾਰ ਦੇ ਮੁੱਖ ਬੁਲਾਰੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ, ਜਨਰਲ ਸਕੱਤਰ, ਜਮਹੂਰੀ ਅਧਿਕਾਰੀ ਸਭਾ ਪੰਜਾਬ ਸਨ । ਸਟੇਜ ਸੰਚਾਲਨ ਡਾ: ਮਜੀਦ ਅਜ਼ਾਦ ਨੇ ਕੀਤਾ । ਇਸ ਮੌਕੇ ਬਹਾਦਰ ਸਿੰਘ ਸਾਬਕਾ ਵਧੀਕ ਡਿਪਟੀ ਕਮਿਸ਼ਨਰ, ਸੁਖਦੇਵ ਧੂਰੀ ਤਰਕਸ਼ੀਲ ਆਗੂ, ਮਹਿਮੂਦ ਅਖਤਰ ਸ਼ਾਦ ਸ੍ਰੋਮਣੀ ਅਕਾਲੀ ਦਲ, ਲੈਕਚਰਾਰ ਮੁਹੰਮਦ ਅਨਵਰ, ਨਾਹਰ ਸਿੰਘ ਹਥਨ ਭਾਰਤੀ ਕਿਸਾਨ ਯੂਨੀਅਨ, ਅਮਜਦ ਵਿਲੋਨ ਨੇ ਵੀ ਸੰਬੋਧਨ ਕੀਤਾ । ਕਨਵੈਨਸ਼ਨ ਵਿੱਚ ਅਸਲਮ ਨਾਜ, ਸਾਜਿਦ ਬਿੰਜੋਕੀ, ਮੇਜਰ ਸਿੰਘ, ਉਸ਼ਵਿੰਦਰ ਰੁੜਕਾ, ਸੰਦੀਪ ਹਥਨ, ਕੁਲਜੀਤ ਮਤੋਈ, ਮੋਹਨ ਬਡਲਾ, ਸਬੀਰ ਸਰੌਦ, ਸਰਾਜ ਅਨਵਰ, ਅਮਜਦ, ਮਜੀਦ ਦਲੇਲਗੜ੍ਹ, ਸਰਬਜੀਤ ਧਲੇਰ, ਦਰਬਾਰਾ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ । **-ਡਾ. ਮਜੀਦ ਅਜ਼ਾਦ**

***ਇਕਾਈ ਕੂਲਰੀਆਂ :* ਖੂਨ ਪ੍ਰਦਾਨ ਕੈਂਪ :** 12 ਦਸੰਬਰ 2012 ਨੂੰ ਲੋਕ ਹਿਤ ਬਲੱਡ ਡੋਨੇਸ਼ਨ ਕਲੱਬ ਦੇ ਸਹਿਯੋਗ ਨਾਲ ਖੂਨ ਪ੍ਰਦਾਨ ਕੈਂਪ ਲਾਇਆ ਗਿਆ । ਮੈਂਬਰਾਂ ਵੱਲੋਂ ਖੂਨ ਡੋਨੇਟ ਕੀਤਾ ਗਿਆ ਅਤੇ ਤਰਕਸ਼ੀਲ ਸਾਹਿਤ ਦੀ ਸਟਾਲ ਲਾਈ ਗਈ ।

ਕੁੜੀਆਂ ਦੀ ਲੋਹੜੀ : ਦਾ ਸਟੂਡੈਂਟ ਕਲੱਬ ਕੂਲਰੀਆਂ ਨਾਲ ਮਿਲ ਕੇ 12 ਜਨਵਰੀ 2013 ਨੂੰ ਇਹ ਕਾਰਜ ਕੀਤਾ ਗਿਆ । ਕਲੱਬ ਦੇ ਸਰਪ੍ਰਸਤ ਅਸ਼ੋਕ ਕੁਮਾਰ ਨੇ ਅਣਥੱਕ ਮਿਹਨਤ ਕੀਤੀ । ਨਵ-ਜਨਮੀਆਂ ਲੜਕੀਆਂ ਦੇ 41 ਪਰਿਵਾਰਾਂ ਨੂੰ ਸਨਮਾਨਤ ਕੀਤਾ । ਮਾਸਟਰ ਅਸ਼ਵਨੀ ਖੁਡਾਲ ਅਤੇ ਬੀ.ਕੇ.ਯੂ. (ਡਕੌਂਦਾ) ਆਗੂ ਮਹਿੰਦਰ ਕੂਲਰੀਆਂ ਨੇ ਸੰਬੋਧਨ ਕੀਤਾ । 20 ਮੈਗਜ਼ੀਨ ਚੰਦੇ ਕੱਟੇ ਗਏ । ਅਮਨ ਕੂਲਰੀਆਂ, ਜਸਵੀਰ ਰੰਘੜਿਆਲ, ਦਰਸ਼ਨ ਆਜ਼ਾਦ, ਲਾਭ ਸਿੰਘ, ਕਾਲਾ ਟੇਲਰ ਨੇ ਇਨ੍ਹਾਂ ਦੋਵਾਂ ਸਰਗਰਮੀਆਂ ਵਿੱਚ ਵਧ-ਚੜ੍ਹ ਦੇ ਯੋਗਦਾਨ ਪਾਇਆ । ਕਿਤਾਬਾਂ ਦੀ ਸਟਾਲ ਲਗਾਈ ।

ਇਕਾਈ ਲੌਂਗੋਵਾਲ: ਸੈਮੀਨਾਰ : 24 ਮਾਰਚ ਨੂੰ 'ਭਗਤ ਸਿੰਘ ਦੀ ਵਿਚਾਰਧਾਰਾ ਤੇ ਤਰਕਸ਼ੀਲਤਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਸੁਸਾਇਟੀ ਦੇ ਸੂਬਾ ਆਗੂ ਹੇਮ ਰਾਜ ਸਟੈਨੋ ਨੇ ਮੁੱਖ ਬੁਲਾਰੇ ਦੇ ਤੌਰ 'ਤੇ ਸੰਬੋਧਨ ਕੀਤਾ। ਪ੍ਰਧਾਨਗੀ ਮੰਡਲ ਵਿੱਚ ਸੂਬਾ ਆਗੂ ਬਲਬੀਰ ਲੌਂਗੋਵਾਲ, ਪ੍ਰਿ. ਵਰਿੰਦਰ ਸਿੰਘ ਚੀਮਾ, ਪ੍ਰਿ. ਨਾਜਰ ਸਿੰਘ ਚਹਿਲ ਸ਼ਾਮਿਲ ਹੋਏ। ਸ੍ਰੀਮਤੀ ਸੁਨੀਤਾ ਕੰਬੋਜ, ਰਾਜੇਸ਼ ਕੰਬੋਜ, ਮਨਪ੍ਰੀਤ ਬੰਟੀ, ਰਾਜੀਵ ਭੰਮ, ਬੱਗਾ ਨਮੋਲ, ਹਰਕੀਰਤਨ ਨੇ ਉਸਾਰੂ ਤੇ ਇਨਕਲਾਬੀ ਗੀਤ ਪੇਸ਼ ਕੀਤੇ। ਜੁਝਾਰ ਲੌਂਗੋਵਾਲ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਸ੍ਰੀ ਕਮਲਜੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਰਣਜੀਤ ਲੌਂਗੋਵਾਲ, ਬੀਰਬਲ ਸਿੰਘ, ਜਸਵੰਤ ਰਾਏ, ਮਨਦੀਪ ਸੱਦੋਵਾਲ, ਅਮਰੀਕ ਨਮੋਲ, ਮਾ. ਹਰਿੰਦਰਜੀਤ ਸਿੰਘ, ਭੁਪਿੰਦਰ ਸਿੰਘ ਲੌਂਗੋਵਾਲ, ਹਰਦੀਪ ਸਿੰਘ, ਨੀਲਗਿਰੀ, ਬਲਦੇਵ ਮੰਡੇਰ, ਦਮਨਜੀਤ ਕੌਰ ਆਦਿ ਨੇ ਵਿਸ਼ੇ ਨਾਲ ਸਬੰਧਤ ਅਨੇਕਾਂ ਪ੍ਰਸ਼ਨ ਸ੍ਰੀ ਸਟੈਨੋ ਤੋਂ ਪੁੱਛੇ ਤੇ ਅੰਤ 'ਤੇ ਸਲਾਈਟ ਦੇ ਵਿਦਿਆਰਥੀਆਂ ਵੱਲੋਂ 'ਬੁੱਤ ਜਾਗ ਪਿਆ' ਨਾਟਕ ਪੇਸ਼ ਕੀਤਾ ਗਿਆ ਜਿਸ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ।

ਨਾਟਕ ਮੇਲੇ : ਸਾਂਝਾ ਆਸਰਾ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਪਿੰਡ ਲੋਹਾਖੇੜਾ ਅਤੇ ਸ਼ਹੀਦ ਭਗਤ ਸਿੰਘ ਕਲੱਬ ਦੇ ਸਹਿਯੋਗ ਨਾਲ ਪਿੰਡ ਕਿਲਾ ਭਰੀਆਂ ਵਿਖੇ ਨਾਟਕ ਮੇਲਾ ਕਰਵਾਇਆ ਗਿਆ। ਆਵਾਮ ਰੰਗ ਮੰਚ ਲੌਂਗੋਵਾਲ ਨੇ ਇਸ ਮੌਕੇ ਲਖਵੀਰ ਸਿੰਘ, ਸੁਖਪਾਲ ਸਿੰਘ, ਮਨਜੀਤ ਮੰਟੀ ਦੀ ਅਗਵਾਈ ਹੇਠ 'ਨਵਾਂ ਜਨਮ', 'ਸ਼ਹੀਦ ਭਗਤ ਸਿੰਘ', ਕਈ ਕੋਰੀਓਗ੍ਰਾਫੀਆਂ ਅਤੇ ਸਲਾਈਟ ਵਿਦਿਆਰਥੀਆਂ ਨੇ ਨਾਟਕ 'ਬੁੱਤ ਜਾਗ ਪਿਆ' ਖੇਡਿਆ। ਸੁਸਾਇਟੀ ਦੇ ਸੂਬਾ ਆਗੂ ਬਲਬੀਰ ਲੌਂਗੋਵਾਲ ਅਤੇ ਇਕਾਈ ਜਥੇਬੰਦਕ ਮੁਖੀ ਜੁਝਾਰ ਲੌਂਗੋਵਾਲ ਨੇ ਇਸ ਮੌਕੇ ਸੰਬੋਧਨ ਕੀਤਾ। ਸਹਿਯੋਗੀ ਸੰਸਥਾਵਾਂ ਦੇ ਆਗੂਆਂ, ਭੋਲਾ ਸਿੰਘ ਬਟੂਹਾ, ਸਾਬਕਾ ਸਰਪੰਚ ਪ੍ਰਿਥੀ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

ਭਗਤ ਸਿੰਘ ਦੇ ਵਿਚਾਰਾਂ ਸੰਬੰਧੀ ਪਰਚਾ : ਇਹ ਪਰਚਾ 1000 ਦੀ ਗਿਣਤੀ ਵਿੱਚ ਛਪਵਾ ਕੇ ਪਿੰਡ ਲੌਂਗੋਵਾਲ ਅਤੇ ਨੇੜਲੇ ਪਿੰਡਾਂ ਵਿੱਚ ਵੰਡਿਆ ਗਿਆ।

- ਜੁਝਾਰ ਲੌਂਗੋਵਾਲ, ਗੁਰਜੀਤ ਸਿੰਘ

ਇਕਾਈ ਬਠਿੰਡਾ : ਸੈਮੀਨਾਰ 'ਚਮਤਕਾਰ ਦਾ ਵਿਗਿਆਨਕ ਵਿਸ਼ਲੇਸ਼ਣ' : ਜ਼ੋਨ ਬਠਿੰਡਾ ਵੱਲੋਂ ਮੁੱਖ ਪ੍ਰਬੰਧਕ ਇਕਾਈ ਬਠਿੰਡਾ ਦੇ ਸਹਿਯੋਗ ਨਾਲ ਇਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ ਵਕਤਾ ਫੀਰਾ (ਫੈਡਰੇਸ਼ਨ ਆਫ ਇੰਡੀਅਨ ਰੈਸ਼ਨੇਲਿਸ਼ਟ ਐਸੋਸੀਏਸ਼ਨਜ਼) ਦੇ ਪ੍ਰਧਾਨ ਡਾ. ਨਰਿੰਦਰ ਨਾਇਕ ਜੀ ਸਨ।

ਮਾਘੀ ਮੇਲੇ ਮੌਕੇ ਤਰਕਸ਼ੀਲ ਪ੍ਰੋਗਰਾਮ : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕੇ ਦੇ ਇਤਿਹਾਸਕ ਮਾਘੀ ਮੇਲਾ ਜੱਸੀ ਬਾਗਵਾਲੀ ਵਿਖੇ ਤਰਕਸ਼ੀਲ ਸਟੇਜ ਲਾਈ ਗਈ। ਸੰਗੀਤ ਮੰਡਲੀ ਤਲਵੰਡੀ ਸਾਬੋ ਵੱਲੋਂ ਜਗਦੀਪ ਗਿੱਲ ਅਤੇ ਰਾਮ ਰੇਸ਼ਮ ਨਥੇਰਾ ਨੇ ਆਪਣੇ ਸਮਾਜਿਕ ਅਤੇ ਤਰਕਸ਼ੀਲ ਗੀਤਾਂ, ਕਵੀਸਰੀਆਂ ਤੇ ਬੈਂਤਾਂ ਰਾਹੀਂ ਲੋਕ ਮਸਲਿਆਂ ਦੀ ਗੱਲ ਕੀਤੀ। ਸੁਖਮੰਦਰ ਭਾਈ ਰੂਪਾ, ਹਰਦੇਵ ਕਾਲਿਆਂ ਵਾਲੀ, ਵਿਜੈ ਤੇ ਸੁਰਿੰਦਰ ਕੁਮਾਰ ਹੁਰਾਂ ਨੇ ਮੈਜਿਕ ਟ੍ਰਿਕਸ ਵਿਖਾਏ। ਭੂਰਾ ਸਿੰਘ ਮਹਿਮਾ ਸਰਜਾ ਅਤੇ ਰਾਮ ਸਿੰਘ ਨਿਰਮਾਣ ਨੇ ਤਰਕਸ਼ੀਲ ਵਿਚਾਰ ਸਾਂਝੇ ਕੀਤੇ। ਮਾਸਟਰ ਗਿਆਨ ਸਿੰਘ, ਸੁਰਜੀਵਨ ਅਤੇ ਪ੍ਰਿਤਪਾਲ ਹੁਰਾਂ ਨੇ ਕਿਤਾਬਾਂ ਦੀਆਂ ਸਟਾਲਾਂ ਅਤੇ ਪ੍ਰਦਰਸ਼ਨੀ ਦਾ ਡਾ. ਨਿਰਮਲ ਸਿੰਘ, ਬਲਵੀਰ ਸਿੰਘ ਅਤੇ ਬਿੰਦਰ ਨੇ ਪ੍ਰਬੰਧ ਕੀਤਾ। ਮਾਸਟਰ ਜੋਗਿੰਦਰ ਸਿੰਘ ਤੇ ਗਮਦੂਰ ਸਿੰਘ ਵੱਲੋਂ ਸਹਿਯੋਗ ਕੀਤਾ ਗਿਆ।

ਬੱਚੀ ਦੇ ਜਨਮ ਦਿਨ 'ਤੇ : ਬਹੁਤ ਹੀ ਸ਼ਾਂਤ ਸਾਦੇ ਅਤੇ ਅਰਥ ਭਰਪੂਰ ਮਾਹੌਲ 'ਚ ਮਨਾਇਆ ਗਿਆ ਲਖਜਿੰਦਰ ਸਿੰਘ ਅਤੇ ਸਿਮਰਜੀਤ ਕੌਰ ਦੀ ਬੇਟੀ ਕਲਪਨਾ ਮਹਿਕ ਦਾ ਚੌਥਾ ਜਨਮ ਦਿਨ। ਪਿੰਡ ਮਾਂਗਟ ਕੇਰ ਦੇ ਇੱਕ ਕਿਰਤੀ ਤਰਕਸ਼ੀਲ ਸੋਚ ਵਾਲੇ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਿਨਾਂ ਕਿਸੇ ਧਾਰਮਿਕ ਜਾਂ ਰਸ਼ਮੀਂ-ਰਿਵਾਜ ਦੇ ਰਿਸ਼ਤੇਦਾਰਾਂ, ਦੋਸਤਾਂ ਤੇ ਗੁਆਂਢੀਆਂ ਦੀ ਸਮੂਲੀਅਤ ਨਾਲ। ਹਾਜ਼ਰੀਨ ਨੇ ਤਰਕਸ਼ੀਲ ਜਾਦੂਗਰ ਗੁਰਵਿੰਦਰ ਬੜੀ ਅਤੇ ਸ੍ਰੀਮਤੀ ਬੜੀ ਦੀ ਟੀਮ ਦੁਆਰਾ ਪੇਸ਼ ਹੈਰਾਨੀਕੁੰਨ ਮੈਜਿਕ ਸ਼ੋਅ ਦਾ ਆਨੰਦ ਮਾਣਿਆ। ਇਸ ਮੌਕੇ ਤਰਕਸ਼ੀਲ ਆਗੂ ਰਾਮ ਸਿੰਘ ਨਿਰਮਾਣ ਨੇ ਸੰਬੋਧਨ ਕੀਤਾ।

ਟੂਰਨਾਮੈਂਟ ਮੌਕੇ ਤਰਕਸ਼ੀਲ ਪ੍ਰੋਗਰਾਮ : ਪਿੰਡ ਸਰਦਾਰਗੜ੍ਹ ਦੇ ਤਰਕਸ਼ੀਲ ਮੈਂਬਰਾਂ ਵੱਲੋਂ ਮਾਸਟਰ ਜੋਗਿੰਦਰ ਸਿੰਘ, ਜਸਵਿੰਦਰ ਸਿੰਘ ਅਤੇ ਪਿੰਡ ਵਿੱਚ ਖੇਡ ਮੇਲਾ ਕਰਵਾਉਣ ਵਾਲੇ ਅਗਾਂਹ ਵਧੂ ਸੋਚ ਦੇ ਨੌਜੁਆਨਾਂ ਦੇ ਯਤਨਾਂ ਸਦਕਾ ਸਰਕਾਰੀ ਸੈਕੰਡਰੀ ਸਕੂਲ ਦੇ ਖੇਡ ਸਟੇਡੀਅਮ ਵਿੱਚ ਟੂਰਨਾਮੈਂਟ ਦੀ ਸ਼ੁਰੂਆਤ ਸਮੇਂ ਸਵੇਰੇ ਸਾਢੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਇਕਾਈ ਬਠਿੰਡਾ ਵੱਲੋਂ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ ਜਿਸ ਦਾ ਆਗਾਜ਼ ਲੋਕ ਸੰਗੀਤ ਮੰਡਲੀ ਜੀਦਾ ਵੱਲੋਂ ਸਮਾਜਿਕ, ਸਭਿਆਚਾਰਕ ਤਰਕਸ਼ੀਲ ਗੀਤ ਸੰਗੀਤ ਨਾਲ ਕੀਤਾ। ਸੁਖਦੇਵ ਮਲੂਕਪੁਰੀ ਦੀ ਟੀਮ ਵੱਲੋਂ ਮੈਜਿਕ ਸ਼ੋਅ ਵਿਖਾਇਆ ਗਿਆ। ਨੌਜੁਆਨਾਂ ਨੂੰ ਨਸ਼ਿਆਂ ਦੇ ਖਤਰਨਾਕ ਰੁਝਾਨ ਤੋਂ ਸੁਚੇਤ ਕਰਦੀ ਕੋਰੀਓਗ੍ਰਾਫੀ ਤੇ

ਹੋਰ ਸਮਾਜਿਕ ਬੁਰਾਈਆਂ ਖਿਲਾਫ਼ ਲੋਕ ਕਲਾ ਮੰਚ ਨਥਾਣਾ ਦੀ ਟੀਮ ਨੇ ਐਕਸ਼ਨ ਗੀਤ/ਕੋਰੀਓਗ੍ਰਾਫੀ ਪੇਸ਼ ਕੀਤੇ । ਸਟੇਜ ਸੰਚਾਲਨ ਦੇ ਨਾਲ-ਨਾਲ ਤਰਕਸ਼ੀਲ ਵਿਚਾਰ ਰਾਮ ਸਿੰਘ ਨਿਰਮਾਣ ਜਥੇਬੰਦਕ ਮੁਖੀ ਇਕਾਈ ਬਠਿੰਡਾ ਵੱਲੋਂ ਰੱਖੇ ਗਏ ।

- ਰਾਮ ਸਿੰਘ ਨਿਰਮਾਣ

***ਇਕਾਈ ਮੌੜ :* ਜਾਗ੍ਰਤੀ ਕੈਂਪ** : ਯੁਵਕ ਸੇਵਾਵਾਂ ਕਲੱਬ ਅਤੇ ਨਗਰ ਨਿਵਾਸੀ ਘੁੰਮਣ ਕਲਾਂ ਦੇ ਉੱਦਮੀ ਨੌਜਵਾਨ ਗੁਰਮੀਤ ਸਿੰਘ ਫੌਜੀ ਵੱਲੋਂ ਤਿੰਨ ਦਿਨਾਂ ਜਾਗ੍ਰਤੀ ਕੈਂਪ ਲਾਇਆ ਗਿਆ ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਰੱਖੇ । ਦੋ ਦਿਨ ਤਰਕਸ਼ੀਲ ਸਾਹਿਤ ਦੀ ਸਟਾਲ ਵੀ ਲਾਈ ਗਈ ਅਤੇ ਤਰਕਸ਼ੀਲ ਬੁਲਾਰੇ ਵਜੋਂ ਸਾਥੀ ਬਲਰਾਜ ਮੌੜ ਨੇ ਆਪਣੇ ਵਿਚਾਰ ਪੇਸ਼ ਕੀਤੇ । ਚਾਰ ਮੈਗਜ਼ੀਨ ਚੰਦੇ ਲਾਏ ਤੇ 1800 ਰੁਪਏ ਦਾ ਸਾਹਿਤ ਵੀ ਵੇਚਿਆ ਗਿਆ । ਕੈਂਪ ਦੌਰਾਨ ਤਿੰਨ ਦਿਨ ਸਟੇਜ ਸੰਚਾਲਨ ਸੁਖਪਾਲ ਸਿੰਘ ਭੁੱਲਰ ਵੱਲੋਂ ਕੀਤਾ ਗਿਆ । ਸਮੁੱਚੇ ਰੂਪ ਵਿੱਚ ਸੁਸਾਇਟੀ ਇਸ ਕੈਂਪ ਵਿੱਚ ਆਪਣਾ ਪ੍ਰਭਾਵ ਛੱਡਣ ਵਿੱਚ ਸਫਲ ਰਹੀ । ਯੂਨਿਟ ਮੌੜ ਵੱਲੋਂ ਸਾਥੀ ਹਰਬੰਸ ਕੁੱਬੇ, ਜਰਨੈਲ ਮੌੜ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ ।

ਤਰਕਸ਼ੀਲ ਮੇਲਾ : ਬਾਬਾ ਚੈਨ ਸਿੰਘ ਕਲੱਬ ਬੁਰਜ ਵੱਲੋਂ ਪਹਿਲਾ ਨਸ਼ਾ ਵਿਰੋਧੀ ਤਰਕਸ਼ੀਲ ਮੇਲਾ ਕਰਵਾਇਆ ਗਿਆ । ਹਰਵਿੰਦਰ ਦਿਵਾਨਾ ਬਰਨਾਲਾ ਦੀ ਟੀਮ ਵੱਲੋਂ ਨਾਟਕ 'ਅਵੇਸਲੇ ਯੁੱਧਾਂ ਦੀ ਨਾਇਕਾ' ਅਤੇ ਕੋਰੀਓਗ੍ਰਾਫੀਆਂ ਰਾਹੀਂ ਆਪਣੀ ਹਾਜ਼ਰੀ ਲਵਾਈ ਗਈ । ਮੇਲੇ ਨੂੰ ਹਰਪ੍ਰੀਤ ਸਿੰਘ ਸਾਬਕਾ ਸਰਪੰਚ, ਹਰਵਿੰਦਰ ਸਿੰਘ ਕਾਕਾ ਸਰਪੰਚ ਅਤੇ ਲੀਲੂ ਸਿੰਘ ਜੈਦ ਨੇ ਵਿਸ਼ੇਸ਼ ਸਹਿਯੋਗ ਦਿੱਤਾ ਗਿਆ । ਹਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਲਖਵਿੰਦਰ ਸਿੰਘ, ਹਰਪਿੰਦਰ ਸਿੰਘ, ਫੁਲਬੀਰ ਸਿੰਘ, ਜਗਰਾਜ ਸਿੰਘ, ਗੁਰਬਿੰਦਰ ਸਿੰਘ ਆਦਿ ਉਦਮੀ ਨੌਜਵਾਨਾਂ ਦੇ ਸਹਿਯੋਗ ਨਾਲ ਇਹ ਮੇਲਾ ਸਿਰੇ ਚਾੜ੍ਹਿਆ ਗਿਆ । ਇਕਾਈ ਮੌੜ ਵੱਲੋਂ ਕਿਤਾਬਾਂ ਦੀ ਸਟਾਲ ਲਾਈ ਗਈ ਅਤੇ ਯੂਨਿਟ ਮੌੜ ਲਈ ਤਿੰਨ ਨਵੇਂ ਮੈਂਬਰਾਂ ਨੇ ਮੈਂਬਰਸ਼ਿਪ ਲਈ । ਸਟੇਜ ਸੰਚਾਲਨ ਸਾਥੀ ਬਲਰਾਜ ਮੌੜ ਵੱਲੋਂ ਕੀਤਾ ਗਿਆ । ਹਰਨੇਕ ਮੌੜ ਅਤੇ ਹਰਬੰਸ ਕੁੱਬੇ ਵੱਲੋਂ ਤਰਕਸ਼ੀਲ ਸਾਹਿਤ ਲਈ ਸਹਿਯੋਗ ਦਿੱਤਾ ਗਿਆ।

- ਬਲਰਾਜ ਮੌੜ

***ਜ਼ੋਨ ਬਠਿੰਡਾ :* ਤਰਕਸ਼ੀਲ ਕਾਨਫਰੰਸ** : ਹਰ ਸਾਲ ਦੀ ਤਰ੍ਹਾਂ ਇਕਾਈ ਬਠਿੰਡਾ, ਤਲਵੰਡੀ ਸਾਬੋ, ਭਾਗੀਵਾਂਦਰ ਅਤੇ ਇਕਾਈ ਮੌੜ ਦੇ ਸਹਿਯੋਗ ਨਾਲ ਵਿਸਾਖੀ ਮੇਲਾ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਤਰਕਸ਼ੀਲ ਕਾਨਫਰੰਸ ਕਰਵਾਈ ਗਈ ਜਿਸ ਵਿੱਚ ਤਰਕਸ਼ੀਲ ਨਾਟਕ, ਕੋਰੀਓਗ੍ਰਾਫੀਆਂ, ਜਾਦੂ ਦੇ ਟਰਿਕ, ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਅਤੇ ਸਟਾਲ ਲਗਾਈ ਗਈ । ਕਾਨਫਰੰਸ ਵਿੱਚ ਭਾਰੀ ਗਿਣਤੀ ਵਿੱਚ ਜੁੜੇ ਲੋਕਾਂ ਦੇ ਇਕੱਠ ਨੂੰ ਜ਼ੋਨ ਬਠਿੰਡਾ ਦੇ ਜਥੇਬੰਦਕ ਆਗੂ ਰਣਜੀਤ ਸਿੰਘ, ਮਾਸਟਰ ਅਜੈਬ ਸਿੰਘ ਜਲਾਲਆਣਾ ਅਤੇ ਸ. ਭੂਰਾ ਸਿੰਘ ਮਹਿਮਾ ਸਰਜਾ ਤੋਂ ਇਲਾਵਾ ਇਕਾਈ ਬਠਿੰਡਾ ਦੇ ਆਗੂ ਰਾਮ ਸਿੰਘ ਨਿਰਮਾਣ, ਇਕਾਈ ਤਲਵੰਡੀ ਸਾਬੋ ਦੇ ਐਡਵੋਕੇਟ ਅਵਤਾਰ ਸਿੰਘ, ਦਰਸ਼ਨ ਬਾਈ, ਮੌੜ ਇਕਾਈ ਦੇ ਬਲਰਾਜ ਸਿੰਘ, ਇਕਾਈ ਭਾਗੀ ਵਾਂਦਰ ਦੇ ਯੋਗਰਾਜ ਸਿੰਘ ਅਤੇ ਹਰਦੇਵ ਸਿੰਘ ਕਾਲਿਆਂਵਾਲੀ ਨੇ ਸੰਬੋਧਨ ਕੀਤਾ । ਦੋ ਦਿਨ ਅਤੇ ਇੱਕ ਰਾਤ ਚੱਲੇ ਇਸ ਮੇਲੇ ਦੇ ਪ੍ਰਬੰਧ ਨੂੰ ਸਫਲ ਕਰਨ ਲਈ ਇਕਾਈ ਬਠਿੰਡਾ ਤੋਂ ਮਾਸਟਰ ਗਿਆਨ ਸਿੰਘ, ਮਾ. ਸਰਜੀਵਨ ਕੁਮਾਰ, ਮਾ. ਜੋਗਿੰਦਰ ਸਿੰਘ, ਮਾ. ਗਮਦੂਰ ਸਿੰਘ, ਸੁਰਿੰਦਰ ਕੁਮਾਰ, ਬਿਕਰਮਜੀਤ, ਕੇਵਲ ਕ੍ਰਿਸ਼ਨ, ਹਾਕਮ ਸਿੰਘ, ਹਰਨੇਕ ਸਿੰਘ, ਭਾਗ ਸਿੰਘ, ਬੁੱਧ ਸਿੰਘ, ਪ੍ਰਿਤਪਾਲ ਸਿੰਘ, ਕੇਵਲ ਕ੍ਰਿਸ਼ਨ ਬੱਬੂ, ਜੋਗਿੰਦਰ ਸਿੰਘ ਜਿਲੇਦਾਰ, ਹਰਜਿੰਦਰ ਸਿੰਘ ਤਲਵੰਡੀ, ਦੀਪਇੰਦਰ ਤੇ ਕੇਵਲ ਭਾਗੀਵਾਂਦਰ, ਮੌੜ ਦੇ ਹਰਨੇਕ ਸਿੰਘ, ਹਰਬੰਸ ਕੁੱਬੇ ਤੇ ਹਰਦੀਪ ਲਾਲੀ ਹੋਰਾਂ ਨੇ ਅਹਿਮ ਰੋਲ ਨਿਭਾਇਆ । ਇਸ ਮੌਕੇ ਮੇਲੇ ਤੇ ਪਹੁੰਚੇ ਦਰਸ਼ਕਾਂ ਨੇ ਤਰਕਸ਼ੀਲ ਸਾਹਿਤ ਖਰੀਦਣ ਵਿੱਚ ਬਹੁਤ ਦਿਲਚਸਪੀ ਦਿਖਾਈ ਜਿਸ ਦੌਰਾਨ ਲਗਭਗ 20000/-ਰੁਪਏ ਦਾ ਤਰਕਸ਼ੀਲ ਸਾਹਿਤ ਵਿਕਿਆ ।

- ਕੇਵਲ ਕ੍ਰਿਸ਼ਨ

***ਇਕਾਈ ਸੁਨਾਮ :* ਸੈਮੀਨਾਰ** : ਨੌਜਵਾਨ ਵਿਦਿਆਰਥੀਆਂ ਨੂੰ ਅਗਾਂਹਵਧੂ ਵਿਗਿਆਨਕ ਵਿਚਾਰਾਂ ਨਾਲ ਜੋੜਣ ਦੇ ਉਦੇਸ਼ ਨਾਲ ਹਰ ਸਾਲ ਦੀ ਤਰ੍ਹਾਂ ਸ਼ਿਵਮ ਕਾਲਜ ਆਫ ਐਜੂਕੇਸ਼ਨ ਖੋਖਰ ਕਲਾਂ ਵਿਖੇ ਸਮੂਹ ਕਾਲਜ ਸਟਾਫ ਦੇ ਸਹਿਯੋਗ ਨਾਲ ਸੈਮੀਨਾਰ ਕੀਤਾ ਗਿਆ ਜਿਸ ਵਿੱਚ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਨਾਲ ਤਰਕਸ਼ੀਲ ਵਿਚਾਰ ਸਾਂਝੇ ਕੀਤੇ ਗਏ । ਮੁੱਖ ਬੁਲਾਰੇ ਹਰਿੰਦਰ ਲਾਲੀ ਨੇ ਅੰਧ-ਵਿਸਵਾਸ਼ਾਂ ਅਤੇ ਵਹਿਮਾਂ-ਭਰਮਾਂ ਤੋਂ ਬਚਣ ਲਈ ਪ੍ਰੇਰਿਆ ਅਤੇ ਤਰਕਸ਼ੀਲਾਂ ਦੀਆਂ 23 ਸ਼ਰਤਾਂ ਬਾਰੇ ਜਾਣਕਾਰੀ ਦਿੱਤੀ ਅਤੇ ਅਖੀਰ ਵਿੱਚ ਸਵਾਲਾਂ-ਜਵਾਬਾਂ ਦਾ ਦੌਰ ਵੀ ਚੱਲਿਆ ਜਿਸ ਵਿੱਚ ਹੋਈ ਬਹਿਸ ਵਿੱਚ ਕਾਫੀ ਵਿਦਿਆਰਥੀਆਂ ਨੇ ਬੜੀ ਗਰਮਜੋਸ਼ੀ ਨਾਲ ਭਾਗ ਲਿਆ । ਪ੍ਰਿੰਸੀਪਲ ਸ੍ਰੀ ਤਪਨ ਸਾਹੂ ਨੇ ਸਭਨਾਂ ਦਾ ਧੰਨਵਾਦ ਵੀ ਕੀਤਾ । ਕਾਲਜ ਵੱਲੋਂ ਤਰਕਸ਼ੀਲਾਂ ਦਾ ਸਨਮਾਨ ਕੀਤਾ ਗਿਆ ਅਤੇ ਤਰਕਸ਼ੀਲ ਰਸਾਲੇ ਦਾ ਚੰਦਾ ਵੀ ਰਿਨਿਊ ਕੀਤਾ ਗਿਆ ।

-ਰਾਜ ਬਲਵਿੰਦਰ

ਮਈ ਦਿਵਸ ਤੇ..

ਹਾਸ਼ੀਏ ਦਾ ਹਾਉਕਾ

ਮਦਨ ਵੀਰਾ

ਬੁੱਤ ਬਣਕੇ ਖੜ੍ਹਾ ਚੌਰਾਹੇ ਤੇ
ਕੁਝ ਝਿਜਕ ਰਿਹਾ ਕੁਝ ਸੰਗ ਰਿਹਾ
ਹਰ ਆਉਂਦੇ ਜਾਂਦੇ ਚਿਹਰੇ ਚੋਂ
ਹਰ ਲੰਘਦੇ ਵੜਦੇ ਬੰਦੇ ਚੋਂ
ਇਹ ਬੰਦਾ ਹੈ ਕੁਝ ਅੰਗ ਰਿਹਾ
ਕੁਝ ਢੂੰਡ ਰਿਹਾ ਕੁਝ ਮੰਗ ਰਿਹਾ
ਪੁੱਛੋ ਇਹ ਕੀ ਹੈ ਭਾਲ ਰਿਹਾ?
ਦੱਸੋ ਇਹ ਕੀ ਹੈ ਟੋਲ ਰਿਹਾ?
ਮੁੜ੍ਹਕੇ 'ਚੋਂ ਰੋਟੀ ਭਾਲਦਿਆਂ
ਆਪਣੇ ਬੋਟਾਂ ਨੂੰ ਪਾਲਦਿਆਂ
ਤਿੱਖੀਆਂ ਧੁੱਪਾਂ ਵਿੱਚ ਸੜ ਜਾਵੇ
ਅੰਗ ਪੱਛਦੇ ਪੋਹ ਦੇ ਪਹਿਰਾਂ ਵਿੱਚ
ਸਾਹ ਰੁਕ ਜਾਵੇ ਲਹੂ ਜੰਮ ਜਾਵੇ
ਪਰ ਇਸ ਦੀਆਂ ਨਜ਼ਰਾਂ ਨਾ ਥੰਮਣ
ਇਹ ਪੀਡਾ-ਪੱਕਾ ਘਸਮੈਲਾ
ਦੱਸੋ ਕੀ ਚੌਂਕ 'ਚੋਂ ਟੋਲ ਰਿਹਾ?
ਇਹ ਨੂੰ ਕਹੋ ਜਮਾਨਾ ਬਦਲ ਗਿਆ।
ਮੰਡੀ ਨਹੀਂ ਲੱਗਦੀ ਬੰਦਿਆਂ ਦੀ
ਇਹ ਨਵੇਂ ਜਮਾਨੇ ਆਏ ਨੇ
ਹੁਣ ਵੰਡ ਨਹੀਂ ਹੁੰਦੀ ਧੰਦਿਆਂ ਦੀ
ਕਾਲੇ ਗੋਰੇ ਦਾ ਰੱਫੜ ਨਹੀਂ
ਕੋਈ ਦਾਬੂ ਨਹੀਂ
ਕੋਈ ਧੱਕੜ ਨਹੀਂ
ਭਾਈ 'ਲੋਕ ਰਾਜ' ਦਾ ਪਹਿਰਾ ਹੈ
ਪਰ ਤੂੰ ਕਿਉਂ ਗੂੰਗਾ ਬਹਿਰਾ ਹੈ।
ਇਹ ਅੰਨ੍ਹਾ ਕੀ ਹੈ ਟੋਲ ਰਿਹਾ?
ਇਹ ਬੇ-ਜੀਭਾ ਕੀ ਬੋਲ ਰਿਹਾ?
ਬਈ ਵਤਨ ਤਰੱਕੀ ਦੇ ਰਾਹ ਤੇ
ਉੱਠ ਬਣਦਾ ਹਿੱਸਾ ਤੂੰ ਵੀ ਪਾ
ਨੀਲੇ ਪੀਲੇ ਜਾਂ ਕਿਸੇ ਰੰਗ ਦੇ
ਕਿਸੇ ਧੜੇ ਵਿੱਚ ਸ਼ਾਮਿਲ ਤੂੰ ਹੋ ਜਾ
ਬੜੀ ਲੋੜ ਹੈ ਤੇਰੀ ਧਰਮਾਂ ਨੂੰ
ਬੜੀ ਲੋੜ ਹੈ ਤੇਰੀ ਧੜ੍ਹਿਆਂ ਨੂੰ
ਨਾ ਰੰਜ਼ ਕਰ ਅੜ੍ਹਿਆ ਤੂੰ
ਉੱਠ ਵੇਲਾ ਹੈ-ਮੌਕਾ ਨਾ ਗਵਾ
ਕਿਸੇ ਧਰਮ ਧੜੇ ਵਿੱਚ
ਜਾ ਰਲ ਜਾ.......
ਚੋਣਾਂ ਦਾ ਮੌਸਮ ਸਿਰ ਤੇ ਹੈ
ਰੁੱਤ ਆਉਣੇ ਵਾਲੀ ਵੋਟਾਂ ਦੀ
ਹਰ ਸ਼ਹਿਰ ਵਿੱਚ ਦੰਗੇ ਹੋਣੇ ਨੇ
ਬਰਸਾਤ ਹੋਵੇਗੀ ਨੋਟਾਂ ਦੀ
ਹਰ ਸਿਰ ਦੀ ਕੀਮਤ ਪੱਕੀ ਹੈ
ਤੂੰ ਨਾ ਕਰ ਚਿੰਤਾ ਚੋਟਾਂ ਦੀ
ਤੇਰਾ ਸਿਰ ਧਰਮ ਦੀ ਭੇਟਾ ਹੈ
ਤੇਰਾ ਧੜ ਕੌਮ ਦੇ ਲੇਖੇ ਹੈ
ਉੱਠ ਭੇਟ ਚੜ੍ਹਾ
ਉੱਠ ਲੇਖੇ ਲਾ.....
ਇਹ ਧਰਮ ਧੜ੍ਹੇ ਦੇ ਝੰਡੇ ਨੇ
ਪਾਣ ਚੜ੍ਹਾਏ ਖੰਜ਼ਰ ਨੇ
ਸਾਣ ਤੇ ਲਾਏ ਖੰਡੇ ਨੇ
ਕਾਫ਼ਰ 'ਤੇ ਚਲਾ ਦੁਸ਼ਟਾਂ ਤੇ ਚਲਾ
ਲਹੂਆਂ ਦੀ ਸ਼ਹਿਰ ਵਿੱਚ ਨਹਿਰ ਵਗਾ
ਵਗਦੀ ਗੰਗਾ ਵਿੱਚ ਹੱਥ ਧੋ ਲਾ
ਚਲ ਬੀੜੀ ਬੁਝਾ ਤੇ ਬਸਤੀ ਜਲ੍ਹਾ
ਆਪਣੇ ਆਕਾ ਦਾ ਹੁਕਮ ਵਜ੍ਹਾ....
ਇੱਥੇ ਬੈਠਾ ਕੀ ਸੋਚ ਰਿਹਾ?
ਇੱਥੇ ਬੈਠਾ ਕੀ ਭਾਲ ਰਿਹਾ
ਹੱਥ ਹੈ ਆਇਆ ਮੌਕਾ ਟਾਲ ਰਿਹਾ
ਬੀੜੀ ਤੇ ਬੀੜੀ ਬਾਲ ਰਿਹਾ।



ਜਿਲਦ-14 Volume 14 ਰਜਿ: ਨੰ: **PUNPUN/2000/5393** ਅੰਕ : 3 Issue : 3



ਨਵੀਂ ਚੁਣੀ ਗਈ ਸੂਬਾ ਕਮੇਟੀ



ਇਜਲਾਸ ਦੌਰਾਨ ਡੈਲੀਗੇਟ



ਸਮਰਪਿਤ ਭਾਵਨਾ ਨਾਲ ਸਾਹਿਤ ਦਾ ਪ੍ਰਚਾਰ ਕਰਨ ਤੇ ਤਰਕਸ਼ੀਲ ਕਾਰਕੁੰਨ ਸੁਖਵਿੰਦਰ ਪਟਿਆਲਾ ਦਾ ਸੂਬਾ ਕਮੇਟੀ ਵੱਲੋਂ ਸਨਮਾਨ



ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਮੁੱਖ ਬੁਲਾਰੀ ਸਾਰਾ ਇਬਰਾਹਿਮ ਦਾ ਸਨਮਾਨ



ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਇਸਤਰੀ ਦਿਵਸ ਤੇ ਕਰਵਾਏ ਸੈਮੀਨਾਰ ਵਿੱਚ ਸ਼ਾਮਿਲ ਔਰਤਾਂ



ਤਲਵੰਡੀ ਸਾਬੋ ਵਿਖੇ ਤਰਕਸ਼ੀਲ ਕਾਨਫਰੰਸ ਮੌਕੇ ਤਰਕਸ਼ੀਲ ਗੀਤ ਪੇਸ਼ ਕਰ ਰਹੀਆਂ ਵਿਦਿਆਰਥਣਾਂ

If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....